# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 3 (ਸਮਾਜ ਵਿਗਿਆਨ) ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ ਯੂਨਿਟ : 1

ਪਾਠ ਨੰ.


1.1 : ਸਮਾਜਿਕ ਖੋਜ ਦਾ ਅਰਥ ਅਤੇ ਇਸਦੇ ਪੜਾਅ

1.2 : ਵਿਗਿਆਨਕ ਵਿਧੀ

1.3 : ਪਰਿਕਲਪਨਾ : ਅਰਥ, ਕਿਸਮਾਂ, ਕਾਰਜ ਅਤੇ ਸੋਮੇ

1.4 : ਡੇਟਾ ਇੱਕਠਾ ਕਰਨ ਦੀਆਂ ਵਿਧੀਆਂ : ਨਿਰੀਖਣ

1.5 : ਇੰਟਰਵਿਊ

1.6 : ਪ੍ਰਸ਼ਨਾਵਲੀ ਅਤੇ ਇੰਟਰਵਿਊ ਸਾਰਣੀ


**Department website : www.pbidde.org**

ਪਾਠ ਨੰਬਰ : 1.1 ਲੇਖਿਕਾ : ਡਾ. ਹਰਿੰਦਰ ਕੌਰ

# ਸਮਾਜਿਕ ਖੋਜ ਦਾ ਅਰਥ ਅਤੇ ਇਸਦੇ ਪੜਾਅ
## (Social Research : Meaning and Steps)

**ਬਣਤਰ :**


1.0 ਉਦੇਸ਼
1.1 ਜਾਣ-ਪਛਾਣ
1.2 ਪਰਿਭਾਸ਼ਾਵਾਂ
1.3 ਖੋਜ ਦੇ ਅੰਗ
1.4 ਖੋਜ ਦੇ ਪੜਾਅ
1.4.1 ਖੋਜ ਸਮੱਸਿਆ ਦੀ ਚੋਣ
1.4.2 ਸੰਕਲਪਾਂ ਜਾਂ ਧਾਰਨਾਵਾਂ ਦੀ ਪਰਿਭਾਸ਼ਾ
1.4.3 ਸੰਬੰਧਿਤ ਸਾਹਿਤ ਦਾ ਅਧਿਐਨ
1.4.4 ਪਰਿਕਲਪਨਾਵਾਂ ਦਾ ਨਿਰਮਾਣ
1.4.5 ਸਮੱਗਰੀ ਇਕੱਠੀ ਕਰਨਾ
1.4.5.1 ਸਾਰਣੀ
1.4.5.2 ਪ੍ਰਸ਼ਨਾਵਲੀ
1.4.5.3 ਇੰਟਰਵਿਊ
1.4.5.4 ਨਿਰੀਖਣ
1.4.5.5 ਦਸਤਾਵੇਜ਼ੀ ਸਰੋਤ
1.4.6 ਐਡਿਟਿੰਗ ਅਤੇ ਕੋਡਿੰਗ
1.4.7 ਪ੍ਰੋਸੈਸਿੰਗ ਕਰਨਾ
1.4.8 ਵਿਸ਼ਲੇਸ਼ਣ ਕਰਨਾ
1.4.9 ਰਿਪੋਰਟ ਲਿਖਣਾ
1.5 ਸਾਰ
1.6 ਮੁੱਖ ਸ਼ਬਦ
1.7 ਅਭਿਆਸ ਲਈ ਪ੍ਰਸ਼ਨ
1.8 ਪੁਸਤਕ ਸੂਚੀ


## 1.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

- ਖੋਜ ਦਾ ਅਰਥ ਸਮਝ ਸਕੋ।
- ਸਮਾਜਿਕ ਖੋਜ ਨੂੰ ਪਰਿਭਾਸ਼ਤ ਕਰ ਸਕੋ।
- ਖੋਜ ਦੇ ਵੱਖ-ਵੱਖ ਪੜਾਵਾਂ ਨੂੰ ਕ੍ਰਮਬੱਧ ਤਰੀਕੇ ਨਾਲ ਬਿਆਨ ਕਰ ਸਕੋ।

## 1.1 ਜਾਣ-ਪਛਾਣ : ਖੋਜ ਦਾ ਅਰਥ

ਹਰੇਕ ਵਿਅਕਤੀ ਆਪਣੇ ਆਲੇ-ਦੁਆਲੇ ਨੂੰ ਆਪਣੀਆਂ ਸਮੱਸਿਆਵਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਅਤੇ ਉਸ ਵਿੱਚ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਪ੍ਰਵਿਰਤੀ ਹੁੰਦੀ ਹੈ। ਜਦੋਂ ਔਕੜਾਂ ਦਾ ਹੱਲ ਅਤੇ ਵਾਤਾਵਰਣ ਦੀ ਸਮਝ ਕਿਸੇ ਤਰਤੀਬ, ਜ਼ਬਤ, ਨਿਯੰਤਰਣ ਅਤੇ ਦਿਸ਼ਾ ਅਨੁਸਾਰ ਕੀਤੀ ਜਾਂਦੀ ਹੈ ਤਾਂ ਇਸ ਯਤਨ ਨੂੰ ਖੋਜ ਕਿਹਾ ਜਾਂਦਾ ਹੈ। ਖੋਜ ਦਾ ਉਚੇਚਾ ਢੰਗ ਹੁੰਦਾ ਹੈ, ਉਦੇਸ਼ ਹੁੰਦਾ ਹੈ ਅਤੇ ਕੁਝ ਬੰਦਸ਼ਾਂ, ਨਿਯਮ ਤੇ ਅਸੂਲ ਹੁੰਦੇ ਹਨ। ਇਹ ਅਨੁਮਾਨ ਜਾਂ ਤੀਰ-ਤੁੱਕੇ ਨਹੀਂ ਹੁੰਦੇ।

ਖੋਜ ਅੰਗਰੇਜ਼ੀ ਦੇ ਸ਼ਬਦ (Research) ਦਾ ਅਰਥ ਹੈ ਕਿ ਜੋ ਕੰਮ ਲਿਆ ਹੈ, ਉਸਦੀ ਵਾਰ-ਵਾਰ ਜਾਂਚ ਕਰਨੀ। ਭਾਵ ਖੋਜੀ ਖੇਤਰ ਵਿੱਚ ਜੋ ਨਤੀਜੇ ਜਾਂ ਸਿਧਾਂਤ ਪ੍ਰਵਾਨ ਹੋ ਚੁੱਕੇ ਹਨ, ਉਨ੍ਹਾਂ ਦੀ ਦੁਬਾਰਾ ਜਾਂਚ-ਪੜਤਾਲ ਕਰਨੀ, ਕਿਉਂਕਿ ਬਦਲਦੀਆਂ ਹਾਲਤਾਂ ਜਾਂ ਪ੍ਰਸਥਿਤੀਆਂ ਵਿੱਚ ਸਮਾਜਿਕ ਵਿਗਿਆਨਾਂ ਦੀ ਪਹਿਲਾਂ ਕੀਤੀ ਹੋਈ ਖੋਜ ਦੀ ਸਾਰਥਿਕਤਾ ਵੀ ਘਟਦੀ ਰਹਿੰਦੀ ਹੈ। ਪੁਰਾਣੇ ਸਿਧਾਂਤ ਜੋ ਮੌਜੂਦਾ ਸਮਾਜਿਕ ਸੱਚਾਈਆਂ ਨੂੰ ਸੰਮਲਿਤ ਕਰਨ ਤੇ ਯੋਗ ਨਹੀਂ ਰਹੇ, ਉਨ੍ਹਾਂ ਦੀ ਦੁਬਾਰਾ ਛਾਣ-ਬੀਣ ਕਰਕੇ ਉਨ੍ਹਾਂ ਦੀ ਜਗ੍ਹਾ ਨਵੇਂ ਸਿਧਾਂਤ ਤਿਆਰ ਕਰਨਾ ਹੀ ਖੋਜ ਦਾ ਕੰਮ ਹੈ, ਪਰੰਤੂ ਇਹ ਸਿਧਾਂਤ ਪੁਰਾਣੇ ਸਿਧਾਂਤਾਂ ਦੀ ਲੋਅ ਵਿੱਚ ਹੀ ਘੜੇ ਜਾ ਸਕਦੇ ਹਨ ਜਾਂ ਕਹਿ ਲਵੋ ਕਿ ਉਨ੍ਹਾਂ ਤੇ ਹੀ ਆਧਾਰਿਤ ਹੁੰਦੇ ਹਨ।

## 1.2 ਪਰਿਭਾਸ਼ਾਵਾਂ :

**ਵੈਬਸਟਰ ਇੰਟਰਨੈਸ਼ਨਲ ਡਿਕਸ਼ਨਰੀ** ਅਨੁਸਾਰ, ''ਖੋਜ ਸਿਧਾਂਤਾਂ ਅਤੇ ਤੱਥਾਂ ਨੂੰ ਜਾਨਣ ਲਈ ਇੱਕ ਧਿਆਨ-ਪੂਰਵਕ, ਆਲੋਚਨਾਤਮਕ ਪੁਣ-ਛਾਣ ਜਾਂ ਇਮਤਿਹਾਨ ਹੈ। ਕਿਸੇ ਚੀਜ਼ ਨੂੰ ਯਕੀਨੀ ਬਣਾਉਣ ਲਈ ਮੇਹਨਤਾਨਾ ਛਾਣਬੀਣ ਹੈ।''

**ਔਕਸਫੋਰਡ ਡਿਕਸ਼ਨਰੀ** ਅਨੁਸਾਰ, ''ਖੋਜ ਦਾ ਅਰਥ ਹੈ ਕਿਸੇ ਵਿਸ਼ੇ ਵਿੱਚ ਕਿਸੇ ਉਦੇਸ਼ ਪੂਰਤੀ ਲਈ ਧਿਆਨ ਭਰਪੂਰ ਪੜਤਾਲ ਜਾਂ ਪੁੱਛ-ਗਿੱਛ, ਨਵੇਂ ਤੱਥਾਂ ਦਾ ਜਾਂ ਪੁਰਾਣੇ ਤੱਥਾਂ ਦੇ ਨਵੇਂ ਅੰਗਾਂ 'ਚ ਵਿਗਿਆਨ ਢੰਗ ਨਾਲ ਅਵਿਸ਼ਕਾਰ ਕਰਨ ਦਾ ਯਤਨ ਅਤੇ ਪੜਚੋਲਾਤਮਕ ਤਫ਼ਤੀਸ਼ ਦੀ ਪ੍ਰਕ੍ਰਿਆ।''

**ਪੀ.ਵੀ. ਯੰਗ** ਅਨੁਸਾਰ, ''ਸਮਾਜਿਕ ਖੋਜ ਨੂੰ ਅਸੀਂ ਪੁਰਾਣੇ ਤੱਥਾਂ ਦੀ ਪੜਤਾਲ ਕਰਦਿਆਂ, ਨਵੇਂ ਤੱਥ ਉਨ੍ਹਾਂ ਦੇ ਅਨੁਕ੍ਰਮ, ਆਪਸੀ ਰਿਸ਼ਤਾ, ਕਾਰਨਵਾਦੀ ਸਪੱਸ਼ਟੀਕਰਨ ਅਤੇ ਕੁਦਰਤੀ ਕਾਨੂੰਨ ਜੋ ਉਨ੍ਹਾਂ ਨੂੰ ਕਾਬੂ ਵਿੱਚ ਰੱਖਦੇ ਹਨ, ਦੀ ਖੋਜ ਕਰਨ ਦਾ ਨਿਯਮਿਤ ਢੰਗ ਕਹਿ ਸਕਦੇ ਹਾਂ।''

**ਸਮਾਜਿਕ ਵਿਗਿਆਨ ਦੇ ਇਨਸਾਈਕਲੋਪੀਡੀਆ** ਵਿੱਚ **ਡੀ. ਸਿਲੇਸਿੰਗਰ** ਅਤੇ **ਐਮ. ਸਟਿਫਨਸਨ** ਅਨੁਸਾਰ, ਖੋਜ ਗਿਆਨ ਦੀ ਪੜਤਾਲ ਕਰਨ ਜਾਂ ਠੀਕ ਕਰਨ, ਫੈਲਾਉਣ ਜਾਂ ਸਾਧਾਰਣੀਕਰਨ ਦੇ ਉਦੇਸ਼ ਲਈ, ਚੀਜ਼ਾਂ, ਧਾਰਨਾਵਾਂ ਜਾਂ ਚਿੰਨ੍ਹਾਂ ਦੀ ਵਿਉਂਤ ਹੈ। ਉਹ ਗਿਆਨ ਭਾਵੇਂ ਸਿਧਾਂਤ ਬਣਾਉਣ ਲਈ ਜਾਂ ਇੱਕ ਕਲਾ ਦੇ ਅਭਿਆਸ ਵਿੱਚ ਸਹਾਇਤਾ ਕਰਦਾ ਹੈ।

**ਜਾਰਜ ਜੇ. ਮੌਲੀ** ਦੇ ਸ਼ਬਦਾਂ ਵਿੱਚ ਸਿੱਖਿਆ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਵਿਗਿਆਨਕ ਢੰਗਾਂ ਦੀ ਵਿਵਸਥਿਤ ਅਤੇ ਵਿਦਵਤਾ-ਭਰਪੂਰ ਵਰਤੋਂ ਜਾਂ ਸਿੱਖਿਆ ਨੂੰ ਵਿਗਿਆਨ ਦੇ ਰੂਪ ਵਿੱਚ ਵਿਕਸਤ ਕਰਨ ਲਈ ਉਲੀਕਿਆ ਵਿਵਸਥਿਤ ਅਧਿਐਨ ਵਿੱਦਿਅਕ ਖੋਜ ਕਿਹਾ ਜਾ ਸਕਦਾ ਹੈ।

ਆਮ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਖੋਜ ਉਹ ਵਰਤਾਰਾ ਹੈ, ਜੋ ਜਿਸ ਪਰਪੰਚ ਦੀ ਵਿਆਖਿਆ ਨਹੀਂ ਹੋਈ, ਉਸਦੀ ਕੋਈ ਢੁੱਕਵੀਂ ਵਿਆਖਿਆ ਲੱਭਣ ਦਾ ਯਤਨ ਕਰਦੀ ਹੈ, ਸਮਾਜ਼ਿਕ ਜ਼ਿੰਦਗੀ ਦੇ ਗਲਤ ਰੂਪ ਵਿੱਚ ਵਿਚਾਰੇ ਤੱਥਾਂ ਨੂੰ ਠੀਕ ਕਰਨ ਅਤੇ ਸ਼ੱਕ ਭਰਪੂਰ ਤੱਥਾਂ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ, ਪਰੰਤੂ ਅਸੀਂ ਤੱਥਾਂ ਨੂੰ ਅਲੱਗ ਕਰਕੇ ਨਹੀਂ ਸਗੋਂ ਇੱਕ ਵੱਡੇ ਪ੍ਰਬੰਧ ਵਿੱਚ ਰੱਖ ਕੇ ਹੀ ਵੇਖ ਸਕਦੇ ਹਾਂ। ਖੋਜ ਇੱਕ ਵਿਸ਼ੇਸ਼ ਪ੍ਰਕ੍ਰਿਆ ਹੈ, ਜਿਸ ਰਾਹੀਂ ਵਿਗਿਆਨਕ ਵਿੱਦਿਆ ਵਿੱਚ ਵਿਵਸਥਿਤ ਢੰਗ ਨਾਲ ਵਾਧਾ ਹੁੰਦਾ ਹੈ। ਉਹ ਪ੍ਰਕ੍ਰਿਆ ਬਹੁਤ ਹੀ ਤਕਨੀਕੀ ਪ੍ਰਕ੍ਰਿਤੀ ਦੀ ਹੈ ਅਤੇ ਇਸਨੂੰ ਸੰਪੂਰਣ ਕਰਨ ਅਤੇ ਕਿਸੇ ਸਿੱਟੇ 'ਤੇ ਪੁੱਜਣ ਲਈ ਉਚੇਚੀ ਕੁਸ਼ਲਤਾ ਦੀ ਲੋੜ ਹੁੰਦੀ ਹੈ। ਖੋਜ ਵਾਸਤਵ ਵਿੱਚ ਇੱਕ ਵਿਚਾਰ-ਦਿਸ਼ਾ ਹੈ, ਭਾਲ ਦਾ ਵਤੀਰਾ ਹੈ ਜਾਂ ਮਨ ਦੀ ਵਿਸ਼ੇਸ਼ ਬਣਤਰ ਹੈ। ਇਹ ਉਹ ਪ੍ਰਸ਼ਨ ਪੁੱਛਦੀ ਹੈ, ਜਿਨ੍ਹਾਂ ਦਾ ਸਹੀ, ਪੂਰਾ ਅਤੇ ਢੁੱਕਵਾਂ ਉੱਤਰ ਮਨੁੱਖ ਕੋਲ ਨਹੀਂ, ਇਹ ਉਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਦੀ ਹੈ, ਜਿਹੜੀਆਂ ਅਜੇ ਹੱਲ ਨਹੀਂ ਹੋ ਸਕੀਆਂ। ਅਜਿਹਾ ਕਰਨ ਲਈ ਖੋਜ ਇੱਕ ਵਿਸ਼ੇਸ਼ ਢੰਗ ਦੀ ਵਰਤੋਂ ਕਰਦੀ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਸਮਾਜਿਕ ਖੋਜ ਇੱਕ ਵਿਗਿਆਨਕ ਤਫ਼ਤੀਸ਼ ਹੈ ਜਿਸਦੇ ਕੁਝ ਜ਼ਰੂਰੀ ਅੰਗ ਹੁੰਦੇ ਹਨ। ਡਾ. ਟੀ.ਆਰ. ਸਰਮਾ ਨੇ ਆਪਣੀ ਕਿਤਾਬ ਵਿੱਦਿਅਕ ਖੋਜ ਵਿਧੀ ਵਿੱਚ ਇਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :-

## 1.3 ਖੋਜ ਦੇ ਅੰਗ :

(ੳ) ਖੋਜ ਕਿਸੇ ਪ੍ਰਸ਼ਨ ਜਾਂ ਸਮੱਸਿਆ ਤੋਂ ਸ਼ੁਰੂ ਹੁੰਦੀ ਹੈ।

(ਅ) ਖੋਜ ਕਰਨ ਲੱਗਿਆਂ ਕੁਝ ਤੱਥ-ਆਧਾਰਤ ਪਰਿਕਲਪਨਾਵਾਂ (hypothesis) ਘੜੀਆਂ ਜਾਂਦੀਆਂ ਹਨ।

(ੲ) ਖੋਜ ਦੀ ਪ੍ਰਕ੍ਰਿਆ ਵਿੱਚ ਵਿਵਸਥਿਤ (Systematic) ਅਤੇ ਬਾਤਰਤੀਬ ਢੰਗ (Orderly) ਨਾਲ ਤੱਥ (facts), ਦੱਤ ਸਮੱਗਰੀ (data) ਜਾਂ ਸਬੂਤ (evidence) ਜਿਨ੍ਹਾਂ ਦਾ ਸੰਬੰਧ ਪ੍ਰਸ਼ਨ ਜਾਂ ਸਮੱਸਿਆ ਨਾਲ ਹੁੰਦਾ ਹੈ, ਇਕੱਠੇ ਕੀਤੇ ਜਾਂਦੇ ਹਨ।

(ਸ) ਤੱਥਾਂ ਦਾ ਵਿਸ਼ਲੇਸ਼ਣ ਬਿਨਾ ਕਿਸੇ ਰੂ ਰਿਆਇਤ ਜਾਂ ਪੱਖਪਾਤ ਤੋਂ ਮੋਹ ਜਾਂ ਲਾਲਚ ਤੋਂ, ਬੇਲਾਗ ਅਤੇ ਨਿਰਪੱਖ ਹੋ ਕੇ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਵਿਚਲੇ ਪਰਸਪਰ ਸੰਬੰਧ ਲੱਭੇ ਅਤੇ ਸਥਾਪਤ ਕੀਤੇ ਜਾਂਦੇ ਹਨ ਅਤੇ ਸਾਰੇ ਸੰਭਵ ਸਿੱਟੇ ਕੱਢੇ ਜਾਂਦੇ ਹਨ।

(ਹ) ਇਨ੍ਹਾਂ ਸਿੱਟਿਆਂ ਅਨੁਸਾਰ ਪਰਿਕਲਪਨਾਵਾਂ ਦਾ ਪ੍ਰੀਖਣ (Test) ਕੀਤਾ ਜਾਂਦਾ ਹੈ ਅਤੇ ਸਾਮਾਨੀਕਰਨ (generalisations) ਬਣਾਈਆਂ ਜਾਂਦੀਆਂ ਹਨ।

(ਕ) ਖੋਜ ਸਿੱਟਿਆਂ ਦੀ ਜਾਂਚ-ਪੜਤਾਲ ਜਾਂ ਪ੍ਰਤੀਤੀ (verification) ਕੀਤੀ ਜਾਂਦੀ ਹੈ ਅਤੇ ਸਿਧਾਂਤਾਂ ਦਾ ਨਿਰਮਾਣ ਕੀਤਾ ਜਾਂਦਾ ਹੈ।

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਖੋਜ ਨਿਪੁੰਨਤਾ ਭਰੀ, ਵਿਵਸਥਿਤ ਅਤੇ ਨਿਰਦੇਸ਼ਤ ਪੁੱਛ-ਗਿੱਛ ਹੈ ਜਿਸਦੀ ਸ਼ੁਰੂਆਤ ਕਿਸੇ ਸਮੱਸਿਆ ਜਾਂ ਪ੍ਰਸ਼ਨ ਨਾਲ ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਦੇ ਅੰਤਰਗਤ ਘੜੀਆਂ ਪਰਿਕਲਪਨਾਵਾਂ ਅਨੁਸਾਰ ਤੱਥ ਜਾਂ ਪ੍ਰਮਾਣ (evidence) ਇਕੱਠੇ ਕੀਤੇ ਜਾਂਦੇ ਹਨ ਜੋ ਕਿ ਵਿਗਿਆਨਕ ਅਤੇ ਨਿਰਪੱਖ ਢੰਗ ਨਾਲ ਹਾਸਲ ਕੀਤੇ ਜਾਂਦੇ ਹਨ। ਇਨ੍ਹਾਂ ਤੱਥਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਜਿਸ ਉਪਰੰਤ ਕੁਝ ਤਰਕ-ਭਰਪੂਰ ਸਿੱਟੇ ਕੱਢੇ ਜਾਂਦੇ ਹਨ। ਇਹ ਸਿੱਟੇ ਅਜਮਾਇਸ਼ ਯੋਗ ਹੁੰਦੇ ਹਨ। ਇਨ੍ਹਾਂ ਤੱਥਾਂ ਤੇ ਆਧਾਰਿਤ ਸਮਾਨੀਕਰਨ ਜਾਂ ਸਾਧਾਰਣੀਕਰਨ ਤੇ ਸਿਧਾਂਤ (generalizations and theories) ਬਣਾਏ ਜਾਂਦੇ ਹਨ ਜਿਸ ਤਹਿਤ ਸ਼ੁਰੂਆਤ ਵਾਲੀ ਸਮੱਸਿਆ ਜਾਂ ਪ੍ਰਸ਼ਨ ਦਾ ਹੱਲ ਲੱਭਿਆ ਜਾਂਦਾ ਹੈ।

## 1.4 ਖੋਜ ਦੇ ਪੜਾਅ (Steps in Social Research) :

ਖੋਜ ਦਾ ਆਰੰਭ ਸਮੱਸਿਆ ਤੋਂ ਜਾਂ ਪ੍ਰਸ਼ਨ ਤੋਂ ਹੁੰਦਾ ਹੈ? ਸਾਰੀ ਖੋਜ ਪ੍ਰਕ੍ਰਿਆ ਇਸੇ ਸਮੱਸਿਆ ਜਾਂ ਪ੍ਰਸ਼ਨ ਦੇ ਆਲੇ-ਦੁਆਲੇ ਹਰ ਸਮੇਂ ਘੁੰਮਦੀ ਹੈ। ਖੋਜ ਦੇ ਸਿੱਟੇ ਵੀ ਸਮੱਸਿਆ ਦਾ ਹੱਲ ਲੱਭਣ ਲਈ ਹੁੰਦੇ ਹਨ। ਖੋਜ ਦੇ ਖੇਤਰ ਵਿੱਚ ਸਮੱਸਿਆ ਦੀ ਥਾਂ ਬਹੁਤ ਅਹਿਮੀਅਤ ਰੱਖਦੀ ਹੈ, ਕਿਉਂਕਿ ਖੋਜ ਦਾ ਉਦੇਸ਼, ਪਰਿਕਲਪਨਾ, ਸੈਂਪਲਿੰਗ, ਡੇਟਾ ਇਕੱਠਾ ਕਰਨ ਦੀ ਵਿਧੀ, ਡੇਟਾ ਇਕੱਠਾ ਕਰਨਾ, ਡੇਟੇ ਦਾ ਵਿਸ਼ਲੇਸ਼ਣ ਆਦਿ ਸਾਰੀਆਂ ਚੀਜ਼ਾਂ ਉਸ ਸਮੱਸਿਆ ਦੇ ਅਨੁਸਾਰ ਹੀ ਘੜੇ ਜਾਂਦੇ ਹਨ। ਆਓ ਇਨ੍ਹਾਂ ਖੋਜ ਪੜਾਵਾਂ ਨੂੰ ਵਿਸਥਾਰ ਨਾਲ ਜਾਣੀਏ।

### 1.4.1 ਖੋਜ ਸਮੱਸਿਆ ਦੀ ਚੋਣ (Selection of Research Problems) :

ਸਮੱਸਿਆ ਦੀ ਸਹੀ ਚੋਣ ਕਰਨਾ ਬਹੁਤ ਹੀ ਮੁਸ਼ਕਿਲ ਕੰਮ ਹੈ। ਨਵੇਂ ਖੋਜਾਰਥੀ ਲਈ ਇਹ ਕੰਮ ਹੋਰ ਵੀ ਕਠਿਨ ਹੋ ਜਾਂਦਾ ਹੈ ਕਿਉਂਕਿ ਉਹ ਆਪਣੀ ਯੋਗਤਾ, ਵਿਦਵਤਾ, ਸਮਰੱਥਾ, ਰੁਚੀ ਅਤੇ ਹਿੰਮਤ ਤੋਂ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹੁੰਦਾ। ਉਹ ਖੋਜ ਦੀਆਂ ਔਕੜਾਂ ਅਤੇ ਉਲਝਣਾਂ ਤੋਂ ਬੇਖ਼ਬਰ ਹੁੰਦਾ ਹੈ। ਇਸ ਲਈ ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਖੋਜਾਰਥੀ ਸਮੱਸਿਆ ਦੀ ਸਹੀ ਚੋਣ ਕਰੇ, ਇਸ ਲਈ ਸਭ ਤੋਂ ਪਹਿਲਾਂ ਖੋਜ-ਕਰਤਾ ਨੇ ਜਿਸ ਖੇਤਰ ਵਿਚ ਖੋਜ ਕਰਨੀ ਹੈ, ਉਸ ਖੇਤਰ ਜਾਂ ਵਿਸ਼ੇ ਵਸਤੂ ਬਾਰੇ ਫੈਸਲਾ ਕਰਨਾ ਪਵੇਗਾ ਉਸਦੇ ਇਸ ਫੈਸਲੇ ਤੋਂ ਖੋਜੀ ਦੀ ਆਮ ਰੁਚੀ ਵਾਲੇ ਖੇਤਰ ਦਾ ਪਤਾ ਲਗਦਾ ਹੈ। ਉਦਾਹਰਣ ਦੇ ਤੌਰ ਤੇ ਕੋਈ ਵਿਗਿਆਨੀ ਜੋ ਸਮਾਜ ਵਿਗਿਆਨੀ ਹੈ, ਸਭ ਤੋਂ ਪਹਿਲਾਂ ਉਹ ਫੈਸਲਾ ਕਰੇਗਾ ਕਿ ਸਮਾਜ-ਵਿਗਿਆਨ ਦੇ ਹੀ ਕਿਸੇ ਖੇਤਰ ਵਿਚ ਕੰਮ ਕੀਤਾ ਜਾਵੇ। ਉਸ ਦੀ ਰੁਚੀ ਰੂਰਲ ਅਰਬਨ ਸੋਸਿਆਲੋਜੀ ਦੀ ਕਿਸੇ ਹੋਰ ਸ਼ਾਖਾ ਵਿਚ ਹੋ ਸਕਦੀ ਹੈ। ਮੰਨ ਲਓ ਜੇ ਉਹ ਸੋਸਿਆਲੋਜੀ ਆਫ ਰਿਲੀਜ਼ਨ ਵਿਚ ਜ਼ਿਆਦਾ ਰੁਚੀ ਰੱਖਦਾ

ਹੈ ਤਾਂ ਫਿਰ ਅਗੋਂ ਉਹ ਧਰਮ ਦੇ ਕਿਸੇ ਪੱਖ ਦਾ ਸੋਸੋਲੋਜੀਕਲ ਅਧਿਐਨ ਕਰਨਾ ਚਾਹੁੰਦਾ ਹੈ ਭਾਵ ਚਿੰਨ੍ਹ, ਕੀਮਤਾਂ, ਰੀਤੀ ਰਿਵਾਜ ਆਦਿ। ਇਸ ਆਪਣੇ ਰੁਚੀ ਖੇਤਰ ਬਾਰੇ ਫੈਸਲਾ ਕਰ ਲੈਣ ਨਾਲ ਹੀ ਖੋਜ ਦਾ ਕੰਮ ਸ਼ੁਰੂ ਨਹੀਂ ਹੁੰਦਾ। ਅਗੋਂ ਖੋਜਾਰਥੀ ਦੁਆਰਾ ਖੋਜ ਦਾ ਕੰਮ ਖਾਸ ਸਮੱਸਿਆ ਨੂੰ ਚੁਣ ਲੈਣ ਤੋਂ ਬਾਅਦ ਸ਼ੁਰੂ ਹੁੰਦਾ ਹੈ ਜਦੋਂ ਉਸ ਸਮੱਸਿਆ ਬਾਰੇ ਪਹਿਲਾਂ ਕੀਤੀ ਹੋਈ ਖੋਜ ਉਸਨੂੰ ਸੰਤੁਸ਼ਟੀਜਨਕ ਨਾ ਲੱਗੇ, ਜਦੋਂ ਸਮੱਸਿਆ ਨੂੰ ਹੱਲ ਕਰਨ ਵਾਲੇ ਤੱਥ ਅਣਜਾਣੇ ਹੋਣ ਤਾਂ ਫਿਰ ਖੋਜਾਰਥੀ ਉਸ ਖਾਸ ਚੁਣੀ ਹੋਈ ਸਮੱਸਿਆ ਤੇ ਕੰਮ ਕਰਨ ਦੀ ਚੁਣੌਤੀ ਨੂੰ ਸਵੀਕਾਰ ਕਰਦਾ ਹੈ। ਇਸ ਕੰਮ ਲਈ (ਸਮੱਸਿਆ ਦੀ ਚੋਣ ਲਈ) ਖੋਜਾਰਥੀ ਉਸ ਦੇ ਰੁਚੀ ਖੇਤਰ ਵਿਚ ਦੂਜੇ ਵਿਗਿਆਨੀਆਂ ਦੁਆਰਾ ਕੀਤੇ ਕੰਮ ਦਾ ਡੂੰਘਾ ਅਧਿਐਨ ਕਰਦਾ ਹੈ। ਉਹ ਹੋਰ ਬੁੱਧੀਜੀਵੀਆਂ (Scholars) ਨਾਲ ਗੱਲਬਾਤ ਜਾਂ ਬਹਿਸ-ਮੁਬਾਹਸਾ ਕਰਦਾ ਹੈ। ਦੂਜੇ ਲੋਕਾਂ ਦੇ ਹਾਸਲ ਕੀਤੇ ਲੰਮੇ ਤਜ਼ਰਬੇ ਦਾ ਲਾਭ ਉਠਾਉਂਦਾ ਹੈ। ਸਮੱਸਿਆ ਦੀ ਚੋਣ ਕਰਨਾ ਕੋਈ ਸਰਲ ਕੰਮ ਨਹੀਂ। ਜਿਵੇਂ ਮਰਟਨ ਨੇ ਕਿਹਾ ਹੈ ਕਿ ਸਮੱਸਿਆ ਨੂੰ ਹੱਲ ਕਰਨ ਨਾਲੋਂ ਸਮੱਸਿਆ ਨੂੰ ਲੱਭਣਾ ਅਤੇ ਸੂਤਰਬੱਧ ਕਰਨਾ ਜ਼ਿਆਦਾ ਔਖਾ ਕੰਮ ਹੈ। ਇਸ ਤਰ੍ਹਾਂ ਕੋਹਨ ਅਤੇ ਨਾਗੇਲ (Cohan and Nagel) ਅਨੁਸਾਰ ਵੀ ਜਾਂਚ ਪੜਤਾਲ ਉਨੀ ਦੇਰ ਤੱਕ ਸ਼ੁਰੂ ਨਹੀਂ ਕੀਤੀ ਜਾ ਸਕਦੀ ਜਿੰਨੀ ਦੇਰ ਕੋਈ ਸਮੱਸਿਆ ਅਭਿਆਸਕ ਜਾਂ ਸਿਧਾਂਤਕ ਹਾਲਤ (practical or theoretical situation) ਵਿਚ ਤੁਹਾਨੂੰ ਹੱਲ ਕਰਨ ਲਈ ਮਹਿਸੂਸ ਨਹੀਂ ਹੁੰਦੀ।

ਰੁਚੀ ਖੇਤਰ ਜਾਂ ਸਮੱਸਿਆ ਦੀ ਚੋਣ ਵੇਲੇ ਕਈ ਤੱਥ ਹਨ ਜੋ ਵਿਗਿਆਨੀ ਨੂੰ ਪ੍ਰਭਾਵਿਤ ਕਰਦੇ ਹਨ ਜਿਵੇਂ ਸਥਾਨ, ਭੂਗੋਲਿਕ ਹਾਲਤਾਂ, ਵਿਚਾਰਧਾਰਾ, ਖੋਜਾਰਥੀ ਦੀਆਂ ਵਿਅਕਤੀਗਤ ਕੀਮਤਾਂ, ਸਮਾਜਿਕ ਰਾਜਨੀਤਿਕ ਆਰਥਿਕ ਹਾਲਤਾਂ ਤੇ ਹੋਰ ਕਈ ਗੱਲਾਂ, ਉਦਾਹਰਣ ਦੇ ਤੌਰ ਤੇ ਪਿੱਛੇ ਪੰਜਾਬ ਵਿਚ ਚੱਲੀ ਖਾੜਕੂ ਲਹਿਰ ਤੇ ਖੋਜ ਕਰਨ ਲਈ ਵਿਗਿਆਨੀਆਂ ਨੂੰ ਕਿੰਨੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿਚ ਜਾਂ ਹੋਰ ਗੜਬੜ ਵਾਲੇ ਇਲਾਕਿਆਂ ਵਿਚ ਜਿਥੇ ਵੀ ਸਮੱਸਿਆ ਦੀ ਖੋਜ ਕਰਨੀ ਹੈ, ਉਹ ਸਪਸ਼ਟ ਹੋਵੇ ਤਾਂ ਕਿ ਸਹੀ ਢੰਗ ਨਾਲ ਉਸ ਲਈ ਤੱਥ ਇਕੱਠੇ ਕਰਨ ਦੀ ਤਕਨੀਕ ਬਾਰੇ ਫੈਸਲਾ ਕੀਤਾ ਜਾ ਸਕੇ। ਵਾਜਬ ਸਵਾਲ ਘੜੇ ਜਾਂ ਸਕਣ। ਉਸ ਵਿਚੋਂ ਪਰਿ-ਕਲਪਨਾਵਾਂ ਦਾ ਨਿਰਮਾਣ ਕੀਤਾ ਜਾ ਸਕੇ। ਜੇਕਰ ਚੁਣੀ ਹੋਈ ਸਮੱਸਿਆ ਹੀ ਸਪਸ਼ਟ ਨਾ ਹੋਵੇ ਤਾਂ ਵਿਗਿਆਨੀ ਦੀ ਅੱਗੋਂ ਕੀਤੀ ਮੇਹਨਤ ਬੇਅਰਥ ਹੀ ਜਾਵੇਗੀ ਇਸ ਦੇ ਚੰਗੇ ਸਿੱਟੇ ਨਹੀਂ ਨਿਕਲਣਗੇ ਜਾਂ ਸਮਾਜ ਨੂੰ ਇਸ ਦੀ ਕੋਈ ਵੀ ਦੇਣ ਨਹੀਂ ਹੋਵੇਗੀ।

**ਆਰ.ਐਲ. ਅਕਾਫ਼ ਨੇ ਸਮੱਸਿਆ ਦੀ ਖੋਜ ਲਈ ਕੁਝ ਨੁਕਤੇ ਦੱਸੇ ਹਨ ਜਿਵੇਂ :**

(ੳ) **ਖੋਜ ਉਪਭੋਗੀ** : ਕੋਈ ਨਾ ਕੋਈ ਵਿਅਕਤੀ ਜਾਂ ਸਮੂਹ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਦੀਆਂ ਕੁਝ ਸਮੱਸਿਆਵਾਂ ਹੋਣ। ਉਹ ਵਿਅਕਤੀ ਖੋਜੀ ਆਪ ਵੀ ਹੋ ਸਕਦਾ ਹੈ ਅਤੇ ਸਮੂਹ ਜਾਂ ਖੋਜੀਆਂ ਦਾ ਇਕ ਸਮੂਹ ਵੀ ਹੋ ਸਕਦਾ ਹੈ। ਜ਼ਿਆਦਾਤਰ ਹੋਰ ਹੀ ਹਿੱਸੇਦਾਰ ਹੁੰਦੇ ਹਨ। ਜੇ ਖੋਜੀ ਆਪ ਉਪਭੋਗੀ ਨਾ ਹੋਵੇ ਤਾਂ ਉਹ ਸਮੱਸਿਆ ਦਾ ਹਿੱਸੇਦਾਰ ਜ਼ਰੂਰ ਹੁੰਦਾ ਹੈ।

(ਅ) **ਖੋਜ-ਉਪਭੋਗੀ ਦਾ ਉਦੇਸ਼** : ਖੋਜੀ ਦੀ ਕੁਝ ਪ੍ਰਾਪਤ ਕਰਨ ਦੀ ਇੱਛਾ ਜਾਂ ਉਦੇਸ਼ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਆਦਮੀ ਦੀ ਕੋਈ ਇੱਛਾ ਨਾ ਹੋਵੇ ਉਸ ਦਾ ਕੋਈ ਉਦੇਸ਼ ਨਹੀਂ ਹੋ ਸਕਦਾ।

(ੲ) **ਉਦੇਸ਼ ਨੂੰ ਪੂਰਾ ਕਰਨ ਲਈ ਬਦਲਵੇਂ ਸਾਧਨ** : ਖੋਜ ਉਪਭੋਗੀ ਤੇ ਉਦੇਸ਼ਾਂ ਜਿਨ੍ਹਾਂ ਦੀ ਉਹ ਇੱਛਾ ਰੱਖਦਾ ਹੈ ਨੂੰ ਪ੍ਰਾਪਤ ਕਰਨ ਲਈ ਬਦਲਵੇਂ ਸਾਧਨ ਜ਼ਰੂਰ ਹੋਣੇ ਚਾਹੀਦੇ ਹਨ। ਇਸ ਕਾਰਜ ਦੇ ਦੌਰਾਨ ਵਸਤਾਂ ਦਾ ਇਸਤੇਮਾਲ ਅਵੱਸ਼ ਹੋਵੇਗਾ। ਇਹ ਵਸਤਾਂ ਹੀ ਵਰਤੋਂ ਵਿਚ ਆਉਣ ਵਾਲੇ ਯੰਤਰ ਹਨ। ਇਹ ਸਕੇਲ ਇਕ ਯੰਤਰ ਹੋ ਸਕਦੀ ਹੈ। ਪਰ ਇਸ ਦਾ ਇਸਤੇਮਾਲ ਇਕ ਸਾਧਨ ਹੈ। ਇਕ ਸੰਦ ਤੋਂ ਭਾਵ ਕਿਸੇ ਵਸਤੂ ਵਲ ਹੈ, ਧਾਰਨਾ ਜਾਂ ਵਿਚਾਰ ਜੋ ਉਦੇਸ਼ਾਂ ਨੂੰ ਪੂਰਾ ਕਰਦੇ ਸਮੇਂ ਸਹਾਈ ਹੁੰਦਾ ਹੈ।

(ਸ) **ਬਦਲਾਅ ਦੀ ਚੋਣ ਵੇਲੇ ਸ਼ੱਕ** : ਕਾਰਜ ਬਦਲਾਅ ਦਾ ਹੋਣਾ ਵੀ ਕਾਫ਼ੀ ਨਹੀਂ ਸਗੋਂ ਖੋਜ-ਉਪਭੋਗੀ ਨੂੰ ਸ਼ੱਕ ਹੋਣਾ ਚਾਹੀਦਾ ਹੈ ਕਿ ਬਦਲਾਅ ਦੀ ਚੋਣ ਕਰੋ। ਅਜਿਹੇ ਸ਼ੱਕ ਤੋਂ ਬਿਨਾਂ ਕੋਈ ਵੀ ਸਮੱਸਿਆ ਨਹੀਂ ਹੋ ਸਕਦੀ। ਬਦਲਵੇਂ ਸਾਧਨਾਂ ਦੀ ਕਾਰਜ ਕੁਸ਼ਲਤਾ ਬਾਰੇ ਉਸ ਨੂੰ ਪੂਰਾ ਗਿਆਨ ਹੋਣਾ ਚਾਹੀਦਾ ਹੈ।

(ਹ) **ਇਕ ਜਾਂ ਜ਼ਿਆਦਾ ਵਾਤਾਵਰਣ ਹੋਣੇ ਚਾਹੀਦੇ ਹਨ** : ਜਿਸ ਵਿਚ ਸਮੱਸਿਆਵਾਂ ਜਾਂ ਮੁਸ਼ਕਲਾਂ

ਲੱਭੀਆਂ ਜਾ ਸਕਣ। ਵਾਤਾਵਰਣ ਵਿਚ ਤਬਦੀਲੀ ਸਮੱਸਿਆ ਨੂੰ ਦੂਰ ਕਰੇਗੀ ਜਾਂ ਪੈਦਾ ਕਰੇਗੀ। ਖੋਜ ਉਪਭੋਗੀ ਨੂੰ ਸੰਦੇਹ ਹੋਣੇ ਚਾਹੀਦੇ ਹਨ ਕਿ ਵਾਤਾਵਰਣ ਵਿਚ ਕਿਹੜਾ ਸਾਧਨ ਸਭ ਤੋਂ ਵਧੇਰੇ ਕੁਸ਼ਲ ਹੋਵੇਗਾ। ਉਦਾਹਰਣ ਦੇ ਤੌਰ ਤੇ ਇਕ ਆਦਮੀ ਨੂੰ ਇਹ ਸਮੱਸਿਆ ਹੋ ਸਕਦੀ ਹੈ ਕਿ ਉਹ ਸਾਫ ਦਿਨ ਨੂੰ ਕਿਹੜਾ ਕੋਟ ਪਾਵੇ। ਜੇ ਬਾਰਸ਼ ਵਾਲਾ ਦਿਨ ਹੋਵੇ ਤਾਂ ਉਸ ਨੂੰ ਮੀਂਹ ਵਾਲਾ ਕੋਟ ਪਹਿਨਣ ਵਿਚ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਕੋਈ ਸਮੱਸਿਆ ਸਿਰਫ ਇਕ ਵਾਤਾਵਰਣ ਵਿਚ ਹੋ ਸਕਦੀ ਹੈ। ਕੋਈ ਸਮੱਸਿਆ ਸਾਰੇ ਵਾਤਾਵਰਣ ਵਿਚ ਹੋ ਸਕਦੀ ਹੈ।

ਇਸੇ ਤਰ੍ਹਾਂ **ਮਰਟਨ** ਨੇ ਖੋਜ-ਸਮੱਸਿਆ ਬਾਰੇ ਕੁਝ ਨੁਕਤਿਆਂ ਦਾ ਜ਼ਿਕਰ ਕੀਤਾ ਹੈ ਜਿਵੇਂ :

(i) ਸਵਾਲਾਂ ਦਾ ਉਤਭਾਵਿਕ (ਕੋਈ ਕੀ ਜਾਣਨਾ ਚਾਹੁੰਦਾ ਹੈ ?)

(ii) ਤਰਕ ਜਾਂ ਦਲੀਲ ਦਾ ਆਧਾਰ (ਸਿਧਾਂਤਕ ਜਾਂ ਅਭਿਆਸਕ)

(iii) ਸਵਾਲਾਂ ਦੀ ਸਪਸ਼ਟਤਾ (ਉਤਭਾਵਿਕ ਸਵਾਲਾਂ ਦੇ ਸੰਭਵ ਜਵਾਬ ਜੋ ਦਲੀਲ ਦੇ ਆਧਾਰ ਨੂੰ ਸੰਤੁਸ਼ਟ ਕਰਦੇ ਹੋਣ)

**ਚੋਣ ਦੀਆਂ ਕਸੌਟੀਆਂ :**

ਖੋਜ ਸਮੱਸਿਆ ਦੀ ਚੋਣ ਦਾ ਨਿਰਣਾ ਕਰਦੇ ਸਮੇਂ ਉਸ ਨੂੰ ਹੇਠ ਲਿਖੀਆਂ ਕਸੌਟੀਆਂ 'ਤੇ ਪਰਖਣ ਦੀ ਲੋੜ ਹੁੰਦੀ ਹੈ। ਅਜਿਹਾ ਕਰਨ ਨਾਲ ਖੋਜਾਰਥੀ ਨੂੰ ਸਮੱਸਿਆ ਨੂੰ ਹੋਰ ਵੀ ਨਜ਼ਦੀਕ ਤੋਂ ਵੇਖਣ ਦਾ ਮੌਕਾ ਮਿਲਦਾ ਹੈ।

(ੳ) ਸਮੱਸਿਆ ਸਮਾਧਾਨ ਯੋਗ ਹੋਣੀ ਚਾਹੀਦੀ ਹੈ।

(ਅ) ਵਿਗਿਆਨਕ ਸਮੱਸਿਆ ਨਵੀਂ ਹੋਣੀ ਚਾਹੀਦੀ ਹੈ।

(ੲ) ਖੋਜ ਸਮੱਸਿਆ ਨਾਲ ਸੰਬੰਧਿਤ ਚਰਾਂ ਦਾ ਰੂਪ ਸਪੱਸ਼ਟ ਅਤੇ ਨਿਸ਼ਚਿਤ ਹੋਣਾ ਚਾਹੀਦਾ ਹੈ।

(ਸ) ਸਮੱਸਿਆ ਵਿਵਹਾਰਕ ਅਤੇ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਣ ਅਤੇ ਸਾਰਥਿਕ ਹੋਣੀ ਚਾਹੀਦੀ ਹੈ।

(ਹ) ਖੋਜ ਸਮੱਸਿਆ ਨਾਲ ਸੰਬੰਧਿਤ ਚਰਾਂ ਦਾ ਰੂਪ ਸਪੱਸ਼ਟ ਅਤੇ ਨਿਸ਼ਚਿਤ ਹੋਣਾ ਚਾਹੀਦਾ ਹੈ।

(ਕ) ਸਮੱਸਿਆ ਖੋਜੀ ਦੀ ਯੋਗਤਾ, ਸਮਰੱਥਾ, ਰੁਚੀ ਅਤੇ ਹਿੰਮਤ ਅਨੁਸਾਰ ਹੋਣੀ ਚਾਹੀਦੀ ਹੈ।

(ਖ) ਸਮੱਸਿਆ ਲਈ ਯੋਗ ਮਾਰਗ-ਦਰਸ਼ਨ ਉਪਲਬਧ ਹੋਵੇ।

(ਗ) ਖੋਜ ਸਮੱਸਿਆ ਸਮੇਂ, ਧੰਨ ਅਤੇ ਸਮੱਗਰੀ ਆਦਿ ਲਈ ਢੁੱਕਵੀਂ ਹੋਵੇ।

(ਘ) ਸਮੱਸਿਆ ਦੇ ਸਮਾਧਾਨ ਲਈ ਦੱਤ ਸਮੱਗਰੀ ਉਪਲਬਧ ਹੋਵੇ।

(ਙ) ਸਮੱਸਿਆ ਦੀ ਸਮਾਜਿਕ ਸਵੀਕ੍ਰਿਤੀ ਹੋਣੀ ਚਾਹੀਦੀ ਹੈ।

### 1.4.2 ਸੰਕਲਪਾਂ ਜਾਂ ਧਾਰਨਾਵਾਂ ਦੀ ਪਰਿਭਾਸ਼ਾ (Definition of Concepts) :

ਸੰਕਲਪ ਜਾਂ ਧਾਰਨਾ, ਨਿਰੀਖਣ ਕੀਤੀਆਂ ਹੋਈਆਂ ਚੀਜ਼ਾਂ, ਘਟਨਾਵਾਂ ਜਾਂ ਵਰਤਾਰਿਆਂ ਦੀ ਇਕ ਕਲਪਨਾ ਜਾਂ ਭਾਵਨਾ ਹੈ।

**ਮਕਲੇਲੈਂਡ** ਅਨੁਸਾਰ ਸੰਕਲਪ, ਬਹੁਤ ਕਿਸਮ ਦੇ ਤੱਥਾਂ ਦੀ ਇਕ ਸੰਖੇਪ ਵਰਣਨ ਜਾਂ ਪ੍ਰਤੀਨਿਧਤਾ ਕਰਦਾ ਹੈ। ਇਸ ਦਾ ਉਦੇਸ਼ ਕਈ ਘਟਨਾਵਾਂ ਨੂੰ ਇਕ ਆਮ ਸਿਰਲੇਖ ਹੇਠ ਸ਼ਾਮਿਲ ਕਰਕੇ, ਸੋਚ ਜਾਂ ਵਿਚਾਰ ਨੂੰ ਸਰਲ ਬਣਾਉਂਦਾ ਹੈ।

**ਪਾਰਸਨਜ਼** ਅਨੁਸਾਰ ਇਥੇ ਕੋਈ ਵੀ ਅਜਿਹਾ ਅਨੁਭਵਵਾਦੀ ਜਾਂ ਪ੍ਰਯੋਗ ਸਿੱਧ ਗਿਆਨ ਨਹੀਂ ਜੋ ਕੁਝ ਵਿਵੇਕ ਜਾਂ ਡਿਗਰੀ ਤਕ ਸੰਕਲਪਮਈ ਤੌਰ ਤੇ ਨਿਯਮਿਤ ਨਾ ਹੋਵੇ।

ਵਿਗਿਆਨ ਦੀ ਆਪਣੀ ਭਾਸ਼ਾ ਹੁੰਦੀ ਹੈ ਜੋ ਸਮੱਸਿਆਵਾਂ ਨੂੰ ਸਰਲ ਢੰਗ ਨਾਲ ਪੇਸ਼ ਕਰਦੀ ਹੈ ਜੋ ਕਿ ਆਮ ਭਾਸ਼ਾ ਨਹੀਂ ਸਮਝ ਸਕਦੀ। ਹਰ ਵਿਗਿਆਨ ਕੁਝ ਸੰਕਲਪਾਂ ਦਾ ਵਿਕਾਸ ਕਰਦੀ ਹੈ ਤੇ ਉਨ੍ਹਾਂ ਨੂੰ ਵਰਤਦੀ ਹੈ ਤਾਂ ਕਿ ਪ੍ਰਯੋਗਸਿੱਧ ਨਿਰੀਖਣ ਹੋ ਸਕੇ। ਸਮੱਸਿਆਵਾਂ ਦਾ ਜਵਾਬ ਦੇਣ ਲਈ ਆਪਣੇ ਅੰਕੜੇ ਸੰਗਠਿਤ ਕਰਦੀ ਹੈ ਅਤੇ ਇਸ ਦੀਆਂ ਲੱਭਤਾਂ ਨੂੰ ਅੱਗੇ ਪੇਸ਼ ਕਰਦੀ ਹੈ। ਕੁਝ ਸੰਕਲਪ ਜਿਨਾਂ ਚੀਜ਼ਾਂ ਜਾਂ ਤੱਥਾਂ ਦੀ ਪ੍ਰਤੀਨਿਧਤਾ ਕਰ ਰਹੇ ਹਨ, ਉਨ੍ਹਾਂ ਦੇ ਬਹੁਤ ਨੇੜੇ ਹੁੰਦੇ ਹਨ, ਕੁਝ ਇੰਨੇ ਨੇੜੇ ਨਹੀਂ ਹੁੰਦੇ, ਅਜਿਹੀ ਸੂਰਤ ਵਿਚ ਉਨ੍ਹਾਂ ਦੀ ਗਲਤ ਵਿਆਖਿਆ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਨ੍ਹਾਂ ਨੂੰ ਪਰਿਭਾਸ਼ਤ ਕਰਨ ਲਗਿਆਂ ਬਹੁਤ ਧਿਆਨ ਤੋਂ ਕੰਮ ਲੈਣਾ ਚਾਹੀਦਾ ਹੈ। ਖੋਜ ਵਿਧੀ ਦੇ ਢੰਗ

ਤੋਂ ਸੰਕਲਪਾਂ ਦੀ ਪਰਿਭਾਸ਼ਾ ਬਹੁਤ ਸੰਖੇਪ ਹੋਣੀ ਚਾਹੀਦੀ ਹੈ। ਪਰਿਭਾਸ਼ਾ ਅਜਿਹੀ ਹੋਵੇ ਜਿਸ ਦੀ ਸਾਰਿਆਂ ਨੂੰ ਸਮਝ ਇਕੋ ਜਿਹੀ ਪਵੇ। ਸੰਕਲਪ ਸੰਖੇਪ ਰੂਪ ਵਿਚ ਪਰਿਭਾਸ਼ਿਤ ਕੀਤੇ ਜਾਣੇ ਚਾਹੀਦੇ ਹਨ ਜੋ ਆਮ ਅਰਥ ਦਸਣੇ ਹੋਣ ਜੋ ਉਹ ਦੱਸਣਾ ਚਾਹੁੰਦੇ ਹੋਣ। ਅਜਿਹੀ ਪਰਿਭਾਸ਼ਾ ਨੂੰ 'ਰਸਮੀ ਪਰਿਭਾਸ਼ਾ' ਕਿਹਾ ਜਾਵੇਗਾ। ਸੰਕਲਪਾਂ ਨੂੰ ਅਮਲੀ ਸੰਦਰਭ ਵਿਚ ਪਰਿਭਾਸ਼ਤ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਇਕ ਖਾਸ ਖੋਜ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਹੋਣੀ ਹੁੰਦੀ ਹੈ। ਅਜਿਹੀ ਪਰਿਭਾਸ਼ਾ ਨੂੰ ਅਮਲੀ ਪਰਿਭਾਸ਼ਾ ਕਿਹਾ ਜਾਵੇਗਾ।

ਸੰਕਲਪਾਂ ਨੂੰ ਪਰਿਭਾਸ਼ਤ ਕਰਨ ਲਗਿਆਂ ਪਿਛਲੀਆਂ ਤੇ ਹੁਣ ਦਿੱਤੀਆਂ ਹੋਈਆਂ ਸੰਕਲਪਾਂ ਦੀਆਂ ਪਰਿਭਾਸ਼ਾਵਾਂ ਨੂੰ ਵਿਚਾਰ ਲਿਆ ਜਾਵੇ, ਪਰ ਉਨ੍ਹਾਂ ਵਿਚ ਸਮੇਂ ਦੀ ਕ੍ਰਮਬੱਧਤਾ ਨੂੰ ਧਿਆਨ ਵਿਚ ਰੱਖਿਆ ਜਾਵੇ। ਉਨ੍ਹਾਂ ਪਰਿਭਾਸ਼ਾਵਾਂ ਨੂੰ ਵਿਚਾਰਦੇ ਸਮੇਂ ਉਹਨਾਂ ਦੇ ਮਤਲਬ ਤੇ ਭਾਵ ਨੂੰ ਖਿਆਲ ਵਿਚ ਰੱਖਿਆ ਜਾਵੇ ਜਿਸ ਵੱਲ ਉਹ ਇਸ਼ਾਰਾ ਕਰਦੀਆਂ ਹਨ। ਉਸ ਭਾਵ ਤੇ ਆਧਾਰਿਤ ਇਕ ਕੰਮ ਚਲਾਉ ਪਰਿਭਾਸ਼ਾ ਦਾ ਨਿਰਮਾਣ ਕੀਤਾ ਜਾਵੇ ਫਿਰ ਵੇਖਿਆ ਜਾਵੇ ਕਿ ਜੋ ਕੰਮ ਚਲਾਉ ਪਰਿਭਾਸ਼ਾ ਤੁਸੀਂ ਬਣਾਈ ਹੈ ਕੀ ਉਹ ਸਾਰੀਆਂ ਗੱਲਾਂ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ ਜੋ ਤੁਸੀਂ ਕਹਿਣਾ ਚਾਹੁੰਦੇ ਹੋ। ਜੇ ਨਹੀਂ ਤਾਂ ਉਸ ਵਿਚ ਲੋੜੀਂਦੀ ਸੋਧ ਕਰਕੇ ਆਲੋਚਕਾਂ ਨੂੰ ਦੇ ਦਿਓ ਤਾਂ ਕਿ ਉਹ ਖੁਲ੍ਹ ਕੇ ਆਲੋਚਨਾ ਕਰ ਸਕਣ। ਉਸ ਤੋਂ ਬਾਅਦ ਉਸਾਰੂ ਆਲੋਚਨਾ ਨੂੰ ਮੱਦੇ ਨਜ਼ਰ ਰੱਖਦਿਆਂ ਉਸ ਪਰਿਭਾਸ਼ਾ ਨੂੰ ਆਖਰੀ ਰੂਪ ਦੇ ਦਿਉ।

### 1.4.3 ਸੰਬੰਧਿਤ ਸਾਹਿਤ ਦਾ ਅਧਿਐਨ :

ਜਿਹੜੀ ਵੀ ਖੋਜ ਕੋਈ ਖੋਜਾਰਥੀ ਕਰ ਰਿਹਾ ਹੁੰਦਾ ਹੈ, ਉਸ ਨਾਲ ਸੰਬੰਧਿਤ ਕੁਝ ਨਾ ਕੁਝ ਜਾਣਕਾਰੀ, ਸਮੱਗਰੀ, ਵਿਸ਼ਵਾਸ, ਅਨੁਮਾਨ ਜਾਂ ਸੁਆਲ ਜ਼ਰੂਰ ਪਹਿਲਾਂ ਹੀ ਮੌਜੂਦ ਹੁੰਦੇ ਹਨ। ਇਹ ਸਭ ਹੀ ਉਸ ਖੋਜ ਦਾ ਸੰਬੰਧਿਤ ਸਾਹਿਤ ਹੈ। ਸਾਹਿਤ ਦਾ ਅਧਿਐਨ ਹੀ ਖੋਜੀ ਨੂੰ ਅੱਗੇ ਵਧਣ ਲਈ ਪ੍ਰੇਰਦਾ ਹੈ। ਸੰਬੰਧਿਤ ਸਾਹਿਤ ਦੇ ਅਧਿਐਨ ਦੇ ਬਹੁਤ ਸਾਰੇ ਲਾਭ ਹੁੰਦੇ ਹਨ, ਜਿਵੇਂ :

(ੳ) ਖੋਜ ਸਮੱਸਿਆ ਦਾ ਸਪੱਸ਼ਟੀਕਰਨ
(ਅ) ਦੁਹਰਾਓ ਤੋਂ ਬਚਾਅ
(ੲ) ਪਰਿਕਲਪਨਾਵਾਂ ਦੀ ਰਚਨਾ
(ਸ) ਖੋਜ ਵਿਧੀ ਅਤੇ ਉਪਕਰਨਾਂ ਦੀ ਚੋਣ ਵਿੱਚ ਸਹਾਇਤਾ
(ਹ) ਸੰਬੰਧਿਤ ਸਾਹਿਤ ਸਮੱਸਿਆ ਦੀ ਹੱਦਬੰਦੀ ਵਿੱਚ ਵੀ ਸਹਾਇਤਾ ਕਰਦਾ ਹੈ।
(ਕ) ਇਹ ਸਾਹਿਤ ਦਾ ਅਧਿਐਨ ਦੱਤ ਸਮੱਗਰੀ ਇਕੱਠਾ ਕਰਨ ਦੀਆਂ ਔਕੜਾਂ ਤੋਂ ਸੁਚੇਤ ਕਰਦਾ ਹੈ।
(ਖ) ਸੰਬੰਧਿਤ ਸਾਹਿਤ ਪ੍ਰੇਰਨਾ ਦਾ ਸ੍ਰੋਤ ਹੁੰਦਾ ਹੈ।
(ਗ) ਸੰਬੰਧਿਤ ਸਾਹਿਤ ਦਾ ਅਧਿਐਨ ਖੋਜ ਦੇ ਸਿੱਟਿਆਂ ਦੀ ਤੁਲਨਾ ਤੇ ਵੈਧਤਾ ਲਈ ਸਮੱਗਰੀ ਮੁਹੱਈਆ ਕਰਦਾ ਹੈ।
(ਘ) ਸਾਹਿਤ ਦੇ ਅਧਿਐਨ ਨਾਲ ਹੀ ਸਹੀ ਦਿਸ਼ਾ ਪ੍ਰਾਪਤ ਹੁੰਦੀ ਹੈ।
(ਙ) ਸੰਬੰਧਿਤ ਸਾਹਿਤ ਦਾ ਅਧਿਐਨ ਆਪਣੇ-ਆਪ ਵਿੱਚ ਹੀ ਖੋਜ ਹੈ।

### ਸੰਬੰਧਿਤ ਸਾਹਿਤ ਦੇ ਸ੍ਰੋਤ :

ਵੈਸੇ ਤਾਂ ਖੋਜ ਸਮੱਸਿਆ ਦਾ ਨਿਰਣਾ ਲੈਣ ਤੋਂ ਪਹਿਲਾਂ ਵੀ ਸਾਹਿਤ ਦਾ ਅਧਿਐਨ ਕੀਤਾ ਜਾਂਦਾ ਹੈ, ਪਰੰਤੂ ਇਸਦਾ ਅਸਲੀ ਅਧਿਐਨ ਸਮੱਸਿਆ ਦੇ ਫ਼ੈਸਲੇ ਤੋਂ ਬਾਅਦ ਹੀ ਹੁੰਦਾ ਹੈ ਜਿਸ ਨਾਲ ਸਮੱਸਿਆ ਦਾ ਸਪੱਸ਼ਟੀਕਰਣ ਹੁੰਦਾ ਹੈ ਅਤੇ ਉਸਦੀ ਹੱਦਬੰਦੀ ਉਲੀਕੀ ਜਾ ਸਕਦੀ ਹੈ। ਇਸ ਸਾਹਿਤ ਦੇ ਬਹੁਤ ਸਾਰੇ ਸ੍ਰੋਤ ਹੁੰਦੇ ਹਨ, ਜਿਵੇਂ ਕਿ :

(ੳ) ਪੁਸਤਕਾਂ ਅਤੇ ਪਾਠ-ਪੁਸਤਕ ਸਮੱਗਰੀ।
(ਅ) ਪੱਤ੍ਰਿਕਾਵਾਂ
(ੲ) ਮਹਾਂਕੋਸ਼
(ਸ) ਵਿਸ਼ਵ ਜਾਣਕਾਰੀ ਪੁਸਤਕਾਂ
(ਹ) ਅੰਤਰ-ਰਾਸ਼ਟਰੀ ਸਿੱਖਿਆ ਦੀ ਜਾਣਕਾਰੀ
(ਕ) ਉਚੇਚੇ ਸ਼ਬਦ ਕੋਸ਼।

(ਖ) ਡਿਜ਼ਰਟੇਸ਼ਨ ਅਤੇ ਥੀਸਿਜ਼

(ਗ) ਅਖ਼ਬਾਰਾਂ

(ਘ) ਖੋਜ-ਪੱਤ੍ਰਿਕਾਵਾਂ।

ਇਨ੍ਹਾਂ ਸ੍ਰੋਤਾਂ ਦੇ ਅਧਿਐਨ ਸਮੇਂ ਇੱਕ ਹਦਾਇਤ ਜਿਹੜੀ ਖੋਜਾਰਥੀ ਨੂੰ ਅਮਲ ਵਿੱਚ ਲਿਆਉਣੀ ਚਾਹੀਦੀ ਹੈ, ਉਹ ਹੈ ਹਰ ਪੁਸਤਕ, ਪੱਤ੍ਰਿਕਾ, ਇੰਡੈਕਸ ਜਾਂ ਸਾਰ ਤੇ ਮਹਾਂਕੋਸ਼ ਦਾ ਹਵਾਲਾ ਨੋਟ ਕਰੇ, ਲੇਖਕ ਅਤੇ ਪ੍ਰਕਾਸ਼ਕ ਦਾ ਨਾਂ ਨੋਟ ਕਰੇ ਅਤੇ ਪ੍ਰਕਾਸ਼ਨ ਦਾ ਸਾਲ ਸਭ ਕੁਝ ਸਾਫ਼-ਸਾਫ਼ ਨੋਟ ਕਰੇ। ਖੋਜਾਰਥੀ ਨੂੰ ਉਚੇਰੀਆਂ ਡਿਕਸ਼ਨਰੀਆਂ ਦੀ ਸਹਾਇਤਾ ਲੈਣੀ ਚਾਹੀਦੀ ਹੈ। ਕਈ ਵਾਰ ਸ਼ਬਦਾਂ ਦੇ ਅਰਥ ਭਿੰਨ-ਭਿੰਨ ਹੁੰਦੇ ਹਨ। ਇਸ ਲਈ ਢੁੱਕਵੇਂ ਅਰਥਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਖੋਜ-ਕਰਤਾ ਨੂੰ ਲਾਇਬ੍ਰੇਰੀ ਨੂੰ ਵਰਤਣ ਦਾ ਢੰਗ ਆਉਣਾ ਚਾਹੀਦਾ ਹੈ ਕਿ ਲਾਇਬ੍ਰੇਰੀ ਦੇ ਕੀ ਨਿਯਮ ਹਨ, ਕੈਟਾਲਾਗਿੰਗ ਪ੍ਰਣਾਲੀ ਕੀ ਹੈ, ਪੁਸਤਕ ਕਾਰਡ ਕਿੰਨੇ ਕਿਸਮ ਦੇ ਹਨ, ਉਨ੍ਹਾਂ ਨੂੰ ਕਿਵੇਂ ਵਰਤਿਆ ਜਾਂਦਾ ਹੈ, ਵਗੈਰਾ ਵਗੈਰਾ। ਜਿਸ ਸਾਹਿਤ ਦਾ ਅਧਿਐਨ ਕੀਤਾ ਜਾਵੇ, ਉਸ ਦਾ ਸਹੀ-ਸਹੀ ਤੇ ਨਿਰੰਤਰ ਰਿਕਾਰਡ ਰੱਖਣਾ ਬੜਾ ਜ਼ਰੂਰੀ ਹੈ, ਕਿਉਂਕਿ ਸਾਹਿਤ ਦੇ ਅਧਿਐਨ ਦੀਆਂ ਦੋ ਸ਼ਰਤਾਂ ਹਨ। ਇੱਕ ਹੈ ਸ਼ੁੱਧਤਾ ਅਤੇ ਦੂਸਰੀ ਨਿਰੰਤਰਤਾ। ਕਿਸੇ ਵੀ ਲੇਖਕ ਦੇ ਵਿਚਾਰ ਉਸਦੇ ਮੂਲ ਸ਼ਬਦਾਂ ਵਿੱਚ ਨੋਟ ਕੀਤੇ ਜਾਣ ਨਾ ਕਿ ਖੋਜਾਰਥੀ ਦੇ ਆਪਣੇ ਸ਼ਬਦਾਂ ਵਿੱਚ। ਨੋਟਸ ਲੈਂਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਲਿਖਾਈ ਸਾਫ਼ ਹੋਵੇ ਅਤੇ ਲੋੜ ਤੋਂ ਵੱਧ ਸਮੱਗਰੀ ਦੀ ਨਕਲ ਕੀਤੀ ਜਾਵੇ ਕਿਉਂਕਿ ਮੁੜ ਉਨ੍ਹਾਂ ਸ੍ਰੋਤਾਂ ਦੀ ਭਾਲ ਮੁਸ਼ਕਿਲ ਹੋ ਜਾਂਦੀ ਹੈ।

ਖੋਜਾਰਥੀ ਨੂੰ ਸਾਰੇ ਸਾਹਿਤ ਦਾ ਅਧਿਐਨ ਕਰਨਾ ਚਾਹੀਦਾ ਹੈ। ਕੋਈ ਵੀ ਅਜਿਹਾ ਸਰੋਤ ਛੱਡਣਾ ਨਹੀਂ ਚਾਹੀਦਾ, ਜਿਸ ਵਿੱਚ ਖੋਜ ਸਮੱਸਿਆ ਨਾਲ ਸੰਬੰਧਿਤ ਸਮੱਗਰੀ ਹੋਵੇ। ਇਸ ਤੋਂ ਬਾਅਦ ਕੋਈ ਵਿਉਂਤ ਬਣਾਕੇ ਉਸ ਅਨੁਸਾਰ ਖੋਜਾਂ ਦਾ ਵਰਗੀਕਰਣ ਕੀਤਾ ਜਾਣਾ ਚਾਹੀਦਾ ਹੈ। ਇਹ ਖੋਜਾਂ ਭਾਵੇਂ ਵਿਦੇਸ਼ੀ ਅਤੇ ਦੇਸੀ ਹੋਣ ਭਾਵੇਂ ਇਨ੍ਹਾਂ ਦੀ ਵੰਡ ਕਾਲ ਅਨੁਸਾਰ ਹੋਵੇ। ਖੋਜਾਂ ਨੂੰ ਕ੍ਰਮ ਅਨੁਸਾਰ ਰੱਖਣਾ ਚਾਹੀਦਾ ਹੈ।

### 1.4.4 ਪਰਿ-ਕਲਪਨਾਵਾਂ ਦਾ ਨਿਰਮਾਣ (Formulation of Hypothesis) :

ਜਦੋਂ ਸਮੱਸਿਆ ਦੀ ਚੋਣ ਕਰ ਲਈ ਜਾਂਦੀ ਹੈ ਤਾਂ ਅਗਲਾ ਕੰਮ ਹੁੰਦਾ ਹੈ, ਖੋਜ ਕਰਤਾ ਉਸ ਸਮੱਸਿਆ ਦਾ ਅਜਮਾਇਸ਼ੀ ਹੱਲ ਜਾਂ ਜਵਾਬ ਲੱਭੇ। ਇਸ ਨੂੰ ਪਹਿਲਾਂ ਜਾਣੇ ਤੱਥਾਂ ਜਾਂ ਜਾਣੇ ਜਾ ਸਕਣ ਵਾਲੇ ਤੱਥਾਂ ਦੇ ਆਧਾਰ ਤੇ ਟੈਸਟ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਪਰਿ-ਕਲਪਨਾਵਾਂ ਦੀ ਅਣਹੋਂਦ ਵਿਚ ਉਹ ਆਪਣੇ ਖੋਜ ਕੰਮ ਵਿਚ ਅੱਗੇ ਨਹੀਂ ਵੱਧ ਸਕਦਾ ਕਿਉਂਕਿ ਉਸ ਕੋਲ ਗਾਇਡ ਨਹੀਂ ਹੁੰਦਾ। ਉਸ ਨੂੰ ਪਤਾ ਨਹੀਂ ਲਗਦਾ ਕਿ ਉਹ ਕਿਸ ਤੱਥ ਦੀ ਖੋਜ ਕਰੇ ਜਾਂ ਕਿੰਨਾ ਰਿਸ਼ਤਿਆਂ ਜਾਂ ਸੰਬੰਧਾਂ ਨੂੰ ਲੱਭਣ ਦੀ ਕੋਸ਼ਿਸ਼ ਕਰੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪਰਿ-ਕਲਪਨਾਵਾਂ ਘਟਨਾਵਾਂ ਜਾਂ ਤੱਥਾਂ ਦੇ ਜੰਗਲ ਵਿਚੋਂ ਖੋਜੀ ਦੀ ਸਮੱਸਿਆ ਨਾਲ ਸੰਬੰਧਤ ਤੱਥਾਂ ਜਾਂ ਰਿਸ਼ਤਿਆਂ ਦੀ ਚੋਣ ਬਾਰੇ ਉਸ ਨੂੰ ਗਾਇਡ ਕਰਦੀਆਂ ਹਨ। ਲੰਡਬਰਗ ਦਾ ਪਰਿ-ਕਲਪਨਾਵਾਂ ਦੀ ਮਹੱਤਤਾ ਬਾਰੇ ਇਹ ਵਿਚਾਰ ਸੀ ਕਿ ਪਰਿ-ਕਲਪਨਾਵਾਂ ਤੋਂ ਬਿਨਾਂ ਇਕੱਠੇ ਕੀਤੇ ਅੰਕੜੇ ਅਤੇ ਪਰਿ-ਕਲਪਨਾਵਾਂ ਦੀ ਸਹਾਇਤਾ ਨਾਲ ਇਕੱਠੇ ਕੀਤੇ ਅੰਕੜਿਆਂ ਵਿਚ ਫਰਕ ਹੈ ਕਿਉਂਕਿ ਬਾਅਦ ਵਾਲੇ ਕੇਸ ਵਿਚ ਅਸੀਂ ਆਪ ਆਪਣੇ ਅਨੁਭਵ ਦੀਆਂ ਸੀਮਾਵਾਂ ਨੂੰ ਪਹਿਚਾਣਦੇ ਹਾਂ ਅਤੇ ਖੋਜ ਖੇਤਰ ਨੂੰ ਘਟਾ ਕੇ ਇਨ੍ਹਾਂ ਦੀ ਭਰਮਸ਼ੀਲਤਾ ਨੂੰ ਘਟਾਉਣ ਦਾ ਯਤਨ ਕਰਦੇ ਹਾਂ ਤਾਂ ਕਿ ਖਾਸ ਪੱਖ ਤੇ ਜ਼ਿਆਦਾ ਧਿਆਨ ਦੇਣ ਤੋਂ ਰੋਕਿਆ ਜਾ ਸਕੇ ਜਿਸ ਨੂੰ ਪਿਛਲਾ ਤਜ਼ਰਬਾ ਦੱਸਦਾ ਹੈ ਕਿ ਸਾਡੇ ਉਦੇਸ਼ ਲਈ ਇਸ ਦੀ ਕੋਈ ਮਹੱਤਤਾ ਨਹੀਂ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਅਸੀਂ ਆਪਣੇ ਟੀਚੇ ਵੱਲ ਵੱਧਣਾ ਚਾਹੁੰਦੇ ਹਾਂ ਜਿਸ ਦਾ ਸਾਨੂੰ ਪਤਾ ਨਹੀਂ ਤਾਂ ਅਸੀਂ ਕਿਸੇ ਵਿਚਾਰ ਨੂੰ ਬਣਾਉਂਦੇ ਹਾਂ ਜੋ ਸਾਨੂੰ ਸਾਡੇ ਆਸ਼ੇ ਵਾਲੀ ਜਗ੍ਹਾ ਵੱਲ ਸੇਧ ਦੇਵੇ। ਹੋ ਸਕਦਾ ਹੈ ਕਿ ਇਹ ਬਿਲਕੁਲ ਠੀਕ ਹੋਵੇ ਜਾਂ ਕੁਝ ਠੀਕ ਹੋਵੇ ਜਾਂ ਬਿਲਕੁਲ ਗਲਤ ਹੋਵੇ। ਸੋ ਸਾਡੇ ਲਈ ਕੋਈ ਨਾ ਕੋਈ ਗਾਇਡ ਜ਼ਰੂਰ ਹੋਣਾ ਚਾਹੀਦਾ ਹੈ, ਜੋ ਸਾਨੂੰ ਟੀਚੇ ਤੇ ਪਹੁੰਚਾ ਦੇਵੇ। ਬਿਨਾਂ ਸੋਚੇ ਸਮਝੇ ਚਲ ਪੈਣ ਨਾਲ ਤਾਂ ਭਟਕਣ ਦੇ ਅਵਸਰ ਜ਼ਿਆਦਾ ਬਣੇ ਰਹਿੰਦੇ ਹਨ।

**ਜੀ.ਈ. ਲੰਡਬਰਗ** ਅਨੁਸਾਰ ਪਰਿ-ਕਲਪਨਾ ਇਕ ਅੰਦਾਜ਼ਨਾਤਮਕ ਸਾਧਾਰਨੀਕਰਨ ਹੈ ਜਿਸ ਦੀ ਪ੍ਰਮਾਣਿਕਤਾ ਅਜੇ ਟੈਸਟ ਕੀਤੀ ਜਾਣੀ ਹੈ। ਇਸ ਦੀ ਮੁੱਢਲੀ ਸਟੇਜ ਵਿਚ ਇਹ ਅੰਦਾਜ਼ਾ, ਗੈੱਸ ਜਾਂ ਅਨੁਮਾਨਿਕ ਵਿਚਾਰ ਹੋ ਸਕਦੀ ਹੈ ਜੋ ਕਾਰਕ ਜਾਂ ਖੋਜ ਦਾ ਆਧਾਰ ਬਣ ਸਕਦੀ ਹੈ। ਇਸੇ ਤਰ੍ਹਾਂ **ਗੁੱਡ** ਅਤੇ **ਹੈਟ** ਅਨੁਸਾਰ, ਇਹ ਇਕ ਤਜਵੀਜ

ਜਾਂ ਸੁਝਾਓ ਹੈ ਜਿਸ ਦੀ ਪ੍ਰਮਾਣਯੋਗਤਾ ਨੂੰ ਨਿਰਧਾਰਿਤ ਕਰਨ ਲਈ ਇਸ ਨੂੰ ਟੈਸਟ ਕੀਤਾ ਜਾ ਸਕਦਾ ਹੈ। ਪਰਿ-ਕਲਪਨਾ ਉਹ ਹੀ ਨਹੀਂ ਜਿਵੇਂ ਸਿਧਾਂਤ ਹੁੰਦਾ ਹੈ, ਪਰ ਦੋਵਾਂ ਦਾ ਬਹੁਤ ਨੇੜੇ ਦਾ ਸੰਬੰਧ ਹੈ। **ਵਿਲੀਅਮ ਐਚ. ਜਾਰਜ** ਅਨੁਸਾਰ ਸਿਧਾਂਤ ਇਕ ਵਿਸਤ੍ਰਿਤ ਪਰਿ-ਕਲਪਨਾ ਹੈ। ਪਰਿ-ਕਲਪਨਾਵਾਂ ਅਸਲ ਵਿਚ ਸਿਧਾਂਤ ਵਿਚੋਂ ਹੀ ਬਣਾਈਆਂ ਜਾਂਦੀਆਂ ਹਨ। ਇਹ ਇਕ ਸਾਧਾਰਨੀਕਰਨ ਹੁੰਦਾ ਹੈ ਜੋ ਸਿਧਾਂਤ ਵਿਚੋਂ ਹੀ ਕੱਢਿਆ ਜਾਂਦਾ ਹੈ ਅਤੇ ਜਦੋਂ ਇਸ ਨੂੰ ਟੈਸਟ ਕਰਨ ਤੇ ਠੀਕ ਪਾਇਆ ਜਾਂਦਾ ਹੈ ਤਾਂ ਇਹ ਸਿਧਾਂਤ ਦਾ ਹੀ ਹਿੱਸਾ ਬਣ ਜਾਂਦਾ ਹੈ। ਜਿਸ ਤੋਂ ਭਾਵ ਹੈ ਦੋਵੇਂ ਇਕ ਦੂਜੇ ਉਪਰ ਨਿਰਭਰ ਹਨ। ਜੋ ਪਰਿ-ਕਲਪਨਾਵਾਂ ਟੈਸਟ ਸਮੇਂ ਫਿਟ ਨਹੀਂ ਬੈਠਦੀਆਂ ਉਹ ਛੱਡ ਦਿੱਤੀਆਂ ਜਾਂਦੀਆਂ ਹਨ।

### ਪਰਿ-ਕਲਪਨਾ ਦਾ ਸਰੋਤ (Sources of hypothesis)

(ੳ) ਜਨਰਲ ਸੰਸਕ੍ਰਿਤੀ (General Culture)
(ਅ) ਵਿਗਿਆਨਕ ਸਿਧਾਂਤ (Scientific theory)
(ੲ) ਵਿਅਕਤੀਗਤ ਤਜਰਬਾ (Personal experience)
(ਸ) ਸਮਰੂਪਤਾ (Analogies)

### ਪਰਿ-ਕਲਪਨਾ ਦੇ ਗੁਣ (Qualities of hypothesis)

(i) ਸੰਕਲਪੀ ਸਪਸ਼ਟਤਾ (Conceptually clear)
(ii) ਸਪਸ਼ਟ (Specific)
(iii) ਉਪਲਬਧ ਤਕਨੀਕ ਨਾਲ ਸੰਬੰਧਤ (Related to available technique)
(iv) ਸਿਧਾਂਤ ਨਾਲ ਸੰਬੰਧਤ (Related to body of theory)
(v) ਪ੍ਰਯੋਗ ਸਿੱਧ ਟੈਸਟ ਦੇ ਯੋਗ (Capable to empirical test)

### 1.4.5 ਸਮੱਗਰੀ ਇਕੱਠੀ ਕਰਨਾ :

ਪਰਿ-ਕਲਪਨਾਵਾਂ ਦੇ ਨਿਰਮਾਣ ਤੋਂ ਬਾਅਦ ਪਰਿ-ਕਲਪਨਾਵਾਂ ਦੀ ਪ੍ਰਮਾਣਯੋਗਤਾ ਨੂੰ ਟੈਸਟ ਕਰਨ ਦੀ ਵਾਰੀ ਆਉਂਦੀ ਹੈ। ਇਸ ਵਾਸਤੇ ਤੱਥਾਂ ਦੇ ਨਿਰੀਖਣ ਅਤੇ ਸਮੱਗਰੀ ਇਕੱਠੀ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਵੇਖਣਾ ਹੁੰਦਾ ਹੈ ਕਿ ਕਿਸ ਕਿਸਮ ਦੀ ਸਮੱਗਰੀ ਦੀ ਜ਼ਰੂਰਤ ਹੈ ਤਾਂ ਕਿ ਪਰਿ-ਕਲਪਨਾਵਾਂ ਦੀ ਪ੍ਰਮਾਣਯੋਗਤਾ ਸਥਾਪਿਤ ਕੀਤੀ ਜਾ ਸਕੇ। ਖੋਜ ਨਾਲ ਸੰਬੰਧਤ ਸਮੱਗਰੀ ਇਕੱਤਰ ਕਰਨ ਦੇ ਬਹੁਤ ਸਾਰੇ ਢੰਗ ਹਨ ਅਤੇ ਇਕੱਤਰ ਕੀਤੀ ਜਾਣ ਵਾਲੀ ਸਮੱਗਰੀ ਦੋ ਤਰ੍ਹਾਂ ਦੀ ਹੁੰਦੀ ਹੈ।

1. ਪ੍ਰਥਮ ਸਮੱਗਰੀ (Primary data)
2. ਗੌਣ ਸਮੱਗਰੀ (Secondary data)

ਅਲੱਗ-ਅਲੱਗ ਤਰ੍ਹਾਂ ਦੇ ਅੰਕੜਿਆਂ ਨੂੰ ਇਕੱਤਰ ਕਰਨ ਵਾਸਤੇ ਅਲੱਗ ਅਲੱਗ ਤਰ੍ਹਾਂ ਦੀਆਂ ਵਿਧੀਆਂ ਦੀ ਲੋੜ ਪੈਂਦੀ ਹੈ। ਇਹ ਨਿਰਭਰ ਕਰਦਾ ਹੈ ਕਿ ਅਸੀਂ ਕਿਹੋ ਜਿਹੀ ਸਮੱਗਰੀ ਇਕੱਤਰ ਕਰਨਾ ਚਾਹੁੰਦੇ ਹਾਂ। ਪਰ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਸਮੱਗਰੀ ਖੋਜੀ ਦੀ ਸਮੱਸਿਆ ਨਾਲ ਸੰਬੰਧਤ ਹੋਣੀ ਚਾਹੀਦੀ ਹੈ। ਸਮੱਗਰੀ ਇਕੱਤਰ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਖੋਜੀ ਪਹਿਲਾਂ ਬ੍ਰਹਿਮੰਡ (universe) ਬਾਰੇ ਫੈਸਲਾ ਕਰੇ ਜਿਥੋਂ ਉਸਨੇ ਸਮੱਗਰੀ ਇਕੱਤਰ ਕਰਨੀ ਹੈ ਤੇ ਕਿਹੋ ਜਿਹੀ ਸਮੱਗਰੀ ਇਕੱਤਰ ਕਰਨੀ ਹੈ ਪ੍ਰਥਮ ਜਾਂ ਗੌਣ ਸਮੱਗਰੀ। ਇਸ ਤੋਂ ਬਾਅਦ ਜੇ ਬ੍ਰਹਿਮੰਡ ਵੱਡਾ ਹੋਵੇ ਅਤੇ ਉਸ ਨੇ ਪ੍ਰਥਮ ਸਮੱਗਰੀ ਇਕੱਤਰ ਕਰਨੀ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਸੈਂਪਲ ਲੈ ਲਵੇ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੈਂਪਲ ਕਿਹੋ ਜਿਹਾ ਹੋਵੇ। ਰੈਂਡਮ ਸੈਂਪਲ, ਉਦੇਸ਼ਾਤਮਿਕ ਸੈਂਪਲ, ਸਟਰਾਟੀਫਾਈਡ ਸੈਂਪਲ, ਕੋਟਾ ਸੈਂਪਲ, ਮਲਟੀ ਸਟੇਜ ਸੈਂਪਲ, ਆਪਣੇ ਆਪ ਚੁਣਿਆ ਸੈਂਪਲ ਆਦਿ। ਸੈਂਪਲ ਦੀ ਕਿਸਮ ਦੀ ਚੋਣ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਤੁਹਾਡੀ ਸਮੱਸਿਆ ਦੀ ਪ੍ਰਕ੍ਰਿਤੀ ਕੀ ਹੈ ਅਤੇ ਤੁਹਾਡੇ ਬ੍ਰਹਿਮੰਡ ਦੀ ਬਣਤਰ ਕਿਹੋ ਜਿਹੀ ਹੈ ਭਾਵ ਉਥੇ ਲੋਕ ਕਿਸ ਤਰ੍ਹਾਂ ਦੇ ਹਨ ਜਾਂ ਵੱਖ ਵੱਖ ਜਾਤੀਆਂ, ਨਸਲਾਂ, ਧਰਮਾਂ, ਜਮਾਤਾਂ ਅਤੇ ਰੰਗਾਂ ਦੇ। ਉਸ ਤੋਂ ਬਾਅਦ ਬ੍ਰਹਿਮੰਡ ਵਿਚ ਵਸਦੇ ਲੋਕਾਂ ਦੇ ਘਰਾਂ ਦੀ ਸੂਚੀ ਲਈ ਜਾਂਦੀ ਹੈ ਤਾਂ ਕਿ ਸੈਂਪਲ ਕੱਢਿਆ ਜਾ ਸਕੇ।

ਸੈਂਪਲ ਦੀ ਹਰ ਕਿਸਮ ਦੇ ਆਪਣੇ ਫਾਇਦੇ ਅਤੇ ਨੁਕਸਾਨ ਹਨ। ਜਿਨ੍ਹਾਂ ਦਾ ਜ਼ਿਕਰ ਇਥੇ ਕਰਨਾ ਅਸੰਭਵ ਹੈ ਸੈਂਪਲ ਕੱਢਣ ਤੋਂ ਬਾਅਦ ਫਿਰ ਸੁਆਲ ਉਠਦਾ ਹੈ ਕਿ ਚੁਣੇ ਸੈਂਪਲ ਵਿਚ ਸਮੱਗਰੀ ਇਕੱਤਰ ਕਰਨ ਲਈ ਕਿਸ ਵਿਧੀ

ਦੀ ਵਰਤੋਂ ਕੀਤੀ ਜਾਵੇ। ਵਿਧੀ ਦੇ ਚੁਣਨ ਤੋਂ ਪਹਿਲਾਂ ਫਿਰ ਗੱਲ ਵੇਖਣੀ ਬਣਦੀ ਹੈ ਕਿ ਬ੍ਰਹਿਮੰਡ ਤੁਹਾਡੀ ਜਗ੍ਹਾ ਤੋਂ ਕਿੰਨੀ ਦੂਰੀ ਤੇ ਹੈ। ਤੁਸੀਂ ਕਿਹੋ ਜਿਹੀ ਸਮੱਗਰੀ ਇਕੱਤਰ ਕਰਨਾ ਚਾਹੁੰਦੇ ਹੋ। ਉਥੇ ਰਹਿੰਦੇ ਲੋਕ ਪੜ੍ਹੇ ਲਿਖੇ ਹਨ ਜਾਂ ਨਹੀਂ। ਤੁਹਾਡੀ ਸਮੱਸਿਆ ਦੀ ਪ੍ਰਕ੍ਰਿਤੀ ਕੀ ਹੈ। ਤੁਹਾਡੇ ਕੋਲ ਸਮੱਗਰੀ ਇਕੱਤਰ ਕਰਨ ਵਾਲੀ ਜੋ ਟੀਮ ਹੈ ਉਹ ਕਿੰਨੀ ਕੁ ਕੁਸ਼ਲ ਹੈ। ਤੁਸੀਂ ਸਮੱਗਰੀ ਕਿੰਨੀ ਜਲਦੀ ਇਕੱਤਰ ਕਰਨਾ ਚਾਹੁੰਦੇ ਹੋ ਆਦਿ। ਸਮੱਗਰੀ ਇਕੱਤਰ ਕਰਨ ਦੇ ਮੁੱਖ ਢੰਗ ਹੇਠ ਲਿਖੇ ਹਨ।

**1.4.5.1 ਸ਼ਡਿਊਲ (Schedule) :** ਸਮਾਜਿਕ ਸਰਵੇ ਵਾਸਤੇ ਦੋ ਹੀ ਮਹੱਤਵਪੂਰਣ ਵਿਧੀਆਂ ਹਨ, ਸ਼ਡਿਊਲ ਅਤੇ ਪ੍ਰਸ਼ਨਾਵਲੀ। ਦੋਹਾਂ ਦੀ ਬਣਤਰ ਵਿਚ ਬਹੁਤ ਹੀ ਥੋੜ੍ਹਾ ਫਰਕ ਹੈ। ਸ਼ਡਿਊਲ ਦੀ ਵਰਤੋਂ ਵਿਧੀ ਇੰਟਰਵਿਊ ਵੇਲੇ ਕੀਤੀ ਜਾਂਦੀ ਹੈ ਅਤੇ ਇਹ ਖੋਜ ਕਰਤਾ ਦੁਆਰਾ ਉਤਰਦਾਤੇ ਤੋਂ ਸਵਾਲ ਪੁੱਛ ਕੇ ਆਪ ਭਰੀ ਜਾਂਦੀ ਹੈ। ਉਸ ਦੇ ਉਲਟ ਪ੍ਰਸ਼ਨਾਵਲੀ ਉਤਰਦਾਤਿਆਂ ਕੋਲ ਡਾਕ ਰਾਹੀਂ ਭੇਜੀ ਜਾਂਦੀ ਹੈ ਜਿਸ ਨੂੰ ਉਤਰਦਾਤੇ ਭਰ ਕੇ ਡਾਕ ਰਾਹੀਂ ਹੀ ਖੋਜੀ ਕੋਲ ਵਾਪਿਸ ਭੇਜ ਦਿੰਦੇ ਹਨ। ਸ਼ਡਿਊਲ ਵਿਚ ਸੁਆਲ ਪੁੱਛੇ ਹੁੰਦੇ ਹਨ ਜਾਂ ਖਾਲੀ ਟੇਬਲ ਹੁੰਦੇ ਹਨ। ਜੋ ਖੋਜ-ਕਰਤਾ ਉਤਰਦਾਤਿਆਂ ਦੇ ਜਵਾਬ ਅਨੁਸਾਰ ਭਰਦਾ ਹੈ। ਇਨ੍ਹਾਂ ਦੀ ਵਰਤੋਂ ਖੋਜ ਵਿਚ ਵਾਸਤਵਿਕਤਾ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ। ਪ੍ਰਸ਼ਨਾਂ ਦੀ ਭਾਸ਼ਾ ਸਰਲ ਤੇ ਸਪਸ਼ਟ ਹੁੰਦੀ ਹੈ ਤਾਂ ਕਿ ਉਤਰਦਾਤੇ ਅਤੇ ਖੋਜੀ ਦੋਹਾਂ ਨੂੰ ਸਮੱਸਿਆ ਨਾ ਆ ਸਕੇ। ਸ਼ਡਿਊਲ ਅੱਗੇ ਚਾਰ ਕਿਸਮ ਦੀ ਹੁੰਦੀ ਹੈ : (ੳ) ਨਿਰੀਖਣ ਸ਼ਡਿਊਲ (Observation Schedule), (ਅ) ਰੇਟਿੰਗ ਸ਼ਡਿਊਲ (Rating Schedule), (ੲ) ਦਸਤਾਵੇਜੀ ਸ਼ਡਿਊਲ (Document Schedule), (ਸ) ਇੰਟਰਵਿਊ ਸ਼ਡਿਊਲ (Interview Schedule)। ਚੰਗੀ ਸਾਰਣੀ ਉਹ ਹੁੰਦੀ ਹੈ ਜੋ ਸਹੀ ਪੁੱਛੀ ਜਾਣ ਵਾਲੀ ਗੱਲ ਉਤਰਦਾਤੇ ਤਕ ਪਹੁੰਚਾ ਸਕੇ ਤਾਂ ਕਿ ਉਤਰਦਾਤਾ ਪੁੱਛੇ ਪ੍ਰਸ਼ਨ ਦਾ ਵਾਜਿਬ ਜਵਾਬ ਦੇ ਸਕੇ। ਸ਼ਡਿਊਲ ਦੀ ਬਣਤਰ ਬਹੁਤ ਹੀ ਦਿਲ ਖਿਚਵੀਂ ਹੋਣੀ ਚਾਹੀਦੀ ਹੈ। ਵਾਪਿਸ ਸਵਾਲ ਵੀ ਪੁੱਛੇ ਜਾਣੇ ਚਾਹੀਦੇ ਹਨ। ਸਵਾਲ ਇਹੋ ਜਿਹੇ ਅਤੇ ਇਸ ਤਰ੍ਹਾਂ ਪੁੱਛੇ ਜਾਣ ਕਿ ਉਤਰਦਾਤੇ ਦੀ ਰੁਚੀ ਬਣੀ ਰਹੇ, ਉਹ ਉਕਤਾਏ ਨਹੀਂ ਨਾ ਹੀ ਉਹ ਬੇਇੱਜ਼ਤ ਜਾਂ ਸ਼ਰਮਸਾਰ ਮਹਿਸੂਸ ਕਰੇ। ਵਿੰਗੇ ਟੇਢੇ ਸਵਾਲਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ।

**1.4.5.2 ਪ੍ਰਸ਼ਨਾਵਲੀ (Questionnaire) :** ਜਿਵੇਂ ਕਿ ਦੱਸਿਆ ਗਿਆ ਹੈ ਕਿ ਪ੍ਰਸ਼ਨਾਵਲੀ ਅਤੇ ਸਾਰਣੀ ਵਿਚ ਫਰਕ ਹੀ ਸਿਰਫ਼ ਇਹ ਹੈ ਕਿ ਪ੍ਰਸ਼ਨਾਵਲੀ ਬ੍ਰਹਿਮੰਡ ਵਿਚ ਚੁਣੇ ਹੋਏ ਉਤਰਦਾਤਿਆਂ ਨੂੰ ਡਾਕ ਰਾਹੀਂ ਭੇਜੀ ਜਾਂਦੀ ਹੈ ਅਤੇ ਪੁੱਛੇ ਸਵਾਲਾਂ ਦੇ ਜਵਾਬ ਠੀਕ ਜਗ੍ਹਾ ਤੇ ਭਰ ਕੇ ਦਿੱਤੇ ਸਮੇਂ ਅਨੁਸਾਰ ਖੋਜ ਕਰਤਾ ਜਾਂ ਸੰਸਥਾ ਨੂੰ ਭੇਜ ਦਿੰਦੇ ਹਨ। ਜੇ ਉਹ ਠੀਕ ਸਮੇਂ ਨਾ ਭੇਜੇ ਤਾਂ ਫਿਰ ਖੋਜ ਕਰਤਾ ਵਲੋਂ ਉਸ ਨੂੰ ਯਾਦ ਪੱਤਰ ਭੇਜਿਆ ਜਾਂਦਾ ਹੈ। ਫੇਰ ਵੀ ਨਾ ਭੇਜਣ ਤੇ ਅਖੀਰ ਵਿਚ ਉਸ ਉਤਰਦਾਤੇ ਦਾ ਨਾਂ ਲਿਸਟ ਵਿਚੋਂ ਕੱਟ ਜਾਂਦਾ ਹੈ ਅਤੇ ਕਿਸੇ ਨਵੇਂ ਉਤਰਦਾਤੇ ਨੂੰ ਪ੍ਰਸ਼ਨਾਵਲੀ ਭੇਜੀ ਜਾਂਦੀ ਹੈ। ਪ੍ਰਸ਼ਨਾਵਲੀ ਦਾ ਆਕਾਰ ਨਾ ਬਹੁਤ ਵੱਡਾ ਹੋਣਾ ਚਾਹੀਦਾ ਹੈ ਤੇ ਨਾ ਬਹੁਤ ਛੋਟਾ। ਪ੍ਰਸ਼ਨ ਸਾਫ ਤੇ ਸਪਸ਼ਟ ਹੋਣੇ ਚਾਹੀਦੇ ਹਨ। ਪ੍ਰਸ਼ਨ ਕ੍ਰਮਵਾਰ ਹੋਣੇ ਚਾਹੀਦੇ ਹਨ ਤਾਂ ਕਿ ਖੋਜ ਕਰਤਾ ਅਤੇ ਉਤਰਦਾਤਾ ਦੀ ਰੁਚੀ ਬਣੀ ਰਹੇ।

**1.4.5.3 ਇੰਟਰਵਿਊ (Interview) :** ਇਹ ਉਹ ਵਿਧੀ ਹੈ ਜਿਸ ਵਿਚ ਖੋਜ ਕਾਰਜ ਅਤੇ ਉਤਰਦਾਤੇ ਆਹਮੋ-ਸਾਹਮਣੇ ਬੈਠ ਕੇ ਵਾਰਤਾਲਾਪ ਕਰਦੇ ਹਨ। ਇੰਟਰਵਿਊ ਕਰਨ ਵਾਲਾ ਸਵਾਲ ਪੁਛਦਾ ਹੈ ਉਤਰਦਾਤਾ ਉਸ ਦਾ ਜਵਾਬ ਦਿੰਦਾ ਹੈ। ਇਸ ਵਿਚ ਜ਼ਿਆਦਾ ਸਪਸ਼ਟ ਜਵਾਬ ਮਿਲਦੇ ਹਨ ਕਿਉਂਕਿ ਜੇ ਉਤਰਦਾਤਾ ਸਵਾਲ ਨਾ ਸਮਝੇ ਜਾਂ ਗਲਤ ਜਵਾਬ ਦੇਵੇ ਤਾਂ ਇੰਟਰਵਿਊ ਲੈਣ ਵਾਲਾ ਉਸ ਨੂੰ ਸੋਧ ਦਿੰਦਾ ਹੈ। ਉਸ ਦਾ ਧਿਆਨ ਠੀਕ ਦਿਸ਼ਾ ਵੱਲ ਕਰਦਾ ਹੈ। ਉਤਰਦਾਤਾ ਆਪਣੇ ਜ਼ਿੰਦਗੀ ਦੇ ਸਾਰੇ ਮਿੱਠੇ ਜਾਂ ਕੌੜੇ ਤਜ਼ਰਬੇ ਦੱਸਦਾ ਹੈ ਤੇ ਖੋਜੀ ਉਹਨਾਂ ਨੂੰ ਨੋਟ ਕਰਦਾ ਹੈ ਪਰ ਖੋਜੀ ਨੂੰ ਆਪਣੀ ਰਾਏ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇੰਟਰਵਿਊ ਕਈ ਕਿਸਮ ਦੀ ਹੁੰਦੀ ਹੈ। ਜਿਵੇਂ ਘਾੜਤ ਇੰਟਰਵਿਊ, ਦੁਹਰਾਉ ਇੰਟਰਵਿਊ ਅਤੇ ਫੋਕਸ ਇੰਟਰਵਿਊ। ਇੰਟਰਵਿਊ ਕਰਨ ਤੋਂ ਪਹਿਲਾਂ ਖੋਜੀ ਨੂੰ ਚਾਹੀਦਾ ਹੈ ਕਿ ਉਤਰਦਾਤੇ ਤੋਂ ਪਹਿਲਾਂ ਸਮਾਂ ਲੈ ਲਵੇ। ਫਿਰ ਠੀਕ ਸਮੇਂ ਤੇ ਪਹੁੰਚ ਕੇ ਬਹੁਤ ਹੀ ਰੋਚਕ ਢੰਗ ਨਾਲ ਇੰਟਰਵਿਊ ਸ਼ੁਰੂ ਕਰੇ ਤਾਂ ਕਿ ਉਤਰਦਾਤੇ ਨੂੰ ਵੀ ਲਗੇ ਕਿ ਖੋਜੀ ਦਾ ਉਸ ਨਾਲ ਕਾਫੀ ਸਨੇਹ ਹੈ। ਸਮੇਂ ਸਮੇਂ ਸਿਰ ਉਸ

ਦੀ ਹੌਸਲਾ ਅਫਜਾਈ ਕਰੇ ਉਸ ਨੂੰ ਗਾਇਡ ਕਰੇ। ਜਾਂਚ ਪੜਤਾਲ ਵਾਲੇ ਸਵਾਲ ਪੁੱਛ ਕੇ ਉਸ ਦੇ ਮਨ ਵਿਚੋਂ ਗੱਲ ਕਢਵਾਉਣ ਦੀ ਕੋਸ਼ਿਸ਼ ਕਰੇ। ਜੇ ਹੋ ਸਕੇ ਤਾਂ ਰੀਕਾਰਡਿੰਗ ਦਾ ਵੀ ਬੰਦੋਬਸਤ ਕਰ ਲਵੇ। ਇੰਟਰਵਿਊ ਬੰਦ ਕਰਨ ਲਗੇ ਵੀ ਉਹ ਮਾਹੌਲ ਕਾਫ਼ੀ ਰੋਚਕ ਬਣਾ ਦੇਵੇ ਅਤੇ ਬਾਅਦ ਵਿਚ ਰਿਪੋਰਟ ਲਿਖੇ। ਇੰਟਰਵਿਊ ਵਿਧੀ ਦੀਆਂ ਵੀ ਕੁਝ ਸੀਮਾਵਾਂ ਹਨ। ਕੁਝ ਲਾਭ ਹਨ ਅਤੇ ਕੁਝ ਨੁਕਸਾਨ ਜਿਹਨਾਂ ਦਾ ਜਿਕਰ ਅਸੀਂ ਅਗਲੇ ਯੂਨਿਟ ਵਿਚ ਕਰਾਂਗੇ। ਇਸ ਦਾ ਇਸਤੇਮਾਲ ਤਾਂ ਖੋਜੀ ਦੀ ਸਿਆਣਪ ਅਤੇ ਸਮੱਸਿਆ ਦੀ ਪ੍ਰਕ੍ਰਿਤੀ ਤੇ ਹੀ ਨਿਰਭਰ ਕਰਦਾ ਹੈ।

1.4.5.4 **ਨਿਰੀਖਣ (Observation) :** ਸਮੱਗਰੀ ਇਕੱਤਰ ਕਰਨ ਦੀ ਇਹ ਵਿਧੀ ਬਹੁਤ ਪ੍ਰਚਲਿਤ ਹੈ। ਇਸ ਦੀ ਵਰਤੋਂ ਜ਼ਿਆਦਾਤਰ ਮਨੋਵਿਗਿਆਨਕ ਅਧਿਐਨ ਵਿਚ ਕੀਤੀ ਜਾਂਦੀ ਹੈ। ਖੋਜ ਕਰਨ ਦੀ ਇਹ ਬਹੁਤ ਹੀ ਬੇਹਤਰੀਨ ਵਿਧੀ ਹੈ। ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਆਪਣੇ ਆਲੇ-ਦੁਆਲੇ ਦੇ ਬ੍ਰਹਿਮੰਡ ਬਾਰੇ ਜੋ ਪਹਿਲਾਂ ਗਿਆਨ ਸੀ ਉਹ ਨਿਰੀਖਣ ਨਾਲ ਹੀ ਸ਼ੁਰੂ ਹੋਇਆ। ਜਦੋਂ ਬੱਚਾ ਅੱਖ ਖੋਲ੍ਹਦਾ ਹੈ ਅਤੇ ਆਪਣੇ ਆਲੇ-ਦੁਆਲੇ ਦੇਖਦਾ ਹੈ ਤਾਂ ਉਹ ਉਸ ਦਾ ਨਿਰੀਖਣ ਹੀ ਕਰ ਰਿਹਾ ਹੁੰਦਾ ਹੈ ਤੇ ਹੌਲੀ ਹੌਲੀ ਉਹ ਉਹਨਾਂ ਚੀਜ਼ਾਂ ਦੀ ਮਹੱਤਤਾ ਨੂੰ ਸਮਝਣਾ ਸ਼ੁਰੂ ਕਰ ਦਿੰਦਾ ਹੈ। ਸਮਾਜਿਕ ਵਿਗਿਆਨਾਂ ਵਿਚ ਇਹ ਖੋਜ ਦਾ ਸਭ ਤੋਂ ਪੁਰਾਣਾ ਢੰਗ ਹੈ। ਨਿਰੀਖਣ ਵਿਧੀ ਕਈ ਕਿਸਮ ਦੀ ਹੁੰਦੀ ਹੈ ਜਿਵੇਂ (ੳ) ਸਹਿਭਾਗੀ ਨਿਰੀਖਣ (participant observation) ਇਸ ਤਹਿਤ ਨਿਰੀਖਕ ਆਪ ਚੁਣੇ ਹੋਣੇ ਬ੍ਰਹਿਮੰਡ ਦਾ ਮੈਂਬਰ ਬਣ ਜਾਂਦਾ ਹੈ। ਉਹਨਾਂ ਦੇ ਖੋਜ ਦੇ ਕਾਰ-ਵਿਹਾਰ ਵਿਚ ਭਾਗ ਲੈਂਦਾ ਹੈ ਉਨ੍ਹਾਂ ਦਾ ਵਿਵਹਾਰ, ਵਤੀਰਾ ਆਦਿ ਨੋਟ ਕਰਦਾ ਰਹਿੰਦਾ ਹੈ। ਇਸ ਤੋਂ ਉਲਟ (ਅ) ਗੈਰ-ਸਹਿਭਾਗੀ ਨਿਰੀਖਣ (Non-participant observation) ਵਿਚ ਉਹ ਮੈਂਬਰ ਨਹੀਂ ਬਣਦਾ ਸਗੋਂ ਬਾਹਰ ਰਹਿ ਕੇ ਹੀ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਦਾ ਹੈ। (ੲ) ਨਿਯੰਤਰਣ ਵਾਲਾ ਨਿਰੀਖਣ (Controlled observation) ਜਿਸ ਵਿਚ ਕਈ ਨਿਯੰਤਰਣ ਲਗਾਏ ਹੁੰਦੇ ਹਨ। ਜਿਵੇਂ ਵਰਤਾਰੇ ਉਪਰ ਨਿਯੰਤਰਣ ਅਤੇ ਨਿਰੀਖਣ ਉਪਰ ਨਿਯੰਤਰਣ ਜਿਸ ਦੇ ਤਹਿਤ ਨਿਰੀਖਣ ਦੀ ਲੰਬੀ ਚੌੜੀ ਸਕੀਮ ਬਣਾਈ ਜਾਂਦੀ ਹੈ। ਸਾਰਣੀ ਦੀ ਵਰਤੋਂ ਕੀਤੀ ਜਾਂਦੀ ਹੈ। ਮਕੈਨੀਕਲ ਯੰਤਰ (ਟੇਪ ਰਿਕਾਰਡ, ਵੀਡੀਓ ਰਿਕਾਰਡਿੰਗ) ਦੀ ਵਰਤੋਂ ਕੀਤੀ ਜਾਂਦੀ ਹੈ। ਸੋਸੀਉਮੈਟਰਿਕ ਸਕੇਲ, ਪਰਿਕਲਪਨਾਵਾਂ, ਟੀਮ ਨਿਰੀਖਣ, ਨਿਯੰਤਰਣ ਸਮੂਹ ਆਦਿ ਨਿਯੰਤਰਣਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਨਿਰੀਖਣ ਕਰਤਾ ਆਪਣੀ ਰਾਏ ਜਾਂ ਵਤੀਰਾ, ਭਾਵਨਾਵਾਂ ਆਦਿ ਨੂੰ ਸਮੱਗਰੀ ਵਿਚ ਸ਼ਾਮਿਲ ਨਾ ਕਰ ਸਕੇ। (ਸ) ਗੈਰ ਨਿਯੰਤਰਣ ਵਾਲੀ ਨਿਰੀਖਣ (Non-controlled observation) ਇਹ ਇਹਨਾਂ ਸਾਰੇ ਕਿਸਮ ਦੇ ਨਿਯੰਤਰਣਾਂ ਤੋਂ ਖਾਲੀ ਹੁੰਦੀ ਹੈ। ਇਸ ਵਿਧੀ ਦੀਆਂ ਆਪਣੀਆਂ ਲਾਭ ਹਾਨੀਆਂ ਹਨ।

1.4.5.5 **ਦਸਤਾਵੇਜ਼ੀ ਸਰੋਤ (Documentary Sources) ਜਿਵੇਂ :**

(i) ਵਿਅਕਤੀਗਤ ਦਸਤਾਵੇਜ (Personal Documents)

(ii) ਜ਼ਿੰਦਗੀ ਦਾ ਇਤਿਹਾਸ (Life History)

(iii) ਆਪਾ ਜੀਵਨੀ (Autobiography)

(iv) ਰੋਜ਼ਾਨਾ ਡਾਇਰੀ (Daily Dairy)

(v) ਪੱਤਰ (Letters)

(vi) ਯਾਦਆਸਤ (Memories)

(vii) ਪ੍ਰਕਾਸ਼ਿਤ ਅੰਕੜੇ (Published Statistics)

(viii) ਪਬਲਿਕ ਦਸਤਾਵੇਜ਼ (Public Documents)

(ix) ਅਣਪ੍ਰਕਾਸ਼ਿਤ ਰਿਕਾਰਡ ਆਦਿ ਕੁਝ ਅਜਿਹੇ ਸਮੱਗਰੀ ਦੇ ਸਰੋਤ ਹਨ ਜੋ ਖੋਜੀ ਨੂੰ ਆਪਣੀ ਸਮੱਸਿਆ ਦੀ ਪ੍ਰਕ੍ਰਿਤੀ ਅਨੁਸਾਰ ਸਹਾਈ ਸਿੱਧ ਹੋ ਸਕਦੇ ਹਨ।

### 1.4.6 ਐਡਿਟਿੰਗ ਅਤੇ ਕੋਡਿੰਗ

ਦੱਤ ਸਮੱਗਰੀ ਇਕੱਠੀ ਕਰਨ ਤੋਂ ਬਾਅਦ ਖੋਜਾਰਥੀ ਉਸਦਾ ਵਿਸ਼ਲੇਸ਼ਣ ਕਰਨਾ ਚਾਹੁੰਦਾ ਹੈ ਤਾਂ ਕਿ ਉਹ ਆਪਣੇ ਪ੍ਰਸ਼ਨਾਂ ਦੇ ਹੱਲ ਲੱਭ ਸਕੇ। ਪਰ ਡੇਟੇ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਉਸਨੂੰ ਕਈ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਕਈ ਵਾਰ ਡੇਟੇ ਜਾਂ ਦੱਤ ਸਮੱਗਰੀ ਵਿਚ ਬਹੁਤ ਕੁਝ ਇਹੋ ਜਿਹਾ ਸ਼ਾਮਿਲ ਹੁੰਦਾ ਹੈ ਜਿਸਦੀ ਖੋਜਾਰਥੀ ਨੂੰ ਖੋਜ ਸਬੰਧੀ ਜ਼ਰੂਰਤ ਨਹੀਂ ਹੁੰਦੀ ਅਤੇ ਡੇਟਾਂ ਇਕੱਠਾ ਕਰਦੇ ਸਮੇਂ ਕਈ ਰਲਦੀਆਂ ਮਿਲਦੀਆਂ ਗੱਲਾਂ ਬਾਰੇ ਪ੍ਰਸ਼ਨ ਪੁੱਛੇ ਜਾਂਦੇ ਹਨ ਜਿਨ੍ਹਾਂ ਨਾਲ ਦੱਤ ਸਮੱਗਰੀ ਦਾ ਖਿਲਾਰਾ ਪੈ ਜਾਂਦਾ ਹੈ ਇਨ੍ਹਾਂ ਸਭ ਮੁਸ਼ਕਿਲਾਂ ਤੇ ਕਾਬੂ ਪਾਉਣ ਲਈ ਖੋਜ ਕਰਤਾ ਐਡਿਟਿੰਗ ਅਤੇ ਕੋਡਿੰਗ ਦਾ ਸਹਾਰਾ ਲੈਂਦਾ ਹੈ।

ਕੋਡਿੰਗ ਕਰਨ ਤੋਂ ਪਹਿਲਾਂ ਖੋਜਾਰਥੀ ਲਈ ਇਹ ਜ਼ਰੂਰੀ ਹੈ ਉਹ ਦੱਤ ਸਮੱਗਰੀ ਵਿਚਲੀਆਂ ਗੈਰ ਜ਼ਰੂਰੀ ਜਾਂ ਨਾ ਲੋੜੀਦੀਆਂ ਗੱਲਾਂ ਨੂੰ ਕੱਢ ਦੇਵੇ। ਕਈ ਵਾਰ ਡੇਟਾ ਲਾਭਦਾਇਕ ਜਾਣਕਾਰੀ ਪ੍ਰਦਾਨ ਨਹੀਂ ਕਰਦਾ ਬਲਕਿ ਕਈ ਤਰ੍ਹਾਂ ਦੀ ਫਾਲਤੂ ਜਾਣਕਾਰੀ ਦਿੰਦਾ ਹੈ ਕਿਉਂਕਿ ਕਈ ਵਾਰ ਅਨਾੜੀ (untrained) ਨਿਰੀਖਕ ਦੇ ਨਿਰੀਖਣ ਨਾਲ ਜਾਂ ਘਟੀਆ ਸ਼ਬਦਾਵਲੀ ਪ੍ਰਸ਼ਨਾਵਲੀ ਨਾਲ ਇਕੱਠੀ ਕੀਤੀ ਦੱਤ ਸਮੱਗਰੀ ਵਿਚ ਬਹੁਤ ਕੁਝ ਫਾਲਤੂ ਇਕੱਠਾ ਹੋਣਾ ਸੰਭਵ ਹੈ। ਇਸ ਨਾਂ ਲੋੜੀਂਦੀ ਸਮੱਗਰੀ ਨੂੰ ਡੇਟੇ ਵਿਚੋਂ ਕੱਢਣ ਦੀ ਪ੍ਰਕ੍ਰਿਆ ਨੂੰ ਐਡਿਟਿੰਗ ਕਿਹਾ ਜਾਂਦਾ ਹੈ। ਫਿਰ ਉਸ ਵਿਚੋਂ ਗੈਰ ਮਹੱਤਵਪੂਰਨ ਸਮੱਗਰੀ ਨੂੰ ਅਲੱਗ ਕੀਤਾ ਜਾਂਦਾ ਹੈ। ਡੇਟੇ ਦੀ ਇਸ ਛਾਣਬੀਣ (scrutinizing) ਦੀ ਪ੍ਰਕ੍ਰਿਆ ਨੂੰ ਜਿਸ ਨਾਲ ਦੱਤ ਸਮੱਗਰੀ ਦੀ ਕੁਆਲਿਟੀ ਨੂੰ ਸੁਧਾਰਿਆ ਜਾ ਸਕੇ ਅਤੇ ਕੋਡਿੰਗ ਕਰਨ ਯੋਗ ਬਣਾਇਆ ਜਾ ਸਕੇ, ਹੀ ਐਡਿਟਿੰਗ ਕਿਹਾ ਜਾਂਦਾ ਹੈ। (The prosess of scrutinizing the data to improve their quality for coding is commonly called editing).

ਐਡਿਟਿੰਗ ਸਿਰਫ ਕੋਡਿੰਗ ਕਰਨ ਸਮੇਂ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵਿਚ ਹੀ ਸਹਾਈ ਨਹੀਂ ਹੁੰਦੀ ਬਲਕਿ ਕਾਫ਼ੀ ਹੱਦ ਤੱਕ ਸਮੱਗਰੀ ਇਕੱਠਾ ਕਰਨ ਦੇ ਗੁਣਾਂ ਨੂੰ ਸੁਧਾਰਦੀ ਹੈ ਕਿਉਂਕਿ ਇਹ ਨਿਰੀਖਕ ਜਾਂ ਇੰਟਰਵਿਊ ਲੈਣ ਵਾਲੇ ਦਾ ਕੁਝ ਅਜਿਹੇ ਨੁਕਤਿਆਂ ਵੱਲ ਧਿਆਨ ਦਿਵਾਉਂਦੀ ਹੈ ਜਿਥੇ ਉਸਨੇ ਕੁਝ ਗਲਤ ਹਦਾਇਤਾਂ ਦਿਤੀਆਂ ਹੋਣ ਜਾਂ ਫਿਰ ਸੰਤੋਸ਼ਜਨਕ ਵਿਸਥਾਰ ਵਿਚ ਦੱਤ ਸਮੱਗਰੀ ਦੀ ਰਿਕਾਰਡਿੰਗ ਨਾ ਕੀਤੀ ਹੋਵੇ। ਇਹ ਕਾਰਜ ਤਾਂ ਹੀ ਨਿਭਾਇਆ ਜਾ ਸਕਦਾ ਹੈ ਜੇਕਰ pilot study ਕਰਦੇ ਸਮੇਂ ਜਾਂ ਨਿਰੀਖਕ ਅਤੇ ਖੋਜਕਰਤਾ ਨੂੰ ਟ੍ਰੇਨਿੰਗ ਦਿੰਦੇ ਸਮੇਂ ਐਡਿਟਿੰਗ ਕੀਤੀ ਜਾਵੇ ਅਤੇ ਨਾਲ ਹੀ ਇਹ ਦੱਤ ਸਮੱਗਰੀ ਇਕੱਠੀ ਕਰਦੇ ਸਮੇਂ ਵੀ ਸਮੇਂ ਸਮੇਂ ਸਿਰ ਹੁੰਦੀ ਰਹੇ। ਜੇਕਰ ਖੋਜਾਰਥੀ ਚਾਹੁੰਦਾ ਹੈ ਕਿ ਕੋਡਿੰਗ ਕਰਨੀ ਹੈ ਤਾਂ ਇਹ ਉਤਰਦਾਤੇ ਤੇ ਨਿਰੀਖਕ ਦੇ ਪੁਛਤਾਛ ਲਈ ਮੌਜੂਦ ਹੋਣ ਸਮੇਂ ਹੀ ਕਰਨੀ ਚਾਹੀਦੀ ਹੈ ਤਾਂ ਕਿ ਉਸ ਵਿਅਕਤੀ ਦੁਆਰਾ ਪੁੱਛ-ਪੜਤਾਲ ਕੀਤੀ ਜਾ ਸਕੇ।

**ਆਪਣਾ ਗਿਆਨ ਪਰਖੋ :**

(ੳ) ਖੋਜ ਤੋਂ ਤੁਹਾਡਾ ਕੀ ਭਾਵ ਹੈ?

______________________________

______________________________

______________________________

(ਅ) ਖੋਜ ਦਾ ਸਭ ਤੋਂ ਪਹਿਲਾ ਪੜਾਅ ਕਿਹੜਾ ਹੈ ਅਤੇ ਕਿਉਂ?

______________________________

______________________________

______________________________

(ੲ) ਸਮੱਗਰੀ ਕਿੰਨੀ ਕਿਸਮ ਦੀ ਹੁੰਦੀ ਹੈ ਅਤੇ ਕਿਹੜੀ?

______________________________

______________________________

______________________________

**1.4.7 ਪ੍ਰੋਸੈਸਿੰਗ ਕਰਨਾ :**

ਸਮੱਗਰੀ ਇਕੱਠੀ ਕਰਨ ਤੋਂ ਬਾਅਦ ਖੋਜੀ ਦਾ ਮਕਸਦ ਹੁੰਦਾ ਹੈ ਕਿ ਖੋਜ ਦੇ ਨਤੀਜੇ ਤੇ ਕਿਵੇਂ ਪਹੁੰਚਿਆ ਜਾਵੇ। ਕਿਉਂਕਿ ਇਕੱਠੀ ਕੀਤੀ ਸਮੱਗਰੀ ਇੰਨੀ ਉਗੜ ਦੁਗੜ ਹੁੰਦੀ ਹੈ ਕਿ ਇਸ ਵਿਚੋਂ ਕੁਝ ਵੀ ਨਹੀਂ ਕਢਿਆ ਜਾ ਸਕਦਾ। ਫਿਰ ਉਸ ਦਾ ਵਰਗੀਕਰਣ ਅਤੇ ਸਾਰਣੀਕਰਣ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਹੀ ਉਸ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। Prof. Connor ਆਪਣੀ ਪੁਸਤਕ, ਥਿਊਰੀ ਐਂਡ ਪ੍ਰੈਕਟਿਸ ਆਫ ਸਟੈਟਿਸਟਿਕਸ ਵਿਚ ਲਿਖਦਾ ਹੈ ਕਿ ਸਮੱਗਰੀ ਦੀ ਸਮਰੂਪਤਾ ਜਾਂ ਸਮਾਨਤਾਵਾਂ ਅਨੁਸਾਰ ਵਰਗੀਕਰਣ ਚੀਜ਼ਾਂ ਨੂੰ ਜਮਾਤਾਂ ਤੇ ਸਮੂਹਾਂ ਵਿਚ ਵਿਉਂਤਣ ਦੀ ਪ੍ਰਕ੍ਰਿਆ ਹੈ ਅਤੇ ਉਨ੍ਹਾਂ ਦੇ ਗੁਣਾਂ ਜਾਂ ਲੱਛਣਾਂ ਨੂੰ ਅਭਿਵਿਅਕਤ ਕਰਨ ਦੀ ਪ੍ਰਕ੍ਰਿਆ ਤਾਂ ਕਿ ਇਹ ਵਿਅਕਤੀਆਂ ਦੀਆਂ ਭਿੰਨਤਾਵਾਂ ਵਿਚ ਟਿਕ ਸਕਣ।

ਭਾਵ ਵਰਗੀਕਰਣ ਸਾਰੀ ਸਮੱਗਰੀ ਦਾ ਵੱਖ ਵੱਖ ਸਮੂਹਾਂ ਵਿਚ ਵੰਡ ਦਾ ਨਾਮ ਹੈ। ਇਹ ਵੰਡ ਅਜਿਹੀ ਸਮਰੂਪਤਾ ਵਾਲੀ ਹੁੰਦੀ ਹੈ ਕਿ ਸਮੱਗਰੀ ਨੂੰ ਠੀਕ ਢੰਗ ਨਾਲ ਪ੍ਰਦਰਸ਼ਿਤ ਕਰ ਦਿੰਦੀ ਹੈ। ਸਮੱਗਰੀ ਨੂੰ ਉਸ ਦੀ ਜਟਿਲਤਾ ਤੋਂ ਮੁਕਤ ਕਰਦੀ ਹੈ। ਇਸ ਵਰਗੀਕਰਨ ਦਾ ਆਧਾਰ ਗੁਣਾਂ ਅਤੇ ਲੱਛਣਾਂ ਵਿਚ ਏਕਤਾ ਹੁੰਦੀ ਹੈ। ਇਕ ਸਮੂਹ ਵਿਚ ਇਕੱਠੀਆਂ ਕੀਤੀਆਂ ਚੀਜ਼ਾਂ ਕੁਝ ਹੱਦ ਤੱਕ ਇਕੋ ਜਿਹੀਆਂ ਹੁੰਦੀਆਂ ਹਨ ਅਤੇ ਦੂਸਰੇ ਸਮੂਹ ਵਿਚ ਇਕੱਠੀ ਕੀਤੀ ਸਮੱਗਰੀ ਨਾਲੋਂ ਭਿੰਨ ਹੁੰਦੀਆਂ ਹਨ। ਭਿੰਨਤਾ ਵਿਚ ਏਕਤਾ ਵੀ ਵਰਗੀਕਰਣ ਦਾ ਆਧਾਰ ਹੁੰਦਾ ਹੈ। ਸਮਾਜਿਕ ਵਰਤਾਰੇ ਵਿਚ ਹਰ ਇਕਾਈ ਤੁਹਾਨੂੰ ਦੂਜੇ ਤੋਂ ਅਲੱਗ ਵਿਖਾਈ ਦਿੰਦੀ ਹੈ। ਜਦੋਂ ਕਿ ਹਕੀਕਤ ਵਿਚ ਅਜਿਹਾ ਨਹੀਂ ਹੁੰਦਾ। ਕਈ ਕੇਸਾਂ ਵਿਚ ਉਨ੍ਹਾਂ ਵਿਚ ਸਮਾਨਤਾਵਾਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਸਜਾਤੀ ਜਮਾਤਾਂ ਵਿਚ ਰਖਿਆ ਜਾਂਦਾ ਹੈ। ਸੋ ਵਰਗੀਕਰਨ ਲਈ ਏਕਤਾ ਅਤੇ ਅਨੇਕਤਾ ਦੋਵੇਂ ਜ਼ਰੂਰੀ ਹਨ। ਵਰਗੀਕਰਣ ਦੁਆਰਾ ਗੁੰਝਲਦਾਰ ਬਿਖਰੀ ਅਤੇ ਉਗੜੀ ਦੁਗੜੀ ਸਮਗਰੀ ਨੂੰ ਸਪਸ਼ਟ ਰੂਪ ਵਿਚ ਲਿਆਂਦਾ ਜਾ ਸਕਦਾ ਹੈ। ਦੂਸਰਾ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਚੰਗੀ ਤਰ੍ਹਾਂ ਦਰਸਾਇਆ ਜਾ ਸਕਦਾ ਹੈ। ਪਰ ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਜੋ ਜਮਾਤਾਂ ਜਾਂ ਵਰਗਾਂ ਦਾ ਵਰਗੀਕਰਣ ਹੈ ਉਹ ਸਾਫ ਸਾਫ ਹੋਵੇ। ਹਰ ਇਕਾਈ ਇਕ ਤੋਂ ਵੱਧ ਸਮੂਹਾਂ ਵਿਚ ਨਾ ਆਈ ਹੋਵੇ। ਜਿਵੇਂ ਮੰਨ ਲਉ ਜੇ ਇਸੇ ਪਿੰਡ ਵਿਚੋਂ ਸਮੱਗਰੀ ਇਕੱਤਰ ਕੀਤੀ ਹੈ ਅਤੇ ਉਥੇ ਚਾਰ ਧਰਮਾਂ ਦੇ ਲੋਕ ਰਹਿੰਦੇ ਹਨ ਤਾਂ ਉਨ੍ਹਾਂ ਦਾ ਵਰਗੀਕਰਣ ਇਸ ਤਰ੍ਹਾਂ ਹੋਵੇਗਾ।

**ਪਿੰਡ ਵਿਚ ਕੁੱਲ ਘਰਾਂ ਦਾ ਧਰਮ ਅਨੁਸਾਰ ਵਰਗੀਕਰਣ**

| ਕ੍ਰਮ ਨੰ. | ਧਰਮ | ਘਰ |
|---|---|---|
| 1. | ਸਿੱਖ | 40 |
| 2. | ਹਿੰਦੂ | 30 |
| 3. | ਮੁਸਲਮਾਨ | 20 |
| 4. | ਈਸਾਈ | 10 |
| | ਕੁੱਲ | 100 |

ਜੋ ਵੱਖ ਵੱਖ ਤਰ੍ਹਾਂ ਦੀਆਂ ਜਮਾਤਾਂ ਬਣਾਈਆਂ ਗਈਆਂ ਹਨ ਉਨ੍ਹਾਂ ਦਾ ਕੁੱਲ ਜੋੜ ਬ੍ਰਹਿਮੰਡ ਵਿਚੋਂ ਲਈਆਂ ਕੁੱਲ ਜਮਾਤਾਂ ਦੇ ਬਰਾਬਰ ਹੋਣਾ ਚਾਹੀਦਾ ਹੈ। ਵਰਗੀਕਰਣ ਇਸ ਤਰ੍ਹਾਂ ਕੀਤਾ ਜਾਵੇ ਜੋ ਕਿ ਸਮੱਗਰੀ ਵਿਸ਼ਲੇਸ਼ਣ ਵਿਚ ਸਹਾਈ ਸਿੱਧ ਹੋਵੇ। ਵਰਗੀਕਰਣ (Classification) ਦੋ ਤਰ੍ਹਾਂ ਦਾ ਹੁੰਦਾ ਹੈ। ਵਰਗੀਕਰਣ ਸਮੱਗਰੀ ਦੇ ਗੁਣਾਂ ਜਾਂ ਲੱਛਣਾਂ ਦੇ ਆਧਾਰ ਤੇ ਵੀ ਕੀਤਾ ਜਾਂਦਾ ਹੈ। ਵਰਗੀਕਰਣ ਪ੍ਰਵਰਤਨਸ਼ੀਲਤਾ ਦੇ ਆਧਾਰ ਤੇ ਵੀ ਕੀਤਾ ਜਾਂਦਾ ਹੈ।

ਜਿਹੜੀਆਂ ਸਾਰਣੀਆਂ ਵਿਚੋਂ ਵਰਗੀਕਰਨ ਕੀਤਾ ਜਾਂਦਾ ਹੈ। ਉਸ ਨੂੰ ਸਟੈਟਿਸਟੀਕਲ ਲੜੀ ਜਾਂ ਕੜੀ ਕਿਹਾ ਜਾਂਦਾ ਹੈ। ਜੋ ਕਈ ਕਿਸਮ ਦੀਆਂ ਹੁੰਦੀਆਂ ਹਨ ਜਿਵੇਂ ਤਰਤੀਬ (Array)। ਇਹ ਉਹ ਕਿਸਮ ਹੈ ਜਿਸ ਵਿਚ ਵਿਅਕਤੀਗਤ ਚੀਜ਼ਾਂ ਨੂੰ ਲਹਿੰਦੇ ਜਾਂ ਚੜ੍ਹਦੇ ਦੀ ਤਰਤੀਬ ਅਨੁਸਾਰ ਰਖਿਆ ਜਾਂਦਾ ਹੈ। ਦੂਜੀ ਕਿਸਮ ਹੈ ਚਿੰਨ੍ਹ ਜਾਂ ਅਲੱਗ ਲੜੀ ਦੀ ਜਿਸ ਵਿਚ ਮਾਪ ਜਾਂ ਆਕਾਰ ਸਿਰਫ ਇਕ ਹੀ ਨੰਬਰ ਵਿਚ ਰਖਿਆ ਜਾਂਦਾ ਹੈ। ਇਕ ਸਾਰਣੀ ਦੇ ਦੋ ਕਾਲਮ ਹੁੰਦੇ ਹਨ। ਇਕ ਵਿਚ ਆਕਾਰ ਜਾਂ ਮਾਪ ਅਤੇ ਦੂਸਰੇ ਵਿਚ ਗਿਣਤੀ ਦਾ ਅਨੁਪਾਤ ਜਾਂ ਕੇਸਾਂ ਦੇ ਨੰਬਰ ਹੁੰਦੇ ਹਨ, ਇਸ ਦੀ ਤੀਸਰੀ ਕਿਸਮ ਹੈ ਲਗਾਤਾਰ ਜਾਂ ਨਿਰੰਤਰ ਲੜੀ ਜਿਸ ਵਿਚ ਪੈਮਾਇਸ਼ ਜਾਂ ਅਨੁਮਾਨ ਇਕ ਇਕੱਲੇ ਅੰਕ ਦੇ ਰੂਪ ਵਿਚ ਨਹੀਂ ਹੁੰਦਾ ਸਗੋਂ ਅੰਕਾਂ ਦੇ ਸਮੂਹ ਦੇ ਰੂਪ ਵਿਚ ਹੁੰਦਾ ਹੈ। ਜਿਵੇਂ 0–10, 10–19, 20–29, 30–39 ਅਤੇ 40–49 ਆਦਿ।

ਵਰਗੀਕਰਣ ਤੋਂ ਬਾਅਦ ਅਗਲਾ ਕੰਮ ਹੁੰਦਾ ਹੈ ਸਾਰਣੀਕਰਣ। ਸਾਰਣੀਕਰਣ ਦਾ ਆਧਾਰ ਵਰਗੀਕਰਣ ਹੀ ਹੁੰਦਾ ਹੈ। ਜੇ ਵਰਗੀਕਰਣ ਵਿਚ ਗਲਤੀ ਹੋ ਗਈ ਤਾਂ ਸਾਰਣੀਕਰਣ ਵਿਚ ਗਲਤੀ ਹੋਣਾ ਲਾਜ਼ਮੀ ਹੁੰਦਾ ਹੈ। ਜੇ ਵਰਗੀਕਰਣ ਗੁੰਝਲਦਾਰ ਜਾਂ ਜਟਿਲ ਹੈ ਤਾਂ ਸਾਰਣੀਕਰਣ ਵਿਚ ਅਜਿਹਾ ਹੀ ਹੋਵੇਗਾ। ਜੇ ਵਰਗੀਕਰਣ ਸਰਲ ਹੈ ਤਾਂ ਸਾਰਣੀਕਰਣ ਵੀ ਸਰਲ ਹੋਵੇਗਾ।

Prof. Neiswanger ਆਪਣੀ ਪੁਸਤਕ ਐਲੀਮੈਂਟਰੀ ਸਟੈਟਿਸਟੀਕਲ ਮੈਥਡ ਵਿਚ ਸਾਰਣੀਕਰਣ ਦੀ ਪ੍ਰੀਭਾਸ਼ਾ ਦਿੰਦੇ ਹੋਏ ਕਹਿੰਦੇ ਹਨ ਕਿ ਸਟੈਟਿਸਟੀਕਲ ਟੇਬਲ ਸਮੱਗਰੀ ਨੂੰ ਕਾਲਮਾਂ ਅਤੇ ਲਾਇਨਾਂ ਵਿਚ ਕਰਨ ਦੇ ਇਕ ਕ੍ਰਮਬੱਧ ਪ੍ਰਬੰਧ ਦਾ ਨਾਂ ਹੈ। ਸਾਰਣੀਕਰਣ ਦੀ ਮਦਦ ਨਾਲ ਅਸੀਂ ਜਾਂਚ ਪੜਤਾਲ ਨੂੰ ਸੋਖਾਲਾ ਕਰ ਸਕਦੇ ਹਾਂ। ਜ਼ਿਆਦਾ ਪ੍ਰਮਾਣਯੋਗਤਾ ਅਤੇ ਮਹੱਤਤਾ ਯੋਗ ਬਣਾ ਸਕਦੇ ਹਾਂ। ਆਪਣੀ ਸਮੱਗਰੀ ਨੂੰ ਥੋੜੀ ਜਿਹੀ ਜਗ੍ਹਾ ਵਿਚ ਜ਼ਿਆਦਾ ਪ੍ਰਭਾਵਿਤ ਢੰਗ ਨਾਲ ਅਭਿਵਿਅਕਤ ਕਰ ਸਕਦੇ ਹਾਂ ਅਤੇ ਤੁਲਨਾਤਮਕ ਅਧਿਐਨ ਆਸਾਨੀ ਨਾਲ ਕਰ ਸਕਦੇ ਹਾਂ।

ਸਾਰਣੀਆਂ ਕਈ ਕਿਸਮ ਦੀਆਂ ਹੁੰਦੀਆਂ ਹਨ। ਜਿਵੇਂ ਆਮ ਉਦੇਸ਼ ਸਾਰਣੀ (General purpose Table) ਅਜਿਹੀ ਸਾਰਣੀ ਦੀ ਵਰਤੋਂ ਸਮੱਗਰੀ ਨੂੰ ਅਜਿਹੇ ਢੰਗ ਨਾਲ ਪ੍ਰਦਰਸ਼ਿਤ ਕਰਨ ਦੀ ਕੋਸ਼ਿਸ਼ ਸਮੇਂ ਕੀਤੀ ਜਾਂਦੀ ਹੈ ਤਾਂ ਕਿ ਵਿਅਕਤੀਗਤ ਸਮੱਗਰੀ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ। ਅਜਿਹੇ ਟੇਬਲ ਕਿਸੇ ਖਾਸ ਚੀਜ਼ ਬਾਰੇ ਨਹੀਂ ਦੱਸਦੇ ਸਗੋਂ ਸਾਰੀ ਇਕੱਠੀ ਕੀਤੀ ਸਮੱਗਰੀ ਬਾਰੇ ਆਮ ਜਿਹਾ ਗਿਆਨ ਦਿੰਦੇ ਹਨ। ਦੂਸਰੀ ਕਿਸਮ ਦੀ ਸਾਰਣੀ ਹੁੰਦੀ ਹੈ ਸਮਰੀ ਸਾਰਣੀ (Summary Table) ਜਿਸ ਵਿਚ ਸਾਰਣੀ ਮੁੱਖ ਸਾਰਣੀ ਤੋਂ ਬਣਾਈ ਜਾਂਦੀ ਹੈ ਤਾਂ ਕਿ ਸਮੱਸਿਆ ਦਾ ਤੁਲਨਾਤਮਕ ਅਧਿਐਨ ਕੀਤਾ ਜਾ ਸਕੇ। ਜੋ ਸਮੱਗਰੀ ਸਮੱਸਿਆ ਲਈ ਢੁੱਕਵੀਂ ਨਹੀਂ ਉਸ ਨੂੰ ਕੱਢ ਦਿੱਤਾ ਜਾਂਦਾ ਹੈ। ਵਿਸਤਰਿਤ ਸਮੱਗਰੀ ਨੂੰ ਸਮੂਹਾਂ ਵਿਚ ਇਕੱਠਾ ਕੀਤਾ ਜਾਂਦਾ ਹੈ। ਸਮੱਗਰੀ ਦੀ ਕੀਤੀ ਤਰਤੀਬ ਨੂੰ ਸਾਰਣੀ ਦੇ ਖਾਸ ਉਦੇਸ਼ ਲਈ ਬਦਲਿਆ ਵੀ ਜਾ ਸਕਦਾ ਹੈ। ਇਸੇ ਤਰ੍ਹਾਂ ਸਾਰਣੀਕਰਣ ਦੀ ਤੀਜੀ ਕਿਸਮ ਹੈ ਸਰਲ ਅਤੇ ਗੁੰਝਲਦਾਰ ਸਾਰਣੀ (Simple and Complex Table) ਜਦੋਂ ਸਿਰਫ ਇਕ ਹੀ ਤੱਤ ਦਾ ਤੁਲਨਾਤਮਕ ਅਧਿਐਨ ਕਰਨਾ ਹੋਵੇ ਅਤੇ ਜਦੋਂ ਸਿਰਫ਼ ਇਕ ਹੀ ਵਰਗ ਹੋਵੇ ਤਾਂ ਅਜਿਹੀ ਸਾਰਣੀ ਨੂੰ ਸਰਲ ਸਾਰਣੀ ਕਿਹਾ ਜਾਂਦਾ ਹੈ। ਜਦੋਂ ਜਮਾਤਾਂ ਜਾਂ ਤੱਤਾਂ ਦੀ ਗਿਣਤੀ ਇਕ ਤੋਂ ਵੱਧ ਹੋਵੇ ਤਾਂ ਇਸ ਨੂੰ ਗੁੰਝਲਦਾਰ ਜਾਂ ਜਟਿਲ ਟੇਬਲ ਕਿਹਾ ਜਾਂਦਾ ਹੈ।

ਸਾਰਣੀ ਤਿਆਰ ਕਰਨ ਲਗੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਜਿਵੇਂ ਸਿਰਲੇਖ, ਸੁਰਖੀ, ਕਾਲਮਾਂ ਦਾ ਆਕਾਰ, ਮਦਾਂ ਦੀ ਲਾਇਨਾਂ ਵਿਚ ਤਰਤੀਬ, ਕਾਲਮਾਂ ਦੀ ਤਰਤੀਬ, ਜੋੜ, ਕਾਲਮਾਂ ਦੀ ਹੱਦਬੰਦੀ ਅਤੇ ਫੁਟਨੋਟ ਆਦਿ ਕਹਿਣ ਤੋਂ ਭਾਵ ਸਾਰਣੀ ਵੇਖਣ ਨੂੰ ਵੀ ਚੰਗੀ ਲਗੇ, ਆਕਾਰ ਵੀ ਨਾ ਵੱਡਾ ਤੇ ਨਾ ਛੋਟਾ ਹੋਵੇ। ਤੁਲਨਾ ਵਿਚ ਸਹਾਈ ਹੋ ਸਕੇ, ਸਾਫ ਅਤੇ ਸਪਸ਼ਟ ਹੋਵੇ, ਉਦੇਸ਼ ਦੀ ਪੂਰਤੀ ਕਰਦਾ ਹੋਵੇ। ਤੁਲਨਾ ਵਿਚ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਹੋਵੇ।

ਸਾਰਣੀਕਰਣ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ :

### ਸਾਰਣੀਕਰਨ ਦੇ ਢੰਗ (Methods of Tabulation) :

**(ੳ) ਹੱਥ ਨਾਲ ਸਾਰਣੀਕਰਨ (Hand Tabulation) :** ਜਦੋਂ ਸਾਰਣੀ ਹੱਥ ਨਾਲ ਬਣਾਈ ਜਾਂਦੀ ਹੈ ਤਾਂ ਸਕੋਰ ਸੀਟ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹਨਾਂ ਸਮੂਹਾਂ ਜਾਂ ਜਮਾਤਾਂ ਵਿਚ ਸਾਰੀ ਸਮੱਗਰੀ ਨੂੰ ਰੱਖਿਆ ਜਾਣਾ ਹੁੰਦਾ ਹੈ। ਉਸ ਬਾਰੇ ਸੋਚ ਵਿਚਾਰ ਕਰ ਲਈ ਜਾਂਦੀ ਹੈ। ਫਿਰ ਹਰ ਸਮੂਹ ਵਿਚ ਜਿੰਨੇ ਪਰਤਕਤਾ ਤੇ ਨੰਬਰ ਪੈਂਦੇ ਹਨ, ਉਹਨਾਂ ਨੂੰ ਸਕੋਰ ਨੰਬਰ ਦੇ ਕੇ ਗਿਣ ਲਿਆ ਜਾਂਦਾ ਹੈ।

**(ਅ) ਮਕੈਨੀਕਲ ਸਾਰਣੀਕਰਨ (Mechanical Tabulation) :** ਇਸ ਵਿਚ ਸਾਰਣੀਕਰਨ ਮਸ਼ੀਨਾਂ ਰਾਹੀਂ ਭਾਵ ਕੰਪਿਊਟਰ ਰਾਹੀਂ ਕੀਤਾ ਜਾਂਦਾ ਹੈ। ਜੋ ਕਿ ਕਾਫੀ ਜਲਦੀ, ਸਪਸ਼ਟ ਤੇ ਠੀਕ ਕੀਤਾ ਜਾਂਦਾ ਹੈ। ਇਸ ਵਿਚ ਪਹਿਲਾਂ ਕੰਮ ਹੁੰਦਾ ਹੈ ਕੋਡਿੰਗ ਜਿਸ ਦਾ ਭਾਵ ਪ੍ਰਸ਼ਨਾਵਲੀ ਵਿਚ ਸਾਰੇ ਅੰਦਰਾਜ ਜਾਂ ਪ੍ਰਸ਼ਨਾਂ ਨੂੰ ਕੋਡ ਨੰਬਰਾਂ ਵਿਚ ਬਦਲ ਦਿੱਤਾ ਜਾਂਦਾ ਹੈ ਜਿਵੇਂ ਸਮੂਹ 10 ਤੋਂ 12 ਲਈ ਕੋਡ ਨੰ. 1 ਅਤੇ 13, 14 ਸਮੂਹ ਲਈ ਕੋਡ ਨੰ. 2 ਆਦਿ। ਇਸੇ ਤਰ੍ਹਾਂ ਉਮਰ, ਧਰਮ, ਆਮਦਨ, ਜਾਤੀ, ਕਿੱਤੇ ਆਦਿ ਦੀ ਵੀ ਕੋਡਿੰਗ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਖਾਸ ਸਾਰਣੀ ਕਾਰਡ ਦੇ ਕੋਡ ਨੰਬਰਾਂ ਨੂੰ ਪੰਚ ਕੀਤਾ ਜਾਂਦਾ ਹੈ। ਜਿਸ ਨੂੰ ਪਚਿੰਗ ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਕੰਪਿਊਟਰ ਦੁਆਰਾ ਕਾਰਡ ਨੂੰ ਛਾਂਟਿਆ ਜਾਂਦਾ ਹੈ। ਮੰਨ ਲਓ ਅਸੀਂ ਅਜਿਹੇ

ਕਾਰਡ ਛਾਂਟਣਾ ਚਾਹੁੰਦੇ ਹਾਂ ਜਿਸ ਵਿਚ ਕੋਡ ਉਪਰ 2 ਹੋਵੇ ਤਾਂ ਸਾਰੇ ਕਾਰਡ ਮਸ਼ੀਨ ਵਿਚ ਪਾ ਦਿੱਤੇ ਜਾਂਦੇ ਹਨ ਤੇ ਬਿਜਲੀ ਦਾ ਸਵਿਚ ਲਗਾ ਦਿੱਤਾ ਜਾਂਦਾ ਹੈ ਤਾਂ ਕੰਪਿਊਟਰ ਉਨ੍ਹਾਂ ਦੀ ਗਿਣਤੀ ਕਰਦੇ ਹਨ।

**1.4.8 ਵਿਸ਼ਲੇਸ਼ਣ ਕਰਨਾ :**

ਵਰਗੀਕਰਣ ਅਤੇ ਸਾਰਣੀਕਰਣ ਤੋਂ ਬਾਅਦ ਅਸੀਂ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਹੁਣ ਸਾਰੀ ਜਾਣਕਾਰੀ ਉਸ ਕੋਲ ਸਾਰਣੀਆਂ ਦੇ ਰੂਪ ਵਿਚ ਪਈ ਹੈ। ਉਸ ਨੇ ਉਸ ਦੀ ਵਿਆਖਿਆ ਕਰਨੀ ਹੁੰਦੀ ਹੈ। ਮੰਨ ਲਉ ਕੋਈ ਖੋਜੀ ਇਹ ਖੋਜ ਕਰ ਰਿਹਾ ਹੈ ਕਿ ਪਿੰਡਾਂ ਵਿਚ ਵਾਤਾਵਰਣ ਤੋਂ ਕੀ ਭਾਵ ਲਿਆ ਜਾਂਦਾ ਹੈ ਅਤੇ ਪਿੰਡਾਂ ਵਿਚ ਵਾਤਾਵਰਣ ਗੰਧਲਾ ਕਿਵੇਂ ਹੋ ਰਿਹਾ ਹੈ ਤਾਂ ਸਾਰਣੀਆਂ ਵਿਚ ਹਰ ਵਰਗ ਦੇ ਲੋਕਾਂ ਦੇ ਵਾਤਾਵਰਣ ਸੰਬੰਧੀ ਵਿਚਾਰ ਪਾਏ ਹੋਏ ਹਨ ਪਿੰਡਾਂ ਦੇ ਉਤਰਦਾਤਿਆਂ ਵਲੋਂ ਦੱਸੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਤੱਥ ਵੀ ਪਾਏ ਹਨ। ਹੁਣ ਉਹ ਵਿਆਖਿਆ ਕਰੇਗਾ ਕਿ ਸਿੱਖ ਜਾਤੀ ਦੇ ਪੜ੍ਹੇ ਲਿਖੇ ਵਾਤਵਾਰਣ ਨੂੰ ਕੀ ਸਮਝਦੇ ਹਨ। ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਕੀ ਸਮਝਦੇ ਹਨ। ਸਿੱਖ ਜਾਤੀ ਦੀ ਵੱਧ ਆਮਦਨ ਵਾਲੇ ਵਾਤਾਵਰਣ ਤੋਂ ਕੀ ਭਾਵ ਲੈਂਦੇ ਹਨ। ਘੱਟ ਆਮਦਨ ਜਾਂ ਦਰਮਿਆਨੀ ਆਮਦਨ ਵਾਲੇ ਕੀ ਭਾਵ ਲੈਂਦੇ ਹਨ। ਇਸੇ ਤਰ੍ਹਾਂ ਸਿੱਖ ਜਾਤੀ ਦੇ ਕਿੱਤੇ ਤੇ ਆਧਾਰਿਤ ਵਾਤਾਵਰਣ ਬਾਰੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਕਿ ਕਿਸੇ ਸਿੱਟੇ ਤੇ ਪਹੁੰਚਿਆ ਜਾ ਸਕੇ। ਪਰ ਵਿਸ਼ਲੇਸ਼ਣ ਕਰਨ ਲਗੇ ਖਿਆਲ ਰੱਖਣਾ ਚਾਹੀਦਾ ਹੈ ਕਿ ਸਾਰਣੀਆਂ ਦੀ ਵਿਆਖਿਆ ਕਰਦੇ ਸਮੇਂ ਇਕ ਘਟਨਾ ਦੂਜੀ ਨਾਲ ਜੁੜਦੀ ਹੋਵੇ।

ਇਹ ਨਹੀਂ ਪਹਿਲਾਂ ਹੋਰ ਘਟਨਾ ਲੈ ਲਓ ਅਤੇ ਫਿਰ ਉਸ ਤੋਂ ਵੱਖਰੀ ਕਿਸਮ ਦੀ ਗੱਲ ਕਰਨ ਲਗ ਜਾਉ। ਅਜਿਹਾ ਕਰਦਿਆਂ ਹੀ ਖੋਜੀ ਆਪ ਹੀ ਆਪਣੇ ਨਿਰੀਖਣ ਨੂੰ ਚੰਗੀ ਤਰ੍ਹਾਂ ਸਮਝ ਸਕੇਗਾ। ਲੋੜ ਪੈਣ ਤੇ ਆਪਣੇ ਸਿੱਟਿਆਂ ਨੂੰ ਠੀਕ ਢੰਗ ਨਾਲ ਅਭਿਵਿਅਕਤ ਕਰਨ ਲਈ ਸਟੈਟਿਸਟੀਕਲ ਟੈਸਟ ਵੀ ਵਰਤੇ ਜਾ ਸਕਦੇ ਹਨ। ਜਿਵੇਂ ਕਈ ਸੁਕੇਅਰ, ਮੀਨ, ਮੀਡੀਅਨ ਅਤੇ ਰਿਗਰੈਸ਼ਨ ਆਦਿ। ਵਰਗੀਕਰਨ ਕਰਦੇ ਸਮੇਂ ਸਾਰਣੀਆਂ ਵਾਂਗ ਅਲੱਗ ਅਲੱਗ ਸਿਰਲੇਖ ਫੁਟਨੋਟਸ, ਵਿਆਕਰਨ ਆਦਿ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਾਲ ਅਤੇ ਕ੍ਰਮ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਵਿਆਖਿਆ ਸਰਲ ਤੇ ਸਪਸ਼ਟ ਹੋਣੀ ਚਾਹੀਦੀ ਹੈ। ਉਸ ਵਿਚ ਦੁਹਰਾਉ ਨਹੀਂ ਹੋਣਾ ਚਾਹੀਦਾ। ਵਿਆਖਿਆ ਸਮੇਂ ਕਾਗਜ਼-ਸਪੇਸ, ਸਿਆਹੀ ਆਦਿ ਨੂੰ ਵੀ ਧਿਆਨ ਹੇਠ ਰੱਖਣਾ ਚਾਹੀਦਾ ਹੈ। ਅਖੀਰ ਵਿਚ ਉਸ ਦਾ ਸਿੱਟਾ ਅਤੇ ਸੁਝਾਉ ਦੇਣੇ ਚਾਹੀਦੇ ਹਨ।

**1.4.9 ਰਿਪੋਰਟ (Report Writing) :**

ਅੰਕੜੇ ਇਕੱਠੇ ਕਰਨ ਤੋਂ ਬਾਅਦ ਉਸ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਕਈ ਸਾਧਾਰਨੀਕਰਨ ਤਿਆਰ ਕੀਤੇ ਜਾਂਦੇ ਹਨ ਤੇ ਰਿਪੋਰਟ ਲਿਖੀ ਜਾਂਦੀ ਹੈ। ਰਿਪੋਰਟ ਵਿਚ ਖੋਜ ਵਿਧੀ, ਲਿਟਰੇਚਰ ਅਤੇ ਲੱਭਤਾਂ ਬਾਰੇ ਦੱਸਿਆ ਜਾਂਦਾ ਹੈ। ਰਿਪੋਰਟ ਇਸ ਉਦੇਸ਼ ਨਾਲ ਲਿਖੀ ਜਾਂਦੀ ਹੈ ਕਿ ਤੁਹਾਡੀਆਂ ਲੱਭਤਾਂ ਜਾਂ ਕੰਮ ਦਾ ਰਿਕਾਰਡ ਰਹਿ ਸਕੇ, ਉਸ ਕੰਮ ਵਿਚ ਰੁਚੀ ਲੈਣ ਵਾਲੇ ਹੋਰ ਆਦਮੀ ਉਸ ਨੂੰ ਪੜ੍ਹਕੇ ਲਾਭ ਲੈ ਸਕਣ, ਉਸ ਵਿਚ ਨਤੀਜੇ ਇਸ ਢੰਗ ਨਾਲ ਵਰਨਣ ਕੀਤੇ ਜਾਂਦੇ ਹਨ ਕਿ ਹਰ ਬੰਦੇ ਨੂੰ ਆਸਾਨੀ ਨਾਲ ਸਮਝ ਆ ਸਕਣ, ਦੂਸਰੇ ਵਿਦਵਾਨ ਉਸ ਰਿਪੋਰਟ ਨੂੰ ਪੜ੍ਹਕੇ ਆਪਣੇ ਵਿਚਾਰ ਦਸ ਸਕਣ। ਉਨ੍ਹਾਂ ਦੇ ਕਿੰਤੂ, ਵਿਚਾਰਾਂ ਜਾਂ ਆਲੋਚਨਾ ਦੀ ਰੋਸ਼ਨੀ ਵਿਚ ਉਸ ਤੇ ਮੁੜ ਵਿਚਾਰ ਹੋ ਸਕੇ। ਕਿਉਂਕਿ ਉਸ ਦਾ ਮਕਸਦ ਹੀ ਲੋਕਾਂ ਵਿਚ ਆਪਣੀਆਂ ਲੱਭਤਾਂ ਅਤੇ ਦ੍ਰਿਸ਼ਟੀਕੋਣ ਦੱਸਦਾ ਹੁੰਦਾ ਹੈ। ਰਿਪੋਰਟ ਅੱਗੇ ਪਰਿ-ਕਲਪਨਾਵਾਂ ਦੇ ਨਿਰਮਾਣ ਵਿਚ ਸਹਾਈ ਹੁੰਦੀ ਹੈ। ਅਲੱਗ ਅਲੱਗ ਵਿਗਿਆਨੀਆਂ ਦੀਆਂ ਰਿਪੋਰਟਾਂ ਨੂੰ ਇਕੱਠਾ ਕਰਕੇ ਕਿਸੇ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਰਿਪੋਰਟ ਵਿਚ ਸਭ ਤੋਂ ਪਹਿਲਾਂ ਜੋ ਸਮੱਸਿਆ ਹੱਥ ਵਿਚ ਲਈ ਜਾਂਦੀ ਹੈ ਉਸ ਦਾ ਸੰਕਲਪ ਜਾਂ ਸਮੱਸਿਆ ਕੀ ਹੈ ? ਇਸ ਦੀ ਵਿਆਖਿਆ ਕੀਤੀ ਜਾਂਦੀ ਹੈ। ਉਹ ਸਮੱਸਿਆ ਦਾ ਪਿਛੋਕੜ ਕੀ ਹੈ ? ਕਿਉਂ ਚੋਣ ਕੀਤੀ ਗਈ ਤੇ ਕੀ ਪਰਿ-ਕਲਪਨਾਵਾਂ ਬਣਾਈਆਂ ਗਈਆਂ ਤੇ ਇਸ ਅਧਿਐਨ ਦੇ ਅੱਗੋਂ ਕੀ ਲਾਭ ਹੋਣ ਦੇ ਆਸਾਰ ਹਨ ?

ਉਸ ਤੋਂ ਬਾਅਦ ਖੋਜੀ ਦੇ ਆਦੇਸ਼ ਕੀ ਹਨ ? ਕਿਹੜੀਆਂ ਪਰਿ-ਕਲਪਨਾਵਾਂ ਦਾ ਨਿਰਮਾਣ ਕੀਤਾ ਗਿਆ ਤੇ ਕਿਹੜੀ ਖੋਜ ਵਿਧੀ ਦੀ ਵਰਤੋਂ ਕੀਤੀ ਗਈ। ਬ੍ਰਹਿਮੰਡ (Universe) ਦੀ ਚੋਣ ਕਿਵੇਂ ਕੀਤੀ ਗਈ। ਬ੍ਰਹਿਮੰਡ ਕਿਹੋ ਜਿਹਾ ਹੈ (ਪਿੰਡ, ਸ਼ਹਿਰ, ਦੇਸ਼ ਵਿਦੇਸ਼ ਆਦਿ) ਅਧਿਐਨ ਦੀ ਪ੍ਰਕਿਰਤੀ ਕੀ ਹੈ ? ਸੈਂਪਲ ਕਿਵੇਂ ਲਿਆ ਗਿਆ ? ਸੈਂਪਲ ਲੈਣ ਲਈ ਕਿਸ ਵਿਧੀ ਦੀ ਵਰਤੋਂ ਕੀਤੀ ਗਈ ? ਰੈਂਡਮ (Random) ਸੈਂਪਲ, ਸਟਰਾਈਫਾਈਡ ਸੈਂਪਲ (Stratified),

ਪਰਪਜਿਵ ਸੈਂਪਲ (Purposive) ਕਲਸ਼ਟਰ ਸੈਂਪਲ (Clustor) ਆਦਿ। ਬ੍ਰਹਿਮੰਡ ਦੀ ਪ੍ਰਕਿਰਤੀ ਕੀ ਹੈ ? ਭਾਵ ਕਿਹੜੀਆਂ ਜਾਤਾਂ, ਧਰਮਾਂ, ਨਸਲਾਂ, ਕਿੱਤਿਆਂ, ਆਮਦਨ ਸਮੂਹਾਂ ਤੇ ਲੋਕ ਵਸਦੇ ਹਨ। ਫਿਰ ਸਮੱਗਰੀ ਇਕੱਤਰ ਕਿਸ ਨੇ ਕਰਨੀ ਹੈ। ਇਕ ਬੰਦੇ ਨੇ ਜਾਂ ਪੂਰੀ ਟੀਮ ਨੇ। ਕੀ ਖੋਜੀ ਆਪ ਵੀ ਫੀਲਡ ਵਿਚ ਜਾਵੇਗਾ ? ਟੀਮ ਨੂੰ ਟਰੇਨਿੰਗ ਆਦਿ ਦਾ ਪ੍ਰਬੰਧ, ਉਨ੍ਹਾਂ ਦਾ ਉਤਰਦਾਤਿਆਂ ਨਾਲ ਸੰਪਰਕ ਅੰਕੜੇ ਇਕੱਠੇ ਕਰਨ ਦੀ ਵਿਧੀ ਪ੍ਰਸ਼ਨਾਵਲੀ ਸਾਰਣੀ, ਇੰਟਰਵਿਊ, ਨਿਰੀਖਣ, ਕੇਸ-ਹਿਸਟਰੀ ਆਦਿ। ਸਮੱਗਰੀ ਪ੍ਰਥਮ ਦਰਜੇ ਦੀ ਹੈ ਜਾਂ ਦੂਸਰੇ ਦਰਜੇ ਦੀ ਹੈ। ਟੀਮ ਨੂੰ ਸੁਪਰਵਾਈਜ਼ ਕਿਵੇਂ ਤੇ ਕੌਣ ਕਰੇਗਾ ? ਵਰਗੀਕਰਨ ਅਤੇ ਸਮੀਕਰਨ ਲਈ ਕਿਹੜੀ ਵਿਧੀ ਅਪਣਾਈ ਗਈ।

ਇਕੱਤਰ ਕੀਤੀ ਸਮੱਗਰੀ ਜੇ ਅਲੱਗ ਅਲੱਗ ਸਾਰਣੀਆਂ ਵਿਚ ਪਈ ਹੈ, ਉਸ ਦੀ ਵਿਆਖਿਆ ਕਰਨ ਲੱਗੇ ਘਟਨਾਵਾਂ ਦੀ ਸਹੀ ਪਹੁੰਚ, ਸਹੀ ਜਗ੍ਹਾ, ਕ੍ਰਮ ਅਨੁਸਾਰ ਸਟੈਟਿਸਟੀਕਲ ਫਾਰਮੂਲੇ, ਭਾਸ਼ਾ, ਸ਼ੁੱਧੀ, ਵਿਆਕਰਣ ਆਦਿ ਦਾ ਖਿਆਲ ਰੱਖਿਆ ਜਾਂਦਾ ਹੈ। ਕੱਢੇ ਨਤੀਜੇ ਸਾਰਣੀਕਰਨ, ਵਾਸਤਵਿਕਤਾ, ਭਵਿੱਖਬਾਣੀ, ਅਨੁਮਾਨ ਅਤੇ ਪ੍ਰਮਾਣਯੋਗਤਾ ਦੀ ਕਸਵੱਟੀ ਤੇ ਪਰਖੇ ਜਾਂਦੇ ਹਨ। ਜੋ ਅਨੁਮਾਨ ਲਾਏ ਜਾਂਦੇ ਹਨ। ਉਨ੍ਹਾਂ ਦਾ ਆਧਾਰ ਕੀ ਹੈ, ਸਾਰੀ ਕਿਸਮ ਦੇ ਪ੍ਰਮਾਣ ਦਿੱਤੇ ਜਾਂਦੇ ਹਨ। ਕਿਉਂਕਿ ਕਿਸੇ ਵੀ ਸਿਧਾਂਤ ਦੇ ਨਿਰਮਾਣ ਵੇਲੇ ਕੋਈ ਠੋਸ ਸਬੂਤ ਪ੍ਰਮਾਣ ਆਧਾਰ ਹੋਣੇ ਚਾਹੀਦੇ ਹਨ। ਸਿਧਾਂਤ ਜਾਂ ਸਾਰਣੀਕਰਨ ਵੇਲੇ ਇਹ ਦਿਮਾਗ ਵਿਚ ਹੋਵੇ ਕਿ ਇਹ ਰਿਪੋਰਟ ਲੋਕਾਂ ਵਿਚ ਜਾਵੇਗੀ। ਉਨ੍ਹਾਂ ਦੀ ਪ੍ਰਤੀਕ੍ਰਿਆ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਰਿਪੋਰਟ ਵਿਚ ਕੋਈ ਤਰੁੱਟੀ ਨਹੀਂ ਰਹਿਣੀ ਚਾਹੀਦੀ।

ਰਿਪੋਰਟ ਵਿਚ ਦਸਤਾਵੇਜ਼ਾਂ ਤੇ ਸਟੇਟਮੈਂਟਾਂ ਦਾ ਜ਼ਿਕਰ ਹੁੰਦਾ ਹੈ। ਜਿਨ੍ਹਾਂ ਦੇ ਆਧਾਰ ਤੇ ਸਾਧਾਰਨੀਕਰਨ ਤਿਆਰ ਕੀਤਾ ਜਾਂਦਾ ਹੈ। ਪ੍ਰਸ਼ਨਾਵਲੀ ਜਾਂ ਸਾਰਣੀ ਦੀ ਵਰਤੋਂ ਨਾਲ ਅੰਕੜੇ ਇਕੱਠੇ ਕੀਤੇ ਹੁੰਦੇ ਹਨ ਦਾ ਵੀ ਅਖੀਰ ਵਿਚ ਜ਼ਿਕਰ ਹੁੰਦਾ ਹੈ। ਭਾਵ ਉਹ ਸਾਰੇ ਤੱਥ ਜਾਂ ਗੱਲਾਂ ਜਿਨ੍ਹਾਂ ਨੂੰ ਦੱਸਣਾ ਬਹੁਤ ਜ਼ਰੂਰੀ ਹੁੰਦਾ ਹੈ ਪਰ ਰਿਪੋਰਟ ਦੇ ਮੁੱਢ ਵਿਚ ਅਸੀਂ ਨਹੀਂ ਦੱਸ ਸਕਦੇ ਕਿਉਂਕਿ ਅਜਿਹਾ ਕਰਨ ਨਾਲ ਕ੍ਰਮ ਟੁੱਟ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਦਰੁਸੁਤ ਵਿਆਖਿਆ ਅਖੀਰ ਵਿਚ ਦੇਣੀ ਬਣਦੀ ਹੈ।

ਜਿਥੇ ਕਿਧਰੇ ਜ਼ਰੂਰਤ ਹੋਵੇ ਉਥੇ ਫੁੱਟ ਨੋਟਾਂ ਦਾ ਸਹੀ ਜ਼ਿਕਰ ਹੋਣਾ ਚਾਹੀਦਾ ਹੈ ਤਾਂ ਕਿ ਪੜ੍ਹਨ ਵਾਲੇ ਨੂੰ ਸਮਝਣ ਵਿਚ ਔਖ ਮਹਿਸੂਸ ਨਾ ਹੋਵੇ। ਸੁਝਾਉ ਜ਼ਿਆਦਾਤਰ ਉਦੋਂ ਦਿੱਤੇ ਜਾਂਦੇ ਹਨ ਜਦ ਰਿਪੋਰਟ ਕਿਸੇ ਤੀਜੀ ਧਿਰ ਲਈ ਲਿਖੀ ਹੋਵੇ। ਪਰ ਸੁਝਾਉ ਉਨ੍ਹਾਂ ਉਸਾਰੂ ਸਮੱਸਿਆਵਾਂ ਨਾਲ ਸੰਬੰਧਤ, ਤਰਕ ਤੇ ਆਧਾਰਿਤ ਹੋਣੇ ਚਾਹੀਦੇ ਹਨ। ਸੁਝਾਉ ਦੇਣ ਲੱਗੇ ਉਨ੍ਹਾਂ ਮੁਸ਼ਕਲਾਂ ਨੂੰ ਸੋਚ ਲੈਣਾ ਚਾਹੀਦਾ ਹੈ ਜਿਹੜੀਆਂ ਇਨ੍ਹਾਂ ਤੇ ਲਾਗੂ ਕਰਨ ਨਾਲ ਆਉਣਗੀਆਂ।

### ਪੁਸਤਕ ਸੂਚੀ ਦੀ ਤਿਆਰੀ (Preparation of Bibliography) :

ਪੁਸਤਕ ਸੂਚੀ ਤਿਆਰ ਕਰਨਾ ਖੋਜ ਦਾ ਸਭ ਤੋਂ ਆਖਰੀ ਪੜਾਅ ਹੈ। ਜਿਨ੍ਹਾਂ ਕਿਤਾਬਾਂ ਦਾ ਉਲੇਖ ਅਸੀਂ ਆਪਣੇ ਅਧਿਐਨ ਵਿਚ ਕੀਤਾ ਹੈ ਅਤੇ ਉਸ ਤੋਂ ਇਲਾਵਾ ਆਪਣੇ ਅਧਿਐਨ ਨਾਲ ਸੰਬੰਧਿਤ ਜੋ ਅਸੀਂ ਹੋਰ ਕਿਤਾਬਾਂ ਪੜ੍ਹੀਆਂ ਹਨ। ਭਾਵੇਂ ਉਨ੍ਹਾਂ ਦਾ ਉਲੇਖ ਅਸੀਂ ਆਪਣੀ ਖੋਜ ਵਿਚ ਨਹੀਂ ਕੀਤਾ। ਉਨ੍ਹਾਂ ਸਾਰੀਆਂ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ। ਪੁਸਤਕਾਂ ਤੋਂ ਇਲਾਵਾ ਹੋਰ ਮੈਗਜ਼ੀਨਾਂ, ਜਨਰਲ, ਹਫਤਾਵਾਰ ਪਰਚੇ, ਮਾਸਿਕ, ਰੋਜ਼ਾਨਾ ਅਤੇ ਸਲਾਨਾ ਪਰਚੇ, ਦਸਤਾਵੇਜ, ਹੱਥ ਲਿਖਤਾਂ, ਥੀਸਿਜ਼ ਆਦਿ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਹ ਵੀ ਪੁਸਤਕ ਸੂਚੀ ਵਿਚ ਰੱਖੇ ਜਾਂਦੇ ਹਨ। ਇਥੋਂ ਤੱਕ ਕਿ ਜੇ ਅਸੀਂ ਆਡੀਓ ਜਾਂ ਵੀਡਿਓ ਕੈਸਿਟ ਦਾ ਇਸਤੇਮਾਲ ਕੀਤਾ ਹੈ। ਉਹ ਵੀ ਸ਼ਾਮਿਲ ਕੀਤਾ ਜਾਂਦਾ ਹੈ। ਸੂਚੀ ਤਿਆਰ ਕਰਨ ਲੱਗੇ ਕੁਝ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਜਿਵੇਂ ਕਿ :

**(i) ਸਭ ਤੋਂ ਪਹਿਲਾਂ ਲੇਖਕ ਦਾ ਨਾਮ, ਫਿਰ ਕਿਤਾਬ ਦਾ ਨਾਂ, ਪਬਲਿਸ਼ਰ ਦਾ ਨਾਂ, ਪਬਲਿਸ ਸਥਾਨ ਅਤੇ ਸਮਾਂ ਜਿਵੇਂ:**

ਮੋਜਰ ਸੀ.ਏ. ਅਤੇ ਕਲਟਨ, ਜੀ ਸਰਵੇ ਮੈਥੱਡਜ ਇਨ ਸੋਸ਼ਲ ਇਨਵੈਸਟੀਗੇਸ਼ਣ, ਹੈਮਨ, ਐਜੂਕੇਸ਼ਨਲ ਬੁਕਸ ਲਿਮਟਿਡ, ਲੰਦਨ, 1980

**(ii) ਲੇਖਕਾਂ ਦੇ ਨਾਂ ਅਖਰ-ਕ੍ਰਮ ਅਨੁਸਾਰ ਹੋਣੇ ਜਿਵੇਂ :**

(ੳ) ਉੱਤਮ ਸਿੰਘ............ਪੁਸਤਕ..............ਪ੍ਰਕਾਸ਼ਕ................ਸਥਾਨ................ਸਮਾਂ

(ਅ) ਅਜਾਇਬ ਸਿੰਘ............ਪੁਸਤਕ............ਪ੍ਰਕਾਸ਼ਕ............ਸਥਾਨ............ਸਮਾਂ

(ੲ) ਈਸ਼ਵਰ ਸਿੰਘ............ਪੁਸਤਕ............ਪ੍ਰਕਾਸ਼ਕ............ਸਥਾਨ............ਸਮਾਂ

3. ਜੋ ਪੁਸਤਕ ਕਿਸੇ ਐਡੀਟਰ ਦੁਆਰਾ ਲਿਖੀ ਹੈ ਜਿਸ ਵਿਚ ਕਈ ਲੇਖਕਾਂ ਦੇ ਆਰਟੀਕਲ ਹਨ ਤਾਂ ਪਹਿਲਾਂ ਆਰਟੀਕਲ ਦੇ ਲੇਖਕ ਦਾ ਨਾਂ (ਜਿਸ ਦਾ ਉਲੇਖ ਕੀਤਾ ਗਿਆ) ਫਿਰ ਆਰਟੀਕਲ ਦਾ ਨਾਂ (ਕੌਮਿਆਂ ਵਿਚ) ਫਿਰ ਐਡੀਟਰ ਦਾ ਨਾਮ ਤੇ ਫਿਰ ਪੁਸਤਕ ਦਾ ਨਾਮ (ਅੰਡਰਲਾਈਨ) ਬਾਅਦ ਵਿਚ ਪ੍ਰਕਾਸ਼ਕ, ਸਥਾਨ ਤੇ ਮੈਗਜ਼ੀਨ, ਜਰਨਲ, ਨਿਊਜ਼ ਪੇਪਰ ਜਾਂ ਹੋਰ ਸਮੱਗਰੀ ਦੀ ਵਰਤੋਂ ਕੀਤੀ ਹੈ ਤਾਂ ਉਨ੍ਹਾਂ ਦੀ ਨਵੇਂ ਸਿਰਲੇਖਾਂ ਜਿਵੇਂ ਮੈਗਜ਼ੀਨ ਜਾਂ ਜਰਨਲ ਤੇ ਪੇਪਰ ਆਦਿ ਹੇਠ ਸੂਚੀ ਅੱਖਰਕ੍ਰਮ ਅਨੁਸਾਰ ਬਣਾਈ ਜਾ ਸਕਦੀ ਹੈ ਅਤੇ ਪੁਸਤਕ ਸੂਚੀ ਦੇ ਵਿਚ ਵੀ ਅੱਖਰਕ੍ਰਮ ਅਨੁਸਾਰ ਰੱਖੇ ਜਾ ਸਕਦੇ ਹਨ। ਪਰ ਮੈਗਜ਼ੀਨ ਜਰਨਲ ਅਤੇ ਨਿਊਜ਼ ਪਰਚਿਆਂ ਦੇ ਸਹੀ ਤਰੀਕੇ, ਸਾਲ ਅਤੇ ਅੰਕ ਨੰਬਰ ਦੇਣ ਦੀ ਬਹੁਤ ਜ਼ਰੂਰਤ ਹੁੰਦੀ ਹੈ।

ਖੋਜ ਕੰਮ ਵਿਚ ਪੁਸਤਕ ਸੂਚੀ ਦੀ ਆਪਣੀ ਹੀ ਮਹੱਤਤਾ ਹੁੰਦੀ ਹੈ ਜਿਸ ਵਿਚ ਦਿੱਤੀਆਂ ਪੁਸਤਕਾਂ ਨੂੰ ਹੋਰ ਖੋਜੀ ਲੱਭ ਕੇ ਉਨ੍ਹਾਂ ਦੀ ਸਹਾਇਤਾ ਲੈ ਸਕਦੇ ਹਨ ਜੋ ਆਪਣੇ ਸ਼ੱਕ ਸ਼ੁਭੇ ਦੂਰ ਕਰ ਸਕਦੇ ਹਨ।

## 1.5 ਸਾਰ :

ਉਪਰੋਕਤ ਚਰਚਾ ਤੋਂ ਪਤਾ ਚਲਦਾ ਹੈ ਕਿ ਖੋਜ ਸਿਧਾਂਤਾਂ ਅਤੇ ਤੱਥਾਂ ਨੂੰ ਜਾਣਨ ਲਈ ਇੱਕ ਧਿਆਨ-ਪੂਰਵਕ, ਆਲੋਚਨਾਤਮਕ ਪੁਣ-ਛਾਣ ਜਾਂ ਇਮਤਿਹਾਨ ਹੈ। ਖੋਜ ਦੇ ਖੇਤਰ ਵਿੱਚ ਜੋ ਨਤੀਜੇ ਜਾਂ ਸਿਧਾਂਤ ਪ੍ਰਵਾਨ ਹੋ ਚੁੱਕੇ ਹਨ, ਉਨ੍ਹਾਂ ਦੀ ਦੁਬਾਰਾ-ਦੁਬਾਰਾ ਖੋਜ ਜਾਂ ਜਾਂਚ-ਪੜਤਾਲ ਕਰਨੀ ਹੀ ਖੋਜ ਕਹਿਲਵਾਉਂਦੀ ਹੈ। ਇਸ ਪਾਠ ਵਿੱਚ ਖੋਜ ਸ਼ਬਦ ਦੇ ਸੰਕਲਪ ਨੂੰ ਵਿਸਥਾਰ ਵਿਚ ਸਪੱਸ਼ਟ ਕੀਤਾ ਗਿਆ ਹੈ ਅਤੇ ਉਸ ਤੋਂ ਬਾਅਦ ਸਮਾਜਿਕ ਖੋਜ ਦੇ ਪੜਾਵਾਂ 'ਤੇ ਕ੍ਰਮਵਾਰ ਰੌਸ਼ਨੀ ਪਾਈ ਗਈ ਹੈ। ਸਭ ਤੋਂ ਪਹਿਲਾਂ ਬਿਆਨ ਕੀਤਾ ਗਿਆ ਹੈ ਕਿ ਖੋਜ ਦਾ ਪਹਿਲਾ ਪੜਾਅ ਹੈ ਸਮੱਸਿਆ ਦੀ ਚੋਣ ਅਤੇ ਇਸ ਵਿੱਚ ਵਰਤੇ ਜਾਣ ਵਾਲੇ ਸੰਕਲਪ ਸਰਲ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ। ਉਸ ਤੋਂ ਬਾਅਦ ਸਮੱਸਿਆ ਨਾਲ ਸੰਬੰਧਿਤ ਸਾਹਿਤ ਦਾ ਅਧਿਐਨ ਲਾਜ਼ਮੀ ਹੈ ਜਿਹੜਾ ਕਿ ਪਰਿ-ਕਲਪਨਾਵਾਂ ਦੇ ਨਿਰਮਾਣ ਨਾਲ ਜ਼ਰੂਰੀ ਹੁੰਦਾ ਹੈ। ਪਰਿਕਲਪਨਾਵਾਂ ਟੀਚੇ ਤੇ ਪਹੁੰਚਣ ਵਿੱਚ ਸਹਾਈ ਹੁੰਦੀਆਂ ਹਨ। ਪਰਿਕਲਪਨਾਵਾਂ ਦੇ ਆਧਾਰ ਤੇ ਹੀ ਸਮੱਗਰੀ ਇਕੱਠੀ ਕੀਤੀ ਜਾਂਦੀ ਹੈ ਜਿਸ ਲਈ ਵੱਖ-ਵੱਖ ਵਿਧੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਸ ਉਪਰੰਤ ਡੇਟੇ ਦਾ ਵਰਗੀਕਰਣ, ਐਡਿਟਿੰਗ, ਕੋਡਿੰਗ, ਸਾਰਣੀਕਰਣ ਅਤੇ ਫਿਰ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਨ੍ਹਾਂ ਪੜਾਵਾਂ ਵਿੱਚੋ ਨਿਕਲਕੇ ਖੋਜ ਆਖ਼ਰੀ ਪੜਾਅ 'ਤੇ ਪਹੁੰਚਦੀ ਹੈ, ਜਿਸਨੂੰ ਰਿਪੋਰਟ ਲਿਖਣਾ ਕਿਹਾ ਜਾਂਦਾ ਹੈ। ਇਹ ਖੋਜ ਦੀ ਯਾਤਰਾ ਦੀ ਮੰਜ਼ਿਲ ਹੈ। ਖੋਜ ਰਿਪੋਰਟ ਦੀ ਸੰਪੂਰਣਤਾ, ਪ੍ਰਸਤੁਤੀ ਅਤੇ ਰਚਨਾ ਤੋਂ ਖੋਜ ਦੇ ਅਮਲ ਦੇ ਨਿਯੰਤਰਣ ਅਤੇ ਕੁਸ਼ਲਤਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਰਿਪੋਰਟ ਤੋਂ ਹੀ ਖੋਜੀ ਦੀ ਵਿਦਵਤਾ, ਯੋਗਤਾ ਅਤੇ ਨਿਰਣਾ ਕਰਨ ਦੀ ਕਾਬਲੀਅਤ ਦਾ ਪਤਾ ਚਲਦਾ ਹੈ।

## 1.6 ਮੁੱਖ ਸ਼ਬਦ :

**ਖੋਜ** : ਕਿਸੇ ਉਦੇਸ਼ ਦੀ ਪੂਰਤੀ ਲਈ ਧਿਆਨ-ਭਰਪੂਰ ਪੜਤਾਲ ਜਾਂ ਪੁੱਛ-ਗਿੱਛ

**ਪਰਿਕਲਪਨਾ** : ਪਰਿਕਲਪਨਾ ਟੂੱਲ, ਅਨੁਮਾਨ ਜਾਂ ਫ਼ਰਜ਼ੀ ਵਿਚਾਰ ਹੁੰਦਾ ਹੈ, ਜਿਸਨੂੰ ਖੋਜ ਦਾ ਆਧਾਰ ਬਣਾਇਆ ਜਾਂਦਾ ਹੈ।

**ਸੈਂਪਲਿੰਗ** : ਬ੍ਰਹਿਮੰਡ ਦਾ ਉਹ ਅੰਸ਼ ਜਿਸ ਵਿੱਚ ਉਸ ਬ੍ਰਹਿਮੰਡ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਦਾ ਸਪੱਸ਼ਟ ਪ੍ਰਤੀਬਿੰਬ ਹੁੰਦਾ ਹੈ। ਇਹ ਸਮੁੱਚੀ ਵਸੋਂ ਦਾ ਲਘੂ ਚਿੱਤਰ ਹੁੰਦਾ ਹੈ।

**ਦੱਤ ਸਮੱਗਰੀ** : ਅਨੁਮਾਨਾਂ ਦੇ ਪ੍ਰੀਖਣ ਲਈ ਜ਼ਰੂਰੀ ਅਤੇ ਤਰਕ-ਸੰਗਤ ਅੰਕੜਿਆਂ ਦੀ ਲੋੜ ਹੁੰਦੀ ਹੈ। ਸਮੱਸਿਆ ਦੇ ਅਧਿਐਨ ਲਈ ਦੋ ਪ੍ਰਕਾਰ ਦੇ ਅੰਕੜੇ ਵਰਤੋਂ ਵਿੱਚ ਆਉਂਦੇ ਹਨ – (1) ਪ੍ਰਾਥਮਿਕ ਸਮੱਗਰੀ ਅਤੇ (ii) ਗੌਣ ਸਮੱਗਰੀ।

**ਸਾਰਣੀਕਰਣ** : ਸਮੱਗਰੀ ਦੀ ਸਮਰੂਪਤਾ ਜਾਂ ਸਮਾਨਤਾਵਾਂ ਅਨੁਸਾਰ ਵੱਖ-ਵੱਖ ਸਮੂਹਾਂ ਜਾਂ ਜਮਾਤਾਂ ਵਿੱਚ ਵੰਡ ਦਾ ਨਾਮ ਹੈ ਸਾਰਣੀਕਰਣ।

## 1.7 ਅਭਿਆਸ ਲਈ ਪ੍ਰਸ਼ਨ

1. ਵਿਗਿਆਨਕ ਵਿਧੀ ਕਿਸ ਨੂੰ ਆਖਦੇ ਹਨ ? ਇਸ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ?
2. ਸਮਾਜਿਕ ਖੋਜ ਕੀ ਹੈ ? ਇਸਦੇ ਕਿਹੜੇ ਕਿਹੜੇ ਪੜਾਅ ਹਨ ? ਬਿਆਨ ਕਰੋ।

3. ਖੋਜ ਵਿਧੀ ਕੀ ਹੈ ? ਖੋਜ ਨਾਲ ਸੰਬੰਧਤ ਸਮੱਗਰੀ ਇਕੱਠੀ ਕਰਨ ਦੇ ਕੀ ਢੰਗ ਹਨ ? ਬਿਆਨ ਕਰੋ।

## ਸੰਖੇਪ ਸਵਾਲ

(ੳ) ਸਾਰਣੀ ਦੀਆਂ ਕਿਸਮਾਂ ਦੇ ਨਾਂ ਦਿਉ।

(ਅ) ਦਸਤਾਵੇਜੀ ਸਰੋਤ ਕਿਹੜੇ ਕਿਹੜੇ ਹੁੰਦੇ ਹਨ ?

(ੲ) ਟੈਬੁਲੇਸ਼ਨ ਕਿੰਨੇ ਪ੍ਰਕਾਰ ਦੀ ਹੁੰਦੀ ਹੈ ਤੇ ਕਿਹੜੀ ਕਿਹੜੀ ?

## 1.8 ਪੁਸਤਕ ਸੂਚੀ


| | | | |
|---|---|---|---|
| 1. | Good & Hatt | : | Methods in Social Research |
| 2. | Young P.V. | : | Scientific Social Surveys and Research |
| 3. | Selltiz, C. (et al) | : | Research Methods in Social Relations |
| 4. | Jaspal Singh | : | Introduction to Research Methods |
| 5. | Wilkinson, T.S. & Bhandarkar, P.L. | : | Methodology and Techniques of Social Research |
| 6. | Bajpai | : | Methods of Social Surveys & Research |
| 7. | Moser, C.A. and Kalton, G. | : | Survey Methods in Social Investigation |
| 8. | Sharma, T.R. | : | "Vidyak Khoj Vidhi" |

ਪਾਠ ਨੰਬਰ : 1.2 ਲੇਖਿਕਾ : ਡਾ. ਹਰਿੰਦਰ ਕੌਰ

# ਵਿਗਿਆਨਿਕ ਵਿਧੀ (Scientific Method)

**ਬਣਤਰ** :

2.0 ਉਦੇਸ਼
2.1 ਜਾਣ-ਪਛਾਣ
2.2 ਪਰਿਭਾਸ਼ਾਵਾਂ
2.3 ਵਿਗਿਆਨਕ ਵਿਧੀ ਦੀ ਵਰਤੋਂ
2.4 ਵਿਗਿਆਨਕ ਵਿਧੀ ਦੇ ਪੜਾਅ
2.5 ਵਿਗਿਆਨਕ ਵਿਧੀ ਦੀਆਂ ਵਿਸ਼ੇਸ਼ਤਾਈਆਂ
2.5.1 ਨਿਰਪੱਖਤਾ ਜਾਂ ਵਸਤੂ ਨਿਸ਼ਠਤਾ
2.5.2 ਨਿਸ਼ਚੇਆਤਮਕਤਾ
2.5.3 ਪ੍ਰਾਮਣਨ ਯੋਗਤਾ
2.5.4 ਸਾਧਾਰਣੀਕਰਨ ਜਾਂ ਸਮਾਨੀਕਰਨ
2.5.5 ਭਵਿਖਬਾਣੀ ਕਰਨ ਦੀ ਸਮੱਰਥਾ
2.5.6 ਢੁੱਕਵੀਂ ਸ਼ਬਦਾਵਲੀ
2.5.7 ਸਿਸਟਮ
2.6 ਸਾਰ
2.7 ਮੁੱਖ ਸ਼ਬਦ
2.8 ਅਭਿਆਸ ਲਈ ਪ੍ਰਸ਼ਨ
2.9 ਪੁਸਤਕ ਸੂਚੀ

## 2.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

- ਵਿਗਿਆਨਕ ਵਿਧੀ ਦਾ ਅਰਥ ਸਪਸ਼ਟ ਕਰ ਸਕੋ।
- ਵਿਗਿਆਨਕ ਵਿਧੀ ਦੀ ਵਰਤੋਂ ਅਤੇ ਇਸਦੇ ਪੜਾਅ ਦੱਸ ਸਕੋ।
- ਵਿਗਿਆਨਕ ਵਿਧੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਤੇ ਰੌਸ਼ਨੀ ਪਾ ਸਕੋ।

## 2.1 ਜਾਣ-ਪਛਾਣ :

ਜਿਵੇਂ ਕਿ ਪਿਛਲੇ ਪਾਠ ਵਿੱਚ ਅਸੀਂ ਪੜ੍ਹ ਚੁੱਕੇ ਹਾਂ ਕਿ ਖੋਜ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਮੱਸਿਆ ਦੀ ਚੋਣ ਕੀਤੀ ਜਾਂਦੀ ਹੈ ਅਤੇ ਉਸ ਬਾਰੇ ਅਤੇ ਉਸ ਨਾਲ ਸੰਬੰਧਿਤ ਸੰਕਲਪਾਂ ਬਾਰੇ ਸਮਝਿਆ ਜਾਂਦਾ ਹੈ। ਉਸ ਸਮੱਸਿਆ ਦੇ ਕਾਰਣਾਂ ਅਤੇ ਨਤੀਜਿਆਂ 'ਤੇ ਦੋ ਢੰਗਾਂ ਨਾਲ ਪਹੁੰਚ ਸਕਦੇ ਹਾਂ। ਪਹਿਲਾ ਢੰਗ ਹੈ - ਕਿਆਸ ਰਾਹੀਂ, ਐਵੇਂ ਉੱਗੜ-ਦੁੱਗੜ ਤੀਰ-ਤੁੱਕੇ ਨਾਲ ਜਿਵੇਂ ਹਰੇਕ ਆਮ ਵਿਅਕਤੀ ਕਰਦਾ ਹੈ ਅਤੇ ਦੂਸਰਾ ਢੰਗ ਹੈ - ਵਿਗਿਆਨਕ, ਜਿਸ ਵਿੱਚ ਯੋਜਨਾਬੱਧ ਢੰਗ ਰਾਹੀਂ ਵਿਗਿਆਨਕ ਵਿਧੀ ਅਪਣਾ ਕੇ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ। ਵਿਗਿਆਨਕ ਅਧਿਐਨ ਦੇ ਕਈ ਪੜਾਅ ਹੁੰਦੇ ਹਨ ਜਿਵੇਂ ਸਮੱਸਿਆ ਦੀ ਚੋਣ, ਉਸਨੂੰ ਪਰਿਭਾਸ਼ਤ ਕਰਨਾ, ਉਸਦਾ ਕਥਨ ਕਰਨਾ, ਪਰਿਕਲਪਨਾ ਬਣਾਉਣਾ, ਉਦੇਸ਼ ਲਿਖਣਾ, ਵੰਨਗੀ ਖੇਤਰ ਦੀ ਚੋਣ ਕਰਨਾ, ਬਿਨਾ ਪੱਖਪਾਤ ਅਤੇ ਭਰੋਸੇਯੋਗ ਸੰਦਾਂ ਦੀ ਸਹਾਇਤਾ ਨਾਲ

ਤੱਥ ਇਕੱਠੇ ਕਰਨਾ, ਉਨ੍ਹਾਂ ਦਾ ਸਹੀ ਵਿਸ਼ਲੇਸ਼ਣ ਕਰਨਾ ਅਤੇ ਸਾਧਾਰਣੀਕਰਨ ਬਣਾਉਣਾ। ਹਰੇਕ ਢੰਗ ਵਿੱਚ ਇੱਕੋ ਹੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸਨੂੰ ਵਿਗਿਆਨਕ ਵਿਧੀ ਕਿਹਾ ਜਾਂਦਾ ਹੈ।

## 2.2 ਪਰਿਭਾਸ਼ਾਵਾਂ :

**ਜਾਰਜ ਏ. ਲੰਡਬਰਗ** ਅਨੁਸਾਰ ਵਿਗਿਆਨਕ ਵਿਧੀ ਯੋਜਨਾਬੱਧ ਨਿਰੀਖਣ ਅਤੇ ਅੰਕੜਿਆਂ ਦੇ ਵਰਗੀਕਰਣ ਅਤੇ ਵਿਆਖਿਆ ਵਿਚ ਸਮੋਈ ਹੋਈ ਹੈ।

**ਮਰਟਿਨਡੇਲ ਅਤੇ ਮੋਨਾਕੀ** ਦੇ ਅਨੁਸਾਰ, ਵਿਗਿਆਨਕ ਵਿਧੀ ਤੋਂ ਸਾਡਾ ਮਤਲਬ ਉਸ ਢੰਗ ਤਰੀਕੇ ਤੋਂ ਹੁੰਦਾ ਹੈ ਜਿਸ ਨੂੰ ਵਿਗਿਆਨ ਪ੍ਰਯੋਗ ਸਿੱਧ ਗਿਆਨ ਦੀ ਪ੍ਰਾਪਤੀ ਦੇ ਲਈ ਆਪਣੀਆਂ ਆਧਾਰ ਭੂਤ ਕਾਰਜ ਪ੍ਰਣਾਲੀਆਂ ਨੂੰ ਵਿਵਹਾਰ ਕਰਨ ਵਿਚ ਅਤੇ ਆਪਣੇ ਉਪਕਰਣਾਂ ਅਤੇ ਪ੍ਰਵਿਧੀਆਂ ਦੇ ਪ੍ਰਯੋਗ ਕਰਨ ਵਿਚ ਵਰਤਿਆ ਜਾਂਦਾ ਹੈ।

**ਮੈਕਗਿਊਗਨ** ਅਨੁਸਾਰ, ਵਿਗਿਆਨਕ ਪੱਧਤੀ ਇੱਕ ਅਜਿਹੀ ਕ੍ਰਮਬੱਧ ਪ੍ਰਕ੍ਰਿਆ ਹੈ ਜਿਸਦੇ ਮਾਧਿਅਮ ਨਾਲ ਸਾਰੀਆਂ ਸਾਇੰਸਾਂ ਆਪਣੇ ਪ੍ਰਸ਼ਨਾਂ ਦਾ ਉੱਤਰ ਪ੍ਰਾਪਤ ਕਰਦੀਆਂ ਹਨ।

**ਕਾਰਲ ਪੀਅਰਸਨ** ਅਨੁਸਾਰ, ਵਿਗਿਆਨਕ ਪੱਧਤੀ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ :

(ੳ) ਤੱਥਾਂ ਦਾ ਧਿਆਨਪੂਰਵਕ, ਸਾਵਧਾਨੀ ਨਾਲ ਵਰਗੀਕਰਨ।
(Careful and accurate classification of facts)

(ਅ) ਤੱਥਾਂ ਵਿਚਲੇ ਸਹਿ-ਸੰਬੰਧ ਅਤੇ ਕ੍ਰਮਬੱਧਤਾ ਦਾ ਨਿਰੀਖਣ
(Observation of their correlation and sequence)

(ੲ) ਸਿਰਜਨਾਤਮਕ ਕਲਪਨਾ ਰਾਹੀਂ ਵਿਗਿਆਨਕ ਨਿਯਮਾਂ ਦੀ ਖੋਜ
(Discovery of Scientific Laws by the aid of creative imagination)

(ਸ) ਅਧਿਐਨ-ਕਰਤਾ ਦੁਆਰਾ ਉਨ੍ਹਾਂ ਦੀ ਆਤਮ-ਆਲੋਚਨਾ।
(Self-Criticism)

(ਹ) ਅੰਤ ਵਿੱਚ ਅਜਿਹੀ ਸਰਵ-ਉੱਤਮ ਕਸੌਟੀ ਦੀ ਰਚਨਾ ਕਰਨਾ ਜਿਹੜੀ ਸਾਰੇ ਆਮ ਬੰਦਿਆਂ ਲਈ ਇੱਕੋ ਤਰ੍ਹਾਂ ਢੁੱਕਵੀਂ ਹੋਵੇ।
(The final touch stone of equal validity for all normally constituted minds)

**ਸ੍ਰੀ ਟਾਊਨ ਜ਼ੈਡ** ਲਿਖਦਾ ਹੈ ਕਿ ਵਿਗਿਆਨਕ ਪੱਧਤੀ ਤੋਂ ਭਾਵ ਚਿੰਤਨ ਅਤੇ ਵਿਵਹਾਰ ਦੇ ਉਨ੍ਹਾਂ ਅਤਿ ਕਠੋਰ ਪ੍ਰਤੱਖ ਅਤੇ ਪ੍ਰਬਲ ਸਾਧਨਾ ਤੋਂ ਹੈ, ਜਿਨ੍ਹਾਂ ਦੇ ਮਾਧਿਅਮ ਰਾਹੀਂ ਤੱਥਾਂ ਦਾ ਸੰਕਲਨ ਅਤੇ ਸੰਗਠਨ ਹੁੰਦਾ ਹੈ।

**ਐਲ.ਐਲ. ਬਰਨਾਰਡ** ਨੇ ਵਿਗਿਆਨਕ ਵਿਧੀ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ ਕਿ ਵਿਗਿਆਨ ਦੀ ਪਰਿਭਾਸ਼ਾ ਇਸ ਵਿੱਚ ਵਾਪਰਨ ਵਾਲੀਆਂ ਪ੍ਰਮੁੱਖ ਛੇ ਪ੍ਰਕਿਰਿਆਵਾਂ ਤੋਂ ਕੀਤੀ ਜਾ ਸਕਦੀ ਹੈ। ਇਹ ਪ੍ਰਮੁੱਖ ਪ੍ਰਕਿਰਿਆਵਾਂ ਹਨ : ਪਰਖ (testing), ਪ੍ਰਮਾਣਿਕਤਾ (verification), ਪਰਿਭਾਸ਼ਾ (definition), ਵਰਗੀਕਰਣ (Classification), ਸੰਗਠਨ (Organization), ਜਾਣਕਾਰੀ (Orientation), ਜਿਸ ਵਿੱਚ ਪੁਸ਼ਟੀ (Verification) ਅਤੇ ਵਰਤੋਂ (application) ਸ਼ਾਮਿਲ ਹੁੰਦੀ ਹੈ।

## 2.3 ਵਿਗਿਆਨਕ ਵਿਧੀ ਦੀ ਵਰਤੋਂ :

ਵਿਗਿਆਨਕ ਵਿਧੀਆਂ ਦੀ ਵਰਤੋਂ ਕੀਤੀ ਹੀ ਉਦੋਂ ਜਾਂਦੀ ਹੈ, ਜਦੋਂ ਵਿਗਿਆਨਕ ਅਧਿਐਨ ਕਰਨਾ ਹੋਵੇ। ਵਿਗਿਆਨਕ ਵਿਧੀ ਦੀ ਵਰਤੋਂ ਦਾ ਲਾਭ ਹੀ ਉਸ ਸਮੇਂ ਹੁੰਦਾ ਹੈ ਜਦੋਂ ਅਸੀਂ ਪ੍ਰੈਕਟੀਕਲ ਨਤੀਜੇ ਕੱਢਣੇ ਹੋਣ ਤੇ ਸਾਡੇ ਦਿਮਾਗ ਵਿਚ ਵਿਗਿਆਨਕ ਨਜ਼ਰੀਆ ਹੀ ਹੋਵੇ। ਐਫ.ਐਸ.ਸੀ. ਨਾਰਥਰਪ (1947) ਅਨੁਸਾਰ, ਵਿਗਿਆਨਕ ਤਫਤੀਸ਼ ਦੀ ਜ਼ਰੂਰਤ ਉਦੋਂ ਪੈਂਦੀ ਹੈ ਜਦੋਂ ਜਾਂਚ ਤਸਲੀਬਖਸ਼ ਨਾ ਹੋਵੇ ਜਦੋਂ ਸਮੱਸਿਆ ਨੂੰ ਸੁਲਝਾਉਣ ਵਾਲੇ ਜ਼ਰੂਰੀ ਤੱਕ ਸਪਸ਼ਟ ਨਾ ਹੋਣ ਜਦੋਂ ਸਮੱਸਿਆ ਨੂੰ ਬਿਆਨ ਕਰਨ ਲਈ ਰਵਾਇਤੀ ਵਿਸ਼ਵਾਸ ਕਾਫੀ ਨਾ ਹੋਣ। ਜੇ ਇਸ ਨੂੰ ਹੋਰ ਢੰਗ ਨਾਲ ਬਿਆਨ ਕਰਨਾ ਹੋਵੇ ਤਾਂ ਅਸੀਂ ਕਹਾਂਗੇ ਕਿ ਹਰ ਵਿਹਾਰਕ ਵਿਗਿਆਨ ਨੂੰ ਖੋਜ ਅਤੇ ਛਾਣ ਬੀਣ ਕਰਨ ਲਈ ਵਿਗਿਆਨਕ ਵਿਧੀਆਂ ਦੀ ਹੀ ਟੇਕ ਰੱਖਣੀ ਪੈਂਦੀ ਹੈ। ਭਾਵ ਵਿਗਿਆਨ, ਗਿਆਨ ਦੀ ਉਸ ਬ੍ਰਾਂਚ ਦਾ ਨਾਂ ਹੈ ਜਿਸ ਦਾ ਆਧਾਰ

ਵਿਗਿਆਨਕ ਵਿਧੀ ਹੋਵੇ। **ਪੀਅਰਸਨ** ਨੇ ਕਿਤਾਬ 'ਦੀ ਗਰਾਮਰ ਆਫ ਸਾਇੰਸ' ਵਿਚ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਵਿਗਿਆਨ ਦੀ ਪ੍ਰਮਾਣਿਕਤਾ ਸਿਰਫ ਇਸ ਦੀ ਵਿਧੀ ਕਰਕੇ ਹੈ ਨਾ ਕਿ ਇਸ ਦੀ ਸਮੱਗਰੀ ਕਰਕੇ।

## 2.4 ਵਿਗਿਆਨਕ ਵਿਧੀ ਦੇ ਪੜਾਅ :

ਵਿਗਿਆਨਕ ਵਿਧੀ ਇੱਕ ਕ੍ਰਮਬੱਧ ਪ੍ਰਕ੍ਰਿਆ ਹੈ ਜਿਸ ਵਿੱਚ ਵਿਗਿਆਨੀ ਪੌੜੀ ਦੇ ਡੰਡਿਆਂ ਤੇ ਕ੍ਰਮਵਾਰ ਚੜ੍ਹਦਾ ਅਤੇ ਆਪਣੀ ਮੰਜ਼ਿਲ ਵੱਲ ਪਹੁੰਚਦਾ ਹੈ। ਇਹ ਡੰਡੇ ਜਾਂ ਪੜਾਅ ਹੇਠ ਲਿਖੇ ਹਨ :-

(i) ਸਮੱਸਿਆ ਦੀ ਜਾਣ-ਪਛਾਣ, ਪਰਿਭਾਸ਼ਾ, ਕਥਨ ਅਤੇ ਸਿਰਲੇਖ।

(ii) ਪਰਿਕਲਪਨਾ ਦੀ ਰਚਨਾ

(iii) ਅੰਕੜਿਆਂ ਦਾ ਸੰਕਲਨ, ਸੰਗਠਨ ਅਤੇ ਵਿਸ਼ਲੇਸ਼ਣ
(Collection, Organization and Analysis of Data)

(iv) ਢੁੱਕਵੇਂ ਸਿੱਟੇ ਕੱਢਣਾ

(v) ਪਰਿਕਲਪਨਾ ਦੇ ਸਵੀਕ੍ਰਿਤ ਜਾਂ ਅਸਵੀਕ੍ਰਿਤ ਹੋਣ ਦੇ ਆਧਾਰ 'ਤੇ ਸਮਾਨੀਕਰਨ ਕਰਨਾ।

(vi) ਨਵੀਆਂ ਸਥਿਤੀਆਂ ਵਿੱਚ ਭਵਿੱਖਬਾਣੀ ਕਰਨਾ।

(vii) ਪਰਿਕਲਪਨਾ ਦਾ ਮੁੜ ਪਰੀਖਣ ਜਾਂ ਪੁਨਰਵ੍ਰਿਤੀ
(Testing the hypothesis anew or its replication)

## 2.5 ਵਿਗਿਆਨਕ ਵਿਧੀ ਦੀਆਂ ਵਿਸ਼ੇਸ਼ਤਾਈਆਂ :

ਵਿਗਿਆਨਕ ਵਿਧੀ ਵਿਚ ਕਾਰਜ-ਪ੍ਰਣਾਲੀਆਂ ਵਿਧੀਆਂ ਅਤੇ ਉਜਾਰਾਂ ਦਾ ਸਮਾਵੇਸ਼ ਹੁੰਦਾ ਹੈ ਅਤੇ ਇਸ ਦੀ ਹੀ ਸਹਾਇਤਾ ਨਾਲ ਵਿਗਿਆਨੀ ਆਪਣੇ ਤੱਥਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰਦਾ ਹੈ। ਹੋਰ ਸੰਖੇਪ ਰੂਪ ਵਿਚ ਜੇ ਅਸੀਂ ਕਹਿਣਾ ਹੋਵੇ ਤਾਂ ਕਹਾਂਗੇ ਕਿ ਵਿਗਿਆਨਕ ਵਿਧੀ ਵਿਚ ਪਰਿ-ਕਲਪਨਾ ਦਾ ਨਿਰਮਾਣ ਯੰਤਰ, ਸਮੱਗਰੀ ਦਾ ਨਿਰਪੱਖ ਨਿਰੀਖਣ ਅਤੇ ਸੰਗ੍ਰਹਿ ਅਤੇ ਇਸ ਦਾ ਲਿਖਣਾ, ਵਰਗੀਕਰਣ ਅਤੇ ਵਿਸ਼ਲੇਸ਼ਣੀਕਰਣ, ਸਾਧਾਰਨੀਕਰਣ ਅਤੇ ਪ੍ਰਮਾਣਨ ਯੋਗਤਾ ਆਦਿ ਸੰਮਿਲਤ ਪੜਾਅ ਹਨ, ਜਿਨ੍ਹਾਂ ਨੂੰ ਅਸੀਂ ਵਿਗਿਆਨਕ ਵਿਧੀ ਦੀਆਂ ਵਿਸ਼ੇਸ਼ਤਾਈਆਂ ਵੀ ਕਹਿ ਸਕਦੇ ਹਾਂ। ਇਹ ਵਿਸ਼ੇਸ਼ਤਾਈਆਂ ਸਾਰੀਆਂ ਪੱਧਤੀਆਂ 'ਤੇ ਲਾਗੂ ਕਰਨ ਦਾ ਯਤਨ ਕੀਤਾ ਜਾਂਦਾ ਹੈ, ਜੋ ਇਸ ਪ੍ਰਕਾਰ ਹਨ :-

### 2.5.1 ਨਿਰਪੱਖਤਾ ਜਾਂ ਵਸਤੂ-ਨਿਸ਼ਠਤਾ (Objectivity) :

ਵਿਗਿਆਨਕ ਵਿਧੀ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਵਿਸ਼ੇ ਸਮੱਗਰੀ ਨੂੰ ਸੂਖਮ ਤੱਥਾਤਮਕ ਅਤੇ ਨਿਰਪੱਖ ਨਿਰੀਖਣ ਕਰਕੇ ਇਸ ਨੂੰ ਇਕੱਠਾ ਕਰਨਾ ਹੈ ਜਦੋਂ ਵਿਸ਼ੇ ਸਮੱਗਰੀ ਦਾ ਬਿਲਕੁਲ ਸੱਚੇ ਤੇ ਸਹੀ ਢੰਗ ਨਾਲ ਨਿਰੀਖਣ ਕੀਤਾ ਜਾਂਦਾ ਹੈ ਜਿਸ ਵਿਚ ਨਿਰੀਖਕ ਦੀ ਆਪਣੀ ਰਾਏ ਸੰਮਿਲਤ ਨਹੀਂ ਹੁੰਦੀ, ਉਹ ਅਸਲ ਵਿਚ ਨਿਰਪੱਖ ਨਿਰੀਖਣ ਹੁੰਦਾ ਹੈ। ਵਿਗਿਆਨਕ ਵਿਧੀ ਵਿੱਚ ਖੋਜੀ ਦੀਆਂ ਆਪਣੀਆਂ ਪਸੰਦਾ, ਮਰਜ਼ੀਆਂ ਜਾਂ ਵਿਰੋਧ ਤੇ ਰਿਆਇਤ ਆਦਿ ਦੀ ਕੋਈ ਥਾਂ ਨਹੀਂ ਹੁੰਦੀ।

ਏ. ਵੋਲਫ ਨੇ ਆਪਣੀ ਕਿਤਾਬ 'ਇਸੈਂਸ਼ਲ ਆਫ ਸਾਇੰਟਫਿਕ ਮੈਥਡ' ਵਿਚ ਨਿਰਪੱਖਤਾ ਬਾਰੇ ਵਿਚਾਰ ਦੱਸਦੇ ਹੋਏ ਕਿਹਾ ਕਿ ਇਹ ਨੰਗੇ ਤੱਥ ਫੜਨ ਦਾ ਇਰਾਦਾ ਅਤੇ ਯੋਗਤਾ ਹੈ ਅਤੇ ਇਹ ਸਿਰਫ ਕਿਸੇ ਦੀ ਹਾਜ਼ਰੀ ਨਾਲ ਜਾਂ ਪ੍ਰਚਲਿਤ ਵਿਚਾਰਾਂ ਜਾਂ ਕਿਸੇ ਦੀਆਂ ਆਪਣੀਆਂ ਇੱਛਾਵਾਂ ਨਾਲ ਪ੍ਰਭਾਵਤ ਨਹੀਂ ਹੁੰਦੀ। ਮੋਟੇ ਰੂਪ ਵਿਚ ਨਿਰਪੱਖਤਾ ਨੂੰ ਪਰਖਣ ਦਾ ਇਹ ਢੰਗ ਹੈ ਕਿ ਇਕੋ ਵਰਤਾਰੇ ਬਾਰੇ ਜਦੋਂ ਇਹ ਸਾਰੇ ਨਿਰੀਖਕ ਇਕੋ ਹੀ ਸਿੱਟੇ ਤੇ ਪੁੱਜਦੇ ਸਨ। ਵਿਗਿਆਨੀ ਨੂੰ ਚਾਹੀਦਾ ਹੈ ਕਿ ਉਹ ਨਿਰਖੇ ਤੱਥਾਂ ਨੂੰ ਵਿਗਿਆਨਕ ਉਦੇਸ਼ ਪੂਰਾ ਕਰਨ ਦੇ ਯੋਗ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਉਹ ਤੱਥਾਂ ਨੂੰ ਯਥਾਰਥ ਰੂਪ ਵਿਚ ਲਵੇ ਨਹੀਂ ਤਾਂ ਉਹ ਦੇਰ ਬਾਅਦ ਲਿਖਣ ਤੇ ਕੁਝ ਗਲਤੀਆਂ ਕਰ ਸਕਦਾ ਹੈ।

ਸਮਾਜ ਵਿਗਿਆਨਕਾਂ ਦੇ ਅਧਿਐਨ ਵਿਚ ਨਿਰਪੱਖਤਾ ਦੀ ਘਾਟ ਹੁੰਦੀ ਹੈ ਕਿਉਂਕਿ ਉਹ ਸਮਾਜ ਜਾਂ ਸਮਾਜਿਕ ਘਟਨਾਵਾਂ ਨਾਲ ਆਪ ਬੱਝੇ ਹੁੰਦੇ ਹਨ। ਉਹ ਉਹਨਾਂ ਵਰਤਾਰਿਆਂ ਤੋਂ ਆਪਣੇ ਆਪ ਨੂੰ ਅਲੱਗ ਨਹੀਂ ਕਰ ਸਕਦੇ ਜਿਨ੍ਹਾਂ ਦੀ ਉਹ ਖੋਜ ਕਰ ਰਹੇ ਹੁੰਦੇ ਹਨ। ਇਸ ਕਰਕੇ ਸਮਾਜਿਕ ਵਿਗਿਆਨੀਆਂ ਦਾ ਕੀਤਾ ਮੁਲੰਕਣ ਬਿਲਕੁਲ ਨਿਰਪੱਖ ਨਹੀਂ

ਹੁੰਦਾ। ਜੇ ਉਹ ਨਿਰਪੱਖ ਹੋ ਕੇ ਖੋਜਦਾ ਵੀ ਹੈ ਤਾਂ ਉਸ ਨੂੰ ਭੈੜਾ, ਘਮੰਡੀ ਜਾਂ ਦੇਸ਼ ਧਰੋਹੀ ਕਿਹਾ ਜਾਵੇਗਾ। ਅਜਿਹਾ ਕਰਦੇ ਹੋਏ ਖਾਹਮ-ਖਾਹ ਦੀ ਦੁਸ਼ਮਣੀ ਸਹੇੜ ਲੈਂਦਾ ਹੈ।

ਪਰ ਪ੍ਰਮਾਣਨ ਯੋਗਤਾ ਲਈ ਨਿਰਪੱਖਤਾ ਬਹੁਤ ਜ਼ਰੂਰੀ ਸ਼ਰਤ ਹੈ ਜੋ ਹਰ ਹਾਲਤ ਵਿਚ ਕਾਇਮ ਰੱਖਣੀ ਪੈਂਦੀ ਹੈ। ਜੇ ਅਸੀਂ ਘਟਨਾਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਨਾ ਚਾਹੁੰਦੇ ਹਾਂ।

### 2.5.2 ਨਿਸ਼ਚੇਆਤਮਕਤਾ (Definiteness) :

ਵਿਗਿਆਨਕ ਵਿਧੀ ਵਿੱਚ ਸੰਬੰਧਿਤ ਚਰਾਂ ਦੀ ਵਿਆਖਿਆ ਅਤੇ ਉਨ੍ਹਾਂ ਦੇ ਅਧਿਐਨ ਦਾ ਅਮਲ ਬੜੇ ਕਠੋਰ ਤੇ ਮਹੀਨ ਪੈਮਾਨਿਆਂ ਨਾਲ ਕੰਟਰੋਲ, ਵਿਵਸਥਿਤ ਅਤੇ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਸਿੱਟਿਆਂ ਦੀ ਵਸਤੂ-ਨਿਸ਼ਠਤਾ (objectivity), ਵਿਸ਼ਵਸਨੀਅਤਾ (reliability) ਅਤੇ ਮਿਆਦ (Validity) ਵੀ ਯਕੀਨੀ ਹੁੰਦੀ ਹੈ। ਨਿਸਚਾਤਮਕਤਾ ਵਿਗਿਆਨਕ ਪੱਧਤੀ ਦੀ ਵਿਸ਼ੇਸ਼ਤਾ ਹੁੰਦੀ ਹੈ। ਖੋਜ ਵਿੱਚ ''ਕਿੰਨੀ'' ਦੀ ਮਿਣਤੀ ਬਿਲਕੁਲ ਸਹੀ ਕੀਤੀ ਜਾਂਦੀ ਹੈ, ਅੰਦਾਜ਼ੇ ਤੋਂ ਕੰਮ ਨਹੀਂ ਲਿਆ ਜਾਂਦਾ। ਹਰੇਕ ਤੱਤ ਜਾਂ ਚਰ ਦੀ ਹੱਦਬੰਦੀ ਨਿਸ਼ਚਿਤ ਰੂਪ ਵਿੱਚ ਹੁੰਦੀ ਹੈ। ਥੋੜ੍ਹੇ ਜਿਹੇ ਭੁਲੇਖੇ ਜਾਂ ਸ਼ੱਕ ਦੀ ਵੀ ਗੁੰਜਾਇਸ਼ ਨਹੀਂ ਰਹਿਣ ਦਿੱਤੀ ਜਾਂਦੀ।

### 2.5.3 ਪੁਸ਼ਟੀ ਜਾਂ ਪ੍ਰਮਾਣਨ ਯੋਗਤਾ (Verifiability) :

ਕਿਸੇ ਵੀ ਵਿਗਿਆਨ ਦੇ ਵਿਚ ਸਿਰਫ਼ ਵਿਗਿਆਨਕ ਵਿਧੀਆਂ ਅਪਣਾ ਕੇ ਹੀ ਕਿਸੇ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਤੇ ਵਿਗਿਆਨਕ ਵਿਧੀ ਦੁਆਰਾ ਸਾਰੇ ਨਤੀਜੇ ਪ੍ਰਮਾਣਨਯੋਗ ਹੋਣੇ ਚਾਹੀਦੇ ਹਨ। ਇਥੋਂ ਤੱਕ ਕਿ ਵਿਗਿਆਨ ਦੇ ਸਿਧਾਂਤ ਅਤੇ ਨਿਯਮ ਪ੍ਰਮਾਣਿਕ ਹੁੰਦੇ ਹਨ। ਉਸ ਵਰਤਾਰੇ ਦਾ ਨਿਰੀਖਣ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਮਾਪਿਆ ਤੋਲਿਆ ਜਾ ਸਕਦਾ ਹੈ ਕਿਉਂਕਿ ਨਿਰੀਖਣ ਅਤੇ ਮਾਪਣਯੋਗ ਨਾਲ ਇਸ ਦੀ ਪ੍ਰਮਾਣਨਯੋਗਤਾ ਹੋਰ ਵੱਧ ਜਾਂਦੀ ਹੈ। ਅਸਲ ਵਿਚ ਜਿਸ ਵਰਤਾਰੇ ਜਾਂ ਗਿਆਨ ਨੂੰ ਪ੍ਰਮਾਣਾਂ ਨਾਲ ਸਿੱਧ ਨਾ ਕੀਤਾ ਜਾ ਸਕੇ ਤਾਂ ਉਹ ਵਿਗਿਆਨ ਨਹੀਂ ਹੋ ਸਕਦਾ। ਉਦਾਹਰਣ ਦੇ ਤੌਰ ਤੇ ਇਹ ਇਕ ਵਿਗਿਆਨਕ ਨਿਯਮ ਹੈ ਕਿ ਜਦੋਂ ਕਿਸੇ ਵੀ ਪਦਾਰਥ (matter) ਨੂੰ ਸੇਕ ਤੇ ਰੱਖਿਆ ਜਾਵੇ ਤਾਂ ਇਹ ਫੈਲਦਾ ਹੈ ਪਰ ਹੁਣ ਅਸੀਂ ਇਸ ਗੱਲ ਨੂੰ ਆਪ ਪਰਖ ਸਕਦੇ ਹਾਂ। ਆਪਣੇ ਹੱਥ ਨਾਲ ਕਿਸੇ ਮੈਟਰ ਨੂੰ ਸੇਕ ਕੇ ਵੇਖ ਸਕਦੇ ਹਾਂ ਕਿ ਇਹ ਫੈਲਦਾ ਹੈ ਕਿ ਨਹੀਂ ਜਾਂ ਕਿੰਨਾ ਫੈਲਦਾ ਹੈ ਕਿਉਂਕਿ ਹਰ ਮੈਟਰ ਦੀ ਫੈਲਣ ਦੀ ਸਮਰੱਥਾ ਵੀ ਵੱਖ ਵੱਖ ਹੁੰਦੀ ਹੈ। ਇਸ ਤੋਂ ਭਾਵ ਇਹ ਹੋਇਆ ਕਿ ਇਸ ਤਰ੍ਹਾਂ ਦੀ ਪੁਸ਼ਟੀ ਸਮੇਂ ਅਤੇ ਪ੍ਰਸਥਿਤੀਆਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਸ ਨੂੰ ਇਕ ਹੋਰ ਉਦਾਹਰਣ ਦੇ ਕੇ ਸਮਝ ਸਕਦੇ ਹਾਂ ਜਿਵੇਂ ਕਿ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਗਰੀਬੀ ਹੀ ਮਾੜੇ ਕੰਮ ਕਰਵਾਉਂਦੀ ਹੈ। ਇਸ ਲਈ ਅਸੀਂ ਇਕ ਪਿੰਡ ਜਾਂ ਸ਼ਹਿਰੀ ਮੁਹੱਲੇ ਦੀ ਚੋਣ ਕਰਕੇ ਵੇਖ ਸਕਦੇ ਹਾਂ ਕਿ ਉਸ ਮੁਹੱਲੇ ਜਾਂ ਪਿੰਡ ਵਿਚ ਕਿਸੇ ਖਾਸ ਨਿਸ਼ਚਿਤ ਸਮੇਂ ਵਿਚ ਕਿੰਨੇ ਜੁਰਮ ਹੋਏ ਅਤੇ ਕਿਸ ਨੇ ਕੀਤੇ। ਵਿਗਿਆਨਕ ਨਿਯਮ ਜੋ ਬਣ ਗਏ ਉਹ ਸਦੀਵੀਂ ਨਹੀਂ ਹੁੰਦੇ, ਸਗੋਂ ਉਨ੍ਹਾਂ ਦੀ ਲਗਾਤਾਰ ਕਸੌਟੀ ਤੇ ਪਰਖ ਹੁੰਦੀ ਰਹਿੰਦੀ ਹੈ। ਸਮਾਜ ਵਿਚ ਨਵੇਂ ਉੱਚ ਕੋਟੀ ਦੇ ਵਿਗਿਆਨੀ ਉਹਨਾਂ ਨੂੰ ਆਪਣੀ ਲਿਆਕਤ ਦੇ ਅਨੁਸਾਰ ਵਿਚਾਰਾਂ ਅਤੇ ਪ੍ਰਯੋਗਾਂ ਰਾਹੀਂ ਬਦਲ ਸਕਦੇ ਹਨ।

### 2.5.4 ਸਧਾਰਣੀਕਰਣ ਜਾਂ ਸਮਾਨੀਕਰਨ (Generalisation) :

ਵਿਗਿਆਨਕ ਨਿਯਮਾਂ ਦੀ ਵਰਤੋਂ ਸਰਵ-ਵਿਆਪੀ ਹੁੰਦੀ ਹੈ ਅਤੇ ਵਿਗਿਆਨਕ ਵਿਧੀਆਂ ਦੁਆਰਾ ਇਕੱਠਾ ਕੀਤਾ ਗਿਆਨ ਵੀ ਬਿਨਾਂ ਕਿਸੇ ਅਪਵਾਦ ਤੋਂ ਸਰਵ-ਵਿਆਪੀ ਹੁੰਦਾ ਹੈ। ਇਸੇ ਲਈ ਇਸ ਨੂੰ ਵਿਗਿਆਨ ਕਿਹਾ ਜਾਂਦਾ ਹੈ। ਜਦੋਂ ਵਿਗਿਆਨੀ ਤੱਥਾਂ ਦੇ ਆਪਸੀ ਸੰਬੰਧਾਂ ਨੂੰ ਵਿਸ਼ਲੇਸ਼ਣ ਅਤੇ ਵਰਗੀਕਰਣ ਦੁਆਰਾ ਸਥਾਪਿਤ ਕਰ ਲੈਂਦਾ ਹੈ ਤਾਂ ਬਾਅਦ ਵਿਚ ਉਹ ਉਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਦਾ ਹੈ ਜਿਸ ਦੇ ਆਧਾਰ ਤੇ ਉਹ ਸਮਾਨੀਕਰਣ (objectivity) ਬਣਾਉਂਦਾ ਹੈ। ਵੈਲਫ ਨੇ ਸਾਧਾਰਨੀਕਰਨ ਬਾਰੇ ਆਪਣੇ ਵਿਚਾਰ ਦੱਸਦੇ ਹੋਏ ਕਿਹਾ ਕਿ ਵਿਗਿਆਨ ਦਾ ਸੰਬੰਧ ਆਬਜੈਕਟ ਦੇ ਕਿਸੇ ਵਿਅਕਤੀਗਤ ਸਮੂਹ ਨਾਲ ਜਾਂ ਵਿਅਕਤੀਗਤ ਆਬਜੈਕਟ ਨਾਲ ਨਹੀਂ। ਇਸ ਦਾ ਸੰਬੰਧ ਤਾਂ ਮੁੱਖ ਰੂਪ ਵਿਚ ਆਬਜੈਕਟ ਜਾਂ ਘਟਨਾਵਾਂ ਦੀਆਂ ਕਿਸਮਾਂ ਜਾਂ ਕਲਾਸਾਂ ਨਾਲ ਹੈ, ਜਿਸ ਵਿਚ ਵਿਅਕਤੀਗਤ ਆਬਜੈਕਟ ਜਾਂ ਘਟਨਾ ਤਾਂ

ਸਿਰਫ ਇਕ ਉਦਾਹਰਣ ਵਜੋਂ ਲਈ ਜਾਂਦੀ ਹੈ। ਵਿਗਿਆਨ ਦਾ ਕੰਮ ਤਾਂ ਕੁਦਰਤ ਵਿਚ ਤਰਤੀਬ (order) ਨੂੰ ਲੱਭਣਾ ਹੈ। ਇਸ ਵਿਗਿਆਨ ਤੋਂ ਇਹ ਹੀ ਸਿੱਟਾ ਨਿਕਲਦਾ ਹੈ ਕਿ ਇਸ ਢੰਗ ਨਾਲ ਕੀਤੀ ਖੋਜ ਦੁਆਰਾ ਜੋ ਤੱਥਾਂ ਵਿਚ ਆਪਸੀ ਰਿਸ਼ਤੇ ਖੋਜੇ ਜਾਂਦੇ ਹਨ ਉਹ ਸਾਰੇ ਸਮੂਹ ਤੇ ਲਾਗੂ ਹੁੰਦੇ ਹਨ।

ਸਮਾਜ ਵਿਗਿਆਨ ਦੇ ਸੰਦਰਭ ਵਿਚ ਕਿਹਾ ਜਾਵੇਗਾ ਕਿ ਜੇ ਹਾਲਾਤ ਤਬਦੀਲ ਨਾ ਹੋਣ ਤਾਂ ਸਮਾਜ-ਵਿਗਿਆਨ ਦੇ ਨਿਯਮ ਜਾਂ ਸਿਧਾਂਤ ਹੀ ਸਰਵ-ਵਿਆਪੀ ਹੁੰਦੇ ਹਨ ਭਾਵ ਉਹ ਸਭ ਸਥਾਨ ਜਾਂ ਸਮੇਂ ਵਿਚ ਸਮਾਨ ਰੂਪ ਵਿਚ ਲਾਗੂ ਹੁੰਦੇ ਹਨ ਪਰ ਸਮਾਜਿਕ ਵਿਗਿਆਨਾਂ ਵਿਚ ਸੰਪੂਰਨ ਸਾਧਾਰਣੀਕਰਨ ਦੀ ਪ੍ਰਾਪਤੀ ਅੰਸਭਵ ਹੀ ਲਗਦੀ ਹੈ ਕਿਉਂਕਿ ਸਮਾਜਿਕ ਵਰਤਾਰੇ ਦੀ ਪ੍ਰਕ੍ਰਿਤੀ ਇਕਸਾਰ ਨਹੀਂ ਹੁੰਦੀ। ਦੂਸਰਾ ਇਸ ਦੇ ਸਿਧਾਂਤਾਂ ਅਤੇ ਨਤੀਜਿਆਂ ਨੂੰ ਸੰਖੇਪ ਵਿਚ ਪ੍ਰਗਟ ਕਰਨਾ ਵੀ ਔਖਾ ਹੈ। ਇਸ ਦੁਆਰਾ ਕੀਤੀ ਭਵਿੱਖਬਾਣੀ ਵੀ ਕਈ ਵਾਰ ਸੱਚੀ ਸਾਬਤ ਨਹੀਂ ਹੁੰਦੀ। ਇਸ ਦੀਆਂ ਖੋਜਾਂ ਦਾ ਘੇਰਾ ਇਕੋ ਸਮੇਂ ਅਤੇ ਸਥਾਨ ਵਿਚ ਸੀਮਤ ਹੁੰਦਾ ਹੈ ਕਿਉਂਕਿ ਸਮਾਜਿਕ ਵਰਤਾਰਾ ਬਹੁਤ ਵਿਸ਼ਾਲ ਹੈ, ਇਸ ਵਿਚ ਵਿਚਰ ਰਹੀਆਂ ਮਨੁੱਖੀ ਇੱਛਾਵਾਂ ਬਹੁਤ ਗੁੰਝਲਦਾਰ ਹਨ। ਇਸ ਲਈ ਮਨੁੱਖੀ ਵਤੀਰੇ ਨੂੰ ਮੱਦੇ ਨਜ਼ਰ ਰਖਦਿਆਂ ਇਸ ਬਾਰੇ ਭਵਿੱਖਬਾਣੀ ਕਰਨਾ ਬਹੁਤ ਔਖਾ ਕੰਮ ਹੈ। ਇਸ ਦੇ ਉਲਟ ਕੁਦਰਤੀ ਵਿਗਿਆਨਾਂ ਵਿਚ ਮੁੱਢਲੇ ਗੁਣਾਂ ਵਿਚ ਇਕਸੁਰਤਾ ਹੋਣ ਕਰਕੇ (ਜੋ ਸਮਾਜ ਵਿਗਿਆਨਾਂ ਵਿਚ ਨਹੀਂ ਹੁੰਦੀ) ਸਿਧਾਂਤ ਦਾ ਸਰਵ-ਵਿਆਪੀ ਹੋਣਾ ਠੀਕ ਹੁੰਦਾ ਹੈ।

### 2.5.5 ਭਵਿੱਖਬਾਣੀ ਕਰਨ ਦੀ ਸਮਰੱਥਾ (Predictability)

ਵਿਗਿਆਨ ਦੀ ਅਗਲੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ ਦੇ ਨਤੀਜਿਆਂ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਅਸੀਂ ਪਾਣੀ ਦਾ ਤਾਪਮਾਨ ਜ਼ੀਰੋ ਡਿਗਰੀ ਤਕ ਘਟਾ ਦੇਈਏ ਤਾਂ ਇਹ ਬਰਫ ਬਣ ਜਾਂਦਾ ਹੈ ਜਾਂ ਜੇ ਅਸੀਂ ਆਕਸੀਜਨ ਵਿਚ ਹਾਈਡਰੋਜਨ ਮਿਲਾ ਦੇਈਏ ਤਾਂ ਇਹ ਪਾਣੀ ਬਣ ਜਾਂਦਾ ਹੈ ਜਾਂ ਇਕ ਨਿਸ਼ਚਿਤ ਡਿਗਰੀ ਤਕ ਜਦੋਂ ਅਸੀਂ ਪਾਣੀ ਨੂੰ ਗਰਮ ਕਰਦੇ ਹਾਂ ਇਹ ਭਾਫ਼ ਬਣ ਜਾਂਦੀ ਹੈ। ਹੋਰ ਅਜਿਹੇ ਕਿੰਨੇ ਸਵਾਲ ਹਨ ਜਿਨ੍ਹਾਂ ਬਾਰੇ ਕਾਰਜ-ਕਰਣ ਸੰਬੰਧਾਂ ਨੂੰ ਵਿਚਾਰਦੇ ਹੋਏ ਅਸੀਂ ਭਵਿੱਖਬਾਣੀ ਕਰ ਸਕਦੇ ਹਾਂ। ਵਿਗਿਆਨ ਭਵਿੱਖਬਾਣੀ ਕਰਦਾ ਹੈ ਕਿ ਬਾਰਸ਼ ਕਦੋਂ ਪੈਂਦੀ ਹੈ ? ਇਸ ਦੇ ਕਾਰਜ ਅਤੇ ਕਾਰਣ ਸੰਬੰਧ ਕੀ ਹਨ ? ਸਮੁੰਦਰ ਵਿਚ ਜਵਾਰਭਾਟਾ ਆਉਣ ਦੇ ਕੀ ਕਾਰਣ ਹਨ ਜਾਂ ਚੰਦਰਮਾ ਨੂੰ ਗ੍ਰਹਿਣ ਕਿਵੇਂ ਲਗਦਾ ਹੈ ? ਭਵਿੱਖਬਾਣੀ ਕਿੰਨੀ ਕੁ ਗਲਤ ਤੇ ਕਿੰਨੀ ਕੁ ਠੀਕ ਹੁੰਦੀ ਹੈ? ਇਸ ਵਰਤਾਰੇ ਦੀ ਪ੍ਰਕ੍ਰਿਤੀ ਕੀ ਹੈ? ਇਹ ਇਸ ਤੇ ਨਿਰਭਰ ਕਰਦਾ ਹੈ ਕਿ ਜਿਸ ਵਰਤਾਰੇ ਦਾ ਤੁਸੀਂ ਅਧਿਐਨ ਕਰ ਰਹੇ ਹੋ, ਉਸ ਵਿਚ ਕਿੰਨੀਆਂ ਤਾਕਤਾਂ ਅਤੇ ਤੱਤ ਕੰਮ ਕਰ ਰਹੇ ਹਨ? ਤੁਹਾਨੂੰ ਇਹਨਾਂ ਸਾਰੀਆਂ ਚੀਜ਼ਾਂ ਬਾਰੇ ਕਿੰਨਾ ਕੁ ਗਿਆਨ ਹੈ? ਜਿੰਨਾ ਵਰਤਾਰੇ ਦਾ ਘੇਰਾ ਵੱਡਾ ਹੋਵੇਗਾ ਉਨ੍ਹਾਂ ਹੀ ਭਵਿੱਖਬਾਣੀ ਵਿਚ ਸੱਚਾਈ ਦੀ ਘਾਟ ਹੋਵੇਗੀ।

ਇਸੇ ਕਰਕੇ ਸਮਾਜਿਕ ਵਿਗਿਆਨਾਂ ਵਿਚ ਭਵਿੱਖਬਾਣੀ ਬਹੁਤ ਠੀਕ ਨਹੀਂ ਹੁੰਦੀ ਕਿਉਂਕਿ ਇਥੇ ਅਧਿਐਨ ਦਾ ਵਿਸ਼ੇ ਵਸਤੂ ਮਨੁੱਖੀ ਰਿਸ਼ਤੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਨਾ ਫੜ ਸਕਦੇ ਹਾਂ ਤੇ ਨਾ ਹੀ ਵੇਖ ਸਕਦੇ ਹਾਂ। ਨਾ ਹੀ ਸਾਡੇ ਕੋਲ ਉਹਨਾਂ ਨੂੰ ਪਰਖਣ ਦੇ ਸੰਦ ਤੇ ਪ੍ਰਯੋਗਸ਼ਾਲਾ ਹੁੰਦੀ ਹੈ। ਦੂਜਾ ਵਤੀਰਾ ਤੇ ਰਿਸ਼ਤੇ ਇੰਨੇ ਅਨਿਸ਼ਚਿਤ ਹੁੰਦੇ ਹਨ ਕਿ ਤੁਸੀਂ ਉਹਨਾਂ ਬਾਰੇ ਭਵਿੱਖਬਾਣੀ ਸਹੀ ਢੰਗ ਨਾਲ ਨਹੀਂ ਕਰ ਸਕਦੇ ਜਿਵੇਂ ਸਮਾਜ-ਵਿਗਿਆਨ ਕਾਰਜ-ਕਾਰਣ ਸੰਬੰਧਾਂ ਦੀ ਵਿਆਖਿਆ ਕਰਦਾ ਹੈ ਅਤੇ ਵੱਖ ਵੱਖ ਤੱਥਾਂ ਵਿਚ ਸੰਬੰਧ ਵੀ ਸਥਾਪਿਤ ਕਰਦਾ ਹੈ। ਇਹ ਸਿਰਫ ਇਹ ਹੀ ਨਹੀਂ ਦੱਸਦਾ ਕਿ ਘਟਨਾ ਕੀ ਹੈ? ਸਗੋਂ ਇਹ ਵੀ ਦੱਸਦਾ ਹੈ ਕਿ ਘਟਨਾ ਕਿਵੇਂ ਵਾਪਰੀ ? ਜਿਵੇਂ ਇਮਾਇਲ ਦੁਰਖੀਮ ਨੇ ਆਪਣੇ ਆਤਮ-ਹੱਤਿਆ ਦੇ ਸਿਧਾਂਤ ਵਿਚ ਇਹ ਵੀ ਦੱਸਿਆ ਕਿ ਆਤਮ ਹੱਤਿਆ ਕੀ ਹੁੰਦੀ ਹੈ ਅਤੇ ਇਹ ਵੀ ਦੱਸਿਆ ਕਿ ਲੋਕ ਆਤਮ-ਹੱਤਿਆ ਕਿਵੇਂ ਤੇ ਕਿਉਂ ਕਰਦੇ ਹਨ ? ਇਸੇ ਤਰ੍ਹਾਂ ਸਮਾਜ-ਵਿਗਿਆਨੀ ਅਪਰਾਧ ਦੇ ਕਾਰਣਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ ਤੇ ਇਹ ਵੀ ਦੱਸਦਾ ਹੈ ਕਿ ਜੇ ਅਪਰਾਧ ਖਤਮ ਕਰਨ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਤਾਂ ਇਸ ਦੇ ਸੰਭਾਵੀ ਸਿੱਟੇ ਕੀ ਹੋਣਗੇ ? ਜਾਂ ਇਉਂ ਕਹਿ ਲਓ ਕਿ ਸਮਾਜ ਵਿਗਿਆਨੀ ਇਕ ਨਿਸ਼ਚਿਤ ਘੇਰੇ ਵਿਚ ਰਹਿ ਕੇ ਵਰਤਮਾਨ ਹਾਲਤਾਂ ਦੇ ਆਧਾਰ ਤੇ ਭਵਿੱਖ ਦੀਆਂ ਸਮਾਜਿਕ ਪ੍ਰਸਥਿਤੀਆਂ ਦੇ ਵਿਸ਼ੇ ਬਾਰੇ ਭਵਿੱਖਬਾਣੀ ਕਰ ਸਕਦਾ ਹੈ।

### ਆਪਣਾ ਗਿਆਨ ਪਰਖੋ

(ੳ) ਵਿਗਿਆਨਕ ਵਿਧੀ ਤੋਂ ਕੀ ਭਾਵ ਹੈ?

______________________________________________

______________________________________________

______________________________________________

(ਅ) ਨਿਰਪੱਖਤਾ ਜਾਂ ਵਸਤੂ-ਨਿਸ਼ਠਤਾ ਕੀ ਹੁੰਦੀ ਹੈ?

______________________________________________

______________________________________________

______________________________________________

(ੲ) ਕੀ ਸਮਾਜਿਕ ਵਿਗਿਆਨ ਵਿੱਚ ਸਹੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ? ਜੇਕਰ ਨਹੀਂ ਤਾਂ ਕਿਉਂ?

______________________________________________

______________________________________________

______________________________________________

### 2.5.6 ਸ਼ਬਦਾਵਲੀ (Vocabulary) :

ਹਰ ਵਿਗਿਆਨੀ ਦੀ ਆਪਣੀ ਸ਼ਬਦਾਵਲੀ ਹੁੰਦੀ ਹੈ ਅਤੇ ਸ਼ਬਦਾਵਲੀ ਦੇ ਨਾਲ ਨਾਲ ਕੁਝ ਧਾਰਨਾਵਾਂ ਵੀ ਵਿਕਸਤ ਕਰ ਲੈਂਦਾ ਹੈ। ਸ਼ਬਦ ਆਪਣੇ ਆਪ ਵਿਚ ਵਿਚਾਰਾਂ ਦੇ ਜ਼ਰੂਰੀ ਸੰਦ ਹੁੰਦੇ ਹਨ। ਜੇ ਇਕ ਸ਼ਬਦ ਦੇ ਕਈ ਮਤਲਬ ਨਿਕਲ ਜਾਣ ਜਾਂ ਕੱਢ ਲਏ ਜਾਣ ਤਾਂ ਉਹ ਸ਼ਬਦਾਵਲੀ ਵਿਗਿਆਨਕ ਪੱਧਤੀ ਨਹੀਂ ਹੋ ਸਕਦੀ।

ਜੋ ਲੋਕ ਸਮਾਜ ਵਿਗਿਆਨ ਨੂੰ ਵਿਗਿਆਨ ਨਹੀਂ ਮੰਨਦੇ ਉਹਨਾਂ ਦਾ ਕਹਿਣਾ ਹੈ ਕਿ ਸਮਾਜ-ਵਿਗਿਆਨ ਕੋਲ ਵਿਗਿਆਨ ਵਰਗੀ ਵਿਕਸਤ ਸ਼ਬਦਾਵਲੀ ਨਹੀਂ ਜਿਵੇਂ ਜਾਤ ਅਤੇ ਜਮਾਤ ਦਾ ਠੀਕ ਮਤਲਬ ਨਹੀਂ ਕੱਢਿਆ ਜਾਂਦਾ। ਜਿਵੇਂ ਮੰਡਲ ਕਮਿਸ਼ਨ ਦੀ ਰਿਪੋਰਟ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸੀ ਕਿ ਕਲਾਸ ਦੀ ਧਾਰਨਾ ਨੂੰ ਜਾਤ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ। ਹੁਣ ਇਥੇ ਗੜਬੜ ਹੈ ਕਿ ਜਾਤ ਨੂੰ ਜਮਾਤ ਮੰਨਿਆ ਜਾਵੇ ਜਾਂ ਜਮਾਤ ਨੂੰ ਜਾਤਾਂ।

ਦੂਸਰੇ ਪਾਸੇ ਸਮਾਜ-ਵਿਗਿਆਨ ਨੂੰ ਵਿਗਿਆਨ ਇਸ ਆਧਾਰ ਤੇ ਕਿਹਾ ਜਾਂਦਾ ਹੈ ਕਿ ਸਮਾਜ-ਵਿਗਿਆਨ ਨੇ ਆਪਣੀ ਸ਼ਬਦਾਵਲੀ ਦੇ ਸੰਕਲਪ ਵਿਕਸਤ ਕਰ ਲਏ ਹਨ। ਜਿਵੇਂ ਸਮਾਜ ਸਮੁਦਾਇ, ਸਮੂਹ ਸਮਾਜ, ਸਭਾ, ਸੰਸਥਾ ਆਦਿ ਸ਼ਬਦਾਂ ਦੇ ਅਰਥਾਂ ਨੂੰ ਸਮਾਜ-ਵਿਗਿਆਨ ਵਿਚ ਵਿਸ਼ੇਸ਼ ਅਰਥਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਜੋ ਰੋਜ਼ਾਨਾ ਬੋਲਚਾਲ ਦੀ ਭਾਸ਼ਾ ਤੋਂ ਭਿੰਨ ਹੁੰਦੇ ਹਨ। ਸੋ ਇਸ ਤੋਂ ਸਪੱਸ਼ਟ ਹੈ ਕਿ ਸਮਾਜ-ਵਿਗਿਆਨ ਨੇ ਵੀ ਹੋਰ ਵਿਗਿਆਨਾਂ ਵਾਂਗ ਆਪਣੇ ਸ਼ਬਦਾਂ ਅਤੇ ਸੰਕਲਪਾਂ ਨੂੰ ਪਰਿਭਾਸ਼ਿਤ ਕੀਤਾ ਹੈ। ਇਸ ਤਰ੍ਹਾਂ ਸਮਾਜ-ਵਿਗਿਆਨ ਆਪਣੀ ਵੱਖਰੀ ਸ਼ਬਦਾਵਲੀ ਅਤੇ ਸੰਕਲਪਾਂ ਦਾ ਵਿਕਾਸ ਕਰਕੇ ਵਿਗਿਆਨ ਦੀ ਸ਼੍ਰੇਣੀ ਵਿਚ ਆ ਗਿਆ ਹੈ।

### 2.5.7 ਸਿਸਟਮ (System) :

ਵਿਗਿਆਨਕ ਵਿਧੀ ਦੀ ਇਸ ਵਿਸ਼ੇਸ਼ਤਾ ਤੋਂ ਭਾਵ ਹੈ ਕਿ ਨਤੀਜਿਆਂ ਤੇ ਕਿਵੇਂ ਪਹੁੰਚਿਆ ਜਾਵੇ। ਖੋਜ ਅਧੀਨ ਵਰਤਾਰੇ ਦੇ ਨਤੀਜੇ ਤੇ ਪਹੁੰਚਣ ਲਈ ਖੋਜ ਦਾ ਕ੍ਰਮਬੱਧ ਢੰਗ ਅਪਣਾਇਆ ਜਾਂਦਾ ਹੈ। ਅਸੀਂ ਖੋਜ ਦਾ ਕ੍ਰਮਬੱਧ ਢੰਗ ਨਹੀਂ ਅਪਣਾਉਂਦੇ ਤਾਂ ਸਾਡੇ ਨਤੀਜਿਆਂ ਦੀ ਪ੍ਰਮਾਣਯੋਗਤਾ ਤੇ ਸ਼ੱਕ ਹੋਵੇਗਾ। ਉਗੜੇ-ਦੁਗੜੇ ਢੰਗ ਅਪਣਾ ਕੇ ਕੱਢੇ ਨਤੀਜੇ ਭਾਵੇਂ ਕਿੰਨੇ ਹੀ ਸਹੀ ਕਿਉਂ ਨਾ ਹੋਣ ਉਹ ਵਿਗਿਆਨਕ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਦਾ ਸਹੀ ਹੋਣਾ ਪੂਰਨ ਤੌਰ ਤੇ ਇਤਕਾਫੀਆ (accidental) ਹੁੰਦਾ ਹੈ। ਸਭ ਤੋਂ ਪਹਿਲਾਂ ਜਿਸ ਵਿਸ਼ੇ ਤੇ ਖੋਜ ਕਰਨੀ ਹੈ, ਉਸ ਵਿਸ਼ੇ ਦੀ ਚੋਣ ਕਰਨਾ, ਉਸ ਦੀ ਧਾਰਨਾ ਜਾਂ ਸੰਕਲਪ ਨੂੰ ਪਰਿਭਾਸ਼ਤ ਕਰਨਾ। ਉਸ ਤੋਂ ਬਾਅਦ ਇਕੱਠੇ ਕੀਤੇ ਲਿਟਰੇਚਰ ਜਾਂ ਪਿਛਲੇ ਅਧਿਆਪਨਾਂ ਤੋਂ ਪਰਿ-ਕਲਪਨਾਵਾਂ ਦਾ ਨਿਰਮਾਣ ਕਰਨਾ ਉਨ੍ਹਾਂ ਦੀ ਰੋਸ਼ਨੀ ਵਿਚ ਅੰਕੜੇ ਇਕੱਠੇ ਕਰਨ ਦੀ ਵਿਧੀ ਦਾ ਨਿਰਮਾਣ ਕਰਨਾ ਤੇ ਫਿਰ ਤੱਥਾਂ ਨੂੰ ਇਕੱਠੇ ਕਰਨਾ। ਇਕੱਠੇ ਕੀਤੇ ਤੱਕਾਂ ਦਾ ਵਰਗੀਕਰਨ ਕਰਨਾ, ਉਹਨਾਂ ਦੀਆਂ ਸਾਰਣੀਆਂ ਤਿਆਰ ਕਰਨਾ ਅਤੇ ਫਿਰ ਕ੍ਰਮਬੱਧ ਕੀਤੇ ਤੱਥਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਬਾਅਦ ਵਿਚ ਜੋ ਤੁਸੀਂ ਕੰਮ ਕੀਤਾ ਹੁੰਦਾ ਹੈ ਉਹ ਸਾਰੇ ਦੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਅਤੇ ਰਿਪੋਰਟ ਦੇ ਅੰਤ ਵਿਚ ਇਕ ਪੁਸਤਕ ਸੂਚੀ (Bibliography) ਦਿੱਤੀ ਜਾਂਦੀ ਹੈ ਜਿਸ ਵਿਚ ਤੁਹਾਡੀ ਖੋਜ ਨਾਲ ਸੰਬੰਧਿਤ ਪੁਸਤਕਾਂ ਦੇ ਵੇਰਵੇ ਹੁੰਦੇ ਹਨ ਸੋ ਇਹ ਖੋਜ ਦਾ ਇਕ ਕ੍ਰਮਬੱਧ ਢੰਗ ਹੁੰਦਾ ਹੈ।

## 2.6 ਸਾਰ :

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਵਿਗਿਆਨਕ ਵਿਧੀ ਦੀ ਵਿਗਿਆਨਾਂ ਵਿਚ ਬਹੁਤ ਮਹੱਤਤਾ ਹੁੰਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਵਿਗਿਆਨ ਕਿਸਨੂੰ ਆਖਦੇ ਹਨ? ਵਿਗਿਆਨ ਕਿਸੇ ਵੀ ਵਿਵਸਥਿਤ ਗਿਆਨ ਨੂੰ ਕਿਹਾ ਜਾਂਦਾ ਹੈ। ਵਿਗਿਆਨਕ ਸ਼ਬਦ ਤੋਂ ਵਿਗਿਆਨਕ ਵਤੀਰੇ ਜਾਂ ਰੁਝਾਨ (Scientific attitude), ਨਿਰੰਤਰ ਪ੍ਰਕ੍ਰਿਆ ਦਾ ਵੀ ਗਿਆਨ ਹੁੰਦਾ ਹੈ। ਵਿਗਿਆਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸਦੇ ਆਧਾਰ 'ਤੇ ਹਰ ਰੋਜ਼ ਨਵਾਂ ਅਤੇ ਵਿਵਸਥਿਤ ਗਿਆਨ ਇਕੱਠਾ ਹੋ ਰਿਹਾ ਹੈ। ਵਿਗਿਆਨ ਦਾ ਮੁੱਖ ਉਦੇਸ਼ ਗਿਆਨ ਇਕੱਠਾ ਕਰਨਾ ਹੀ ਨਹੀਂ ਹੁੰਦਾ, ਸਗੋਂ ਗਿਆਨ ਪ੍ਰਾਪਤੀ ਦੀ ਵਿਗਿਆਨਕ ਵਿਧੀ ਪੈਦਾ ਕਰਨਾ ਵੀ ਇਸਦਾ ਮੁੱਖ ਉਦੇਸ਼ ਹੈ। ਇਸ ਤੋਂ ਇਲਾਵਾ ਵਿਗਿਆਨਕ ਅਧਿਐਨ ਵਿੱਚ ਅਧਿਐਨ-ਕਰਤਾ ਦਾ ਰੁਝਾਨ ਸਮੱਸਿਆ ਵੱਲ ਵਿਗਿਆਨਕ ਹੋ ਜਾਂਦਾ ਹੈ। ਇੱਥੋਂ ਤੱਕ ਕਿ ਵਿਗਿਆਨਕ ਗਿਆਨ, ਵਿਗਿਆਨਕ ਵਿਧੀ ਅਤੇ ਵਿਗਿਆਨਕ ਰੁਝਾਨ ਪਰਸਪਰ ਇੱਕ ਦੂਜੇ ਤੋਂ ਭਿੰਨ ਜਾਂ ਸੁਤੰਤਰ ਨਹੀਂ, ਪਰੰਤੂ ਇੱਕ ਦੂਜੇ ਤੇ ਨਿਰਭਰ ਹਨ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜਿਵੇਂ-ਜਿਵੇਂ ਅਧਿਐਨ ਵਿੱਚ ਵਿਗਿਆਨਕ ਵਿਧੀ ਦਾ ਸਰੂਪ ਕੰਟਰੋਲ ਹੇਠਾਂ ਆਉਂਦਾ ਹੈ ਅਤੇ ਵਿਕਸਿਤ ਹੁੰਦਾ ਹੈ, ਤਿਵੇਂ-ਤਿਵੇਂ ਵਿਗਿਆਨਕ ਦ੍ਰਿਸ਼ਟੀਕੋਣ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਇਸਦੇ ਨਾਲ-ਨਾਲ ਵਿਗਿਆਨਕ ਗਿਆਨ ਦਾ ਸਰੂਪ ਵੀ ਵਧੇਰੇ ਸੱਚਾ-ਸੁੱਚਾ, ਕ੍ਰਮਬੱਧ ਤੇ ਠੋਸ ਹੁੰਦਾ ਰਹਿੰਦਾ ਹੈ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਗਿਆਨਕ ਵਿਧੀ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੇ ਆਧਾਰਿਤ ਵਿਗਿਆਨਕ ਸਿੱਟਿਆਂ, ਨਿਯਮਾਂ ਅਤੇ ਤੱਥਾਂ ਤੇ ਸਿਧਾਂਤਾਂ ਨੂੰ ਹੀ ਵਿਗਿਆਨ ਦਾ ਨਾਂ ਦਿੱਤਾ ਜਾਂਦਾ ਹੈ। ਕੋਈ ਵਿਗਿਆਨਕ ਅਧਿਐਨ ਵਿਗਿਆਨਕ ਵਿਧੀ ਤੋਂ ਬਿਨਾਂ ਸੰਭਵ ਨਹੀਂ ਹੁੰਦਾ ਅਤੇ ਵਿਗਿਆਨਕ ਵਿਧੀ ਉਹ ਹੀ ਹੁੰਦੀ ਹੈ ਜਿਸ ਦੁਆਰਾ ਕੱਢੇ ਨਤੀਜੇ ਪ੍ਰਮਾਣਯੋਗ ਹੋਣ, ਸਾਧਾਰਣੀਕਰਣ ਦੀ ਕਸੌਟੀ ਤੇ ਪੂਰੇ ਉਤਰਦੇ ਹੋਣ, ਭਵਿੱਖਬਾਣੀ ਹੋ ਸਕੇ, ਜਿਸ ਦੀ ਆਪਣੀ ਸ਼ਬਦਾਵਲੀ ਹੋਵੇ ਅਤੇ ਕ੍ਰਮਬੱਧਤਾ ਦੀ ਦਿੱਖ ਹੋਵੇ। ਅਜਿਹੇ ਢੰਗ ਨਾਲ ਕੱਢੇ ਨਤੀਜੇ ਹੀ ਵਿਗਿਆਨਕ ਕਹੇ ਜਾ ਸਕਣਗੇ।

## 2.7 ਮੁੱਖ ਸ਼ਬਦ :

**ਵਿਗਿਆਨਕ ਵਿਧੀ** : ਬੜੀ ਸਖ਼ਤੀ ਨਾਲ ਕੀਤੀਆਂ ਮਿਣਤੀਆਂ ਨਾਲ ਤਜਰਬਾਤੀ ਪੱਧਤੀ ਨੂੰ ਵਿਗਿਆਨਕ ਵਿਧੀ ਕਿਹਾ ਜਾਂਦਾ ਹੈ।

**ਵਿਗਿਆਨ** : ਕਿਸੇ ਵੀ ਵਿਵਸਥਿਤ ਗਿਆਨ ਨੂੰ ਜਿਸਦਾ ਉਦੇਸ਼ ਵਿਗਿਆਨਕ ਵਿਧੀ ਪੈਦਾ ਕਰਨਾ ਹੋਵੇ, ਵਿਗਿਆਨ ਕਹਿੰਦੇ ਹਨ।

**ਨਿਰਪੱਖਤਾ** : ਜਦੋਂ ਖੋਜੀ ਪਹਿਲਾਂ ਹੀ ਚੰਗੀਆਂ ਜਾਂ ਮਾੜੀਆਂ ਵਿਦਮਾਨ ਰਾਵਾਂ ਤੋਂ ਮੁਕਤ ਹੋਕੇ, ਪੱਖਪਾਤ ਤੋਂ ਕੰਮ ਨਾ ਲੈਕੇ ਨਿਰਪੱਖ ਹੋਕੇ ਤੱਥ ਇਕੱਠੇ ਕਰਦਾ ਹੈ।

**ਪ੍ਰਮਾਣਨ ਯੋਗਤਾ** : ਪ੍ਰਾਪਤ ਸਿੱਟਿਆਂ ਦੀ ਪੁਨਰ ਆਵ੍ਰਿਤੀ (replication) ਅਤੇ ਪੁਸ਼ਟੀ।

**ਸਮਾਨੀਕਰਨ** : ਵਿਗਿਆਨਕ ਢੰਗ ਨਾਲ ਕੀਤੀ ਖੋਜ ਦੁਆਰਾ ਜੋ ਤੱਥ ਖੋਜੇ ਜਾਂਦੇ ਹਨ, ਉਹ ਸਾਰੇ ਮੂਹਾਂ ਤੇ ਲਾਗੂ ਹੁੰਦੇ ਹਨ ਭਾਵ ਸਰਵ-ਵਿਆਪੀ ਹੁੰਦੇ ਹਨ।

## 2.8 ਅਭਿਆਸ ਲਈ ਪ੍ਰਸ਼ਨ

1. ਵਿਗਿਆਨਕ ਵਿਧੀ ਕਿਸਨੂੰ ਆਖਦੇ ਹਨ? ਇਸ ਵਿੱਚ ਕਿਹੜੀਆਂ-ਕਿਹੜੀਆਂ ਵਿਸ਼ੇਸ਼ਤਾਵਾਂ ਦਾ ਹੋਣਾ ਜ਼ਰੂਰੀ ਹੈ?
2. ਵਿਗਿਆਨਕ ਵਿਧੀ ਨੂੰ ਪਰਿਭਾਸ਼ਤ ਕਰੋ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ ਦੱਸੋ।
3. ਵਿਗਿਆਨਕ ਵਿਧੀ ਤੇ ਲੇਖ ਲਿਖੋ।

## ਸੰਖੇਪ ਸਵਾਲ (ਬਿਆਨ ਕਰੋ)

(ੳ) ਵਿਗਿਆਨ
(ਅ) ਵਿਗਿਆਨਕ ਵਿਧੀ
(ੲ) ਨਿਰਪੱਖਤਾ
(ਸ) ਪ੍ਰਮਾਣਨ ਯੋਗਤਾ
(ਹ) ਸ਼ਬਦਾਵਲੀ

## 2.9 ਪੁਸਤਕ ਸੂਚੀ


| | | |
|---|---|---|
| 1. Good & Hatt | : | Methods in Social Research |
| 2. Young P.V. | : | Scientific Social Surveys and Research |
| 3. Selltiz, C. (et al) | : | Research Methods in Social Relations |
| 4. Jaspal Singh | : | Introduction to Research Methods |
| 5. Wilkinson, T.S. & Bhandarkar, P.L. | : | Methodology and Techniques of Social Research |
| 6. Bajpai | : | Methods of Social Surveys & Research |
| 7. Moser, C.A. and Kalton, G. | : | Survey Methods in Social Investigation |
| 8. Sharma, T.R. | : | Vidiak Khoj Vidhi |

ਪਾਠ ਨੰ : 1.3 ਲੇਖਿਕਾ : ਡਾ. ਹਰਿੰਦਰ ਕੌਰ

# ਪਰਿਕਲਪਨਾ
## (Hypothesis)

ਰੂਪ ਰੇਖਾ


3.0 ਉਦੇਸ਼
3.1 ਜਾਣ ਪਛਾਣ
3.2 ਪਰਿਭਾਸ਼ਾਵਾਂ
3.3 ਪਰਿਕਲਪਨਾ ਬਣਾਉਣ ਦੇ ਢੰਗ
3.4 ਪਰਿਕਲਪਨਾ ਦੀਆਂ ਕਿਸਮਾਂ
3.5 ਪਰਿਕਲਪਨਾ ਦੇ ਸੋਮੇ ਜਾਂ ਸਾਧਨ
3.5.1 ਸੰਸਕ੍ਰਿਤੀਆਂ ਦਾ ਅਧਿਐਨ
3.5.2 ਵਿਗਿਆਨਕ ਸਿਧਾਂਤ
3.5.3 ਸਮਰੂਪਤਾ
3.5.4 ਨਿੱਜੀ ਤਜ਼ਰਬਾ
3.6 ਪਰਿਕਲਪਨਾ ਦੀਆਂ ਵਿਸ਼ੇਸਤਾਈਆਂ
3.6.1 ਨਿਸ਼ਚਿਤ ਤੇ ਸਾਧਾਰਣ
3.6.2 ਸੰਕਲਪ ਸੰਬੰਧੀ ਸਪਸ਼ਟਤਾ
3.6.3 ਉਪਲਬੱਧ ਤਕਨੀਕ ਨਾਲ ਸੰਬੰਧਿਤ
3.6.4 ਸਿਧਾਂਤਕ ਢਾਂਚੇ ਨਾਲ ਸੰਬੰਧਿਤ
3.6.5 ਪ੍ਰਯੋਗਾਤਮਕ ਜਾਂਚ ਦੇ ਯੋਗ
3.7 ਪਰਿਕਲਪਨਾ ਦੇ ਕਾਰਜ
3.7.1 ਪਰਿਕਲਪਨਾ ਖੋਜ ਦੇ ਕੰਮ ਨੂੰ ਸਪਸ਼ਟ ਕਰਦੀ ਹੈ
3.7.2 ਪਰਿਕਲਪਨਾ ਖੋਜ ਨੂੰ ਸੇਧ ਦਿੰਦੀ ਹੈ
3.7.3 ਢੁੱਕਵੇਂ ਜਾਂ ਸੰਬੰਧਿਤ ਤੱਥਾਂ ਦੀ ਚੋਣ ਵਿਚ ਸਹਾਇਤਾ ਕਰਦੀ ਹੈ
3.7.4 ਖੋਜ ਦੇ ਖਾਸ ਨਤੀਜੇ ਤੇ ਪਹੁੰਚਣ ਵਿਚ ਸਹਾਈ ਹੁੰਦੀ ਹੈ
3.8 ਪਰਿਕਲਪਨਾ ਦੇ ਲਾਭ
3.8.1 ਪਰਿਕਲਪਨਾ ਖੋਜ ਦਾ ਪ੍ਰੇਰਕ ਹੈ
3.8.2 ਪਰਿਕਲਪਨਾ ਇਕ ਵਿਆਖਿਆ ਹੈ
3.8.3 ਪਰਿਕਲਪਨਾ ਪੱਧਤੀ ਵਿਕਾਸ ਵਿਚ ਸਹਾਇਤਾ ਕਰਦੀ ਹੈ
3.8.4 ਪਰਿਕਲਪਨਾ ਸੰਗਠਨਾਤਮਕ ਸਿਧਾਂਤ ਹੈ
3.8.5 ਪਰਿਕਲਪਨਾ ਸਮੱਸਿਆ ਦੇ ਖੇਤਰ ਨੂੰ ਸੀਮਾਂਬੱਧ ਕਰਦੀ ਹੈ
3.8.6 ਇਹ ਜਰੂਰੀ ਸਮੱਗਰੀ ਇਕੱਠੀ ਕਰਨ ਵਿੱਚ ਸਹਾਇਤਾ ਕਰਦੀ ਹੈ
3.8.7 ਇਹ ਚਰਾਂ ਦੇ ਪਰਸਪਰ ਸੰਬੰਧਾਂ ਬਾਰੇ ਦੱਸਦੀ ਹੈ
3.8.8 ਇਹ ਵਿਗਿਆਨਕ ਸਿੱਟਿਆਂ ਤੇ ਤੱਥਾਂ ਦੀ ਰਚਨਾ ਵਿਚ ਸਹਾਇਤਾ ਕਰਦੀ ਹੈ
3.9 ਸਾਰ
3.10 ਅਭਿਆਸ ਲਈ ਪ੍ਰਸ਼ਨ
3.11 ਉਪਯੋਗੀ ਪੁਸਤਕਾਂ

## 3.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋਵੇਗਾ ਕਿ :

* ਉਹ ਪਰਿਕਲਪਨਾ ਨੂੰ ਪਰਿਭਾਸ਼ਤ ਕਰ ਸਕੇ ਅਤੇ ਇਸ ਨੂੰ ਬਣਾਉਣ ਦੇ ਢੰਗ ਬਾਰੇ ਜਾਣਕਾਰੀ ਦੇ ਸਕੇ।
* ਪਰਿਕਲਪਨਾ ਦੀਆਂ ਕਿਸਮਾਂ ਅਤੇ ਇਸਦੇ ਸੋਮੇ ਜਾਂ ਸਾਧਨਾਂ ਨੂੰ ਬਿਆਨ ਕਰ ਸਕੇ।
* ਪਰਿਕਲਪਨਾ ਦੀਆਂ ਵਿਸ਼ੇਸ਼ਤਾਈਆਂ ਅਤੇ ਇਸਦੇ ਕਾਰਜਾਂ ਦਾ ਵਰਨਣ ਕਰ ਸਕੇ।
* ਖੋਜ ਦੇ ਕੰਮ ਲਈ ਪਰਿਕਲਪਨਾ ਕਿਵੇਂ ਲਾਹੇਵੰਦ ਹੁੰਦੀ ਹੈ ਇਸ ਤੇ ਰੋਸ਼ਨੀ ਪਾ ਸਕੇ।

## 3.1 ਜਾਣ ਪਛਾਣ

ਕਿਸੇ ਵੀ ਪਰਪੰਚ (Phenomenon) ਦਾ ਵਿਗਿਆਨਕ ਅਧਿਐਨ ਕਰਨ ਦੇ ਲਈ ਕਈ ਤਰੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਕਈ ਪੜ੍ਹਾਵਾਂ ਵਿਚੋਂ ਲੰਘਣਾ ਪੈਂਦਾ ਹੈ। ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਪੜਾਅ ਹੈ ਪਰਿਕਲਪਨਾ ਬਣਾਉਣਾ। ਇਹ ਦੋ ਸ਼ਬਦਾਂ Hypo ਅਤੇ Thesis ਦੇ ਸੁਮੇਲ ਤੋਂ ਬਣਿਆ ਹੈ। Hypo ਦਾ ਅਰਥ ਹੈ ਹੇਠਲਾ ਜਾਂ ਆਮ ਨਾਲੋਂ ਘੱਟ ਅਤੇ Thesis ਦਾ ਅਰਥ ਹੈ ਸਿਧਾਂਤ ਜਾਂ ਥਿਊਰੀ। ਸੋ ਪਰਿਕਲਪਨਾ ਥੀਸਿਸ ਨਾਲੋਂ ਘੱਟ ਨਿਸ਼ਚਿਤ ਹੁੰਦੀ ਹੈ ਜਾਂ ਇਹ ਕਹਿ ਲਵੋ ਕਿ ਥੀਸਿਸ ਪਰਿਕਲਪਨਾ ਤੇ ਹੀ ਉਸਾਰਿਆ ਜਾਂਦਾ ਹੈ।

ਵਿਗਿਆਨਕ ਖੋਜ ਵਿਚ ਕਿਸੇ ਪਰਿਸਥਿਤੀ ਜਾਂ ਪ੍ਰਾਣੀ ਦੇ ਵਿਵਹਾਰ ਨੂੰ ਸਪਸ਼ਟ ਕਰਨ ਲਈ ਖੋਜੀ, ਖੋਜ ਆਰੰਭ ਕਰਨ ਤੋਂ ਪਹਿਲਾਂ ਅਜਿਹੇ ਵਿਵਹਾਰ ਦੇ ਆਧਾਰ ਮੰਨੇ ਜਾ ਸਕਣ ਵਾਲੇ ਨਿਯਮਾਂ ਦਾ ਅਨੁਮਾਨ ਲਗਾਉਂਦਾ ਹੈ ਤੇ ਫਿਰ ਇਸੇ ਅਨੁਮਾਨ ਜਾਂ ਇਸੇ ਤਰ੍ਹਾਂ ਦੇ ਸਾਰੇ ਅਨੁਮਾਨਾਂ ਦੀ ਪਰਖ ਕਰਕੇ ਵੇਖਦਾ ਹੈ।

ਇਸ ਅਨੁਮਾਨ ਨੂੰ ਪਰਿਕਲਪਨਾ ਕਹਿੰਦੇ ਹਨ। ਕੋਈ ਵੀ ਖੋਜਾਰਥੀ ਖੋਜ ਸਮੇਂ ਅਨੇਕਾਂ ਊਣਤਾਈਆਂ ਕਰ ਸਕਦਾ ਹੈ ਅਤੇ ਉਹ ਸਮੱਗਰੀ (data) ਦੇ ਨਿਰੀਖਣ ਸਮੇਂ ਕਈ ਮਹੱਤਵਪੂਰਣ ਤੱਥਾਂ ਨੂੰ ਅੱਖੋਂ ਓਹਲੇ ਕਰ ਸਕਦਾ ਹੈ, ਉਸਦੀ ਤੱਥਾਂ ਬਾਰੇ ਚੋਣ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸਨੂੰ ਸਮੱਸਿਆ ਬਾਰੇ ਕਿੰਨੀ ਕੁ ਜਾਣਕਾਰੀ ਹੈ। ਆਮ ਵਿਚਾਰਧਾਰ ਦੇ ਆਧਾਰ ਤੇ ਉਹ ਇਸ ਸਮੱਸਿਆ ਦੇ ਤੱਥਾਂ ਬਾਰੇ ਜ਼ਰੂਰੀ ਪੱਖ ਇਕੱਠੇ ਕਰਦਾ ਹੈ ਅਤੇ ਫਿਰ ਆਪਣੀ ਸੂਝ ਨਾਲ ਇਨ੍ਹਾਂ ਪੱਖਾਂ ਵਿਚਕਾਰ ਕਾਰਕ ਸਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਸੂਝ ਜਾਂ ਆਰਜ਼ੀ ਵਿਚਾਰ ਜਿਹੜੇ ਕਿ ਵਿਗਿਆਨਕ ਖੋਜ ਪੜਤਾਲ ਦਾ ਆਧਾਰ ਬਣਦੇ ਹਨ, ਪਰਿਕਲਪਨਾ ਅਖਵਾਉਂਦੇ ਹਨ।

ਇਹ ਪਰਿਕਲਪਨਾ ਜਾਂ ਇਸ ਤਰ੍ਹਾਂ ਦੇ ਹੋਰ ਅਨੁਮਾਨ ਸਮੱਸਿਆ ਦਾ ਤੱਤਕਾਲ ਹੱਲ ਸੁਝਾਉਂਦੇ ਹਨ ਅਤੇ ਪ੍ਰਸ਼ਨ ਦਾ ਤੱਤਕਾਲ ਉੱਤਰ ਦਿੰਦੇ ਹਨ। ਕਲਪਨਾ ਜਾਂ ਅੰਦਾਜ਼ੇ ਤੋਂ ਕੰਮ ਲੈਂਦਿਆਂ ਜਦੋਂ ਕਿਸੇ ਸਮੱਸਿਆ ਦਾ ਹੱਲ ਸੁਝਾਇਆ ਜਾਂਦਾ ਹੈ ਜਿਸ ਦੀ ਅਜੇ ਪਰਖ ਨਹੀਂ ਕੀਤੀ ਹੁੰਦੀ, ਉਸ ਹੱਲ, ਉੱਤਰ ਜਾਂ ਸੁਝਾਓ ਨੂੰ ਪਰਿਕਲਪਨਾ ਦਾ ਨਾਂ ਦਿੱਤਾ ਜਾਂਦਾ ਹੈ।

ਸ਼ੁਰੂ ਦੇ ਵਿਚ ਪਰਿਕਲਪਨਾ ਇਕ ਟੂੱਲ (hunch), ਅਨੁਮਾਨ ਜਾਂ ਕਾਲਪਨਿਕ ਵਿਚਾਰ ਹੀ ਹੁੰਦਾ ਹੈ ਜਿਹੜਾ ਬਾਅਦ ਵਿਚ ਖੋਜ ਪੜਤਾਲ (research) ਦਾ ਆਧਾਰ ਬਣਦਾ ਹੈ। ਹਰੇਕ ਵਿਗਿਆਨਕ ਖੋਜ ਦੇ ਲਈ ਇਹ ਜ਼ਰੂਰੀ ਹੈ ਕਿ ਤੱਥਾਂ ਦੇ ਕਾਰਕ ਸਬੰਧਾਂ ਬਾਰੇ ਕੋਈ ਅਜਮਾਇਸ਼ੀ (tentative) ਧਾਰਨਾ ਬਣਾਈ ਜਾਵੇ ਜਿਹੜੀ ਖੋਜਾਰਥੀ ਨੂੰ ਤੱਥਾਂ ਦੀ ਖੋਜ ਪੜਤਾਲ ਲਈ ਸੇਧ ਦੇ ਸਕਦੀ ਹੋਵੇ। ਕਿਸੇ ਪਰਿਕਲਪਨਾ ਦੀ ਰੂਪ ਰੇਖਾ ਖਿੱਚੇ ਬਿਨਾਂ ਕਿਸੇ ਵੀ ਸਮੱਸਿਆ ਦੀ ਸਹੀ ਪਹੁੰਚ ਸੰਭਵ ਨਹੀਂ। ਤੱਥਾਂ ਦੀ ਸਹੀ ਸਮੀਖਿਆ ਪਰਿਕਲਪਨਾ ਤੋਂ ਬਿਨਾਂ ਨਹੀਂ ਹੋ ਸਕਦੀ। ਸਹੀ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਖੋਜ ਦੇ ਕੰਮ ਦੀ ਸਫ਼ਲਤਾ ਪਰਿਕਲਪਨਾ ਦੀ ਸੰਵੇਦਨਸ਼ੀਲਤਾ ਅਤੇ ਖੋਜਾਰਥੀ ਦੀ ਸੂਝ ਤੇ ਨਿਰਭਰ ਕਰਦੀ ਹੈ। ਵਿਗਿਆਨਕ ਖੋਜ ਵਿਚ ਅਸੀਂ ਨਵੀਆਂ ਖੋਜਾਂ ਕਰਨੀਆਂ ਹੁੰਦੀਆਂ ਹਨ ਪਰ ਅਸੀਂ ਪੂਰਨ ਅਗਿਆਨਤਾ

ਨਾਲ ਅੱਗੇ ਨਹੀਂ ਵੱਧ ਸਕਦੇ। ਅਸੀਂ ਪੁਰਾਣੀ ਰਿਸਰਚ ਦੇ ਆਧਾਰ ਤੇ ਮੁੱਢਲੇ ਜਾਂ ਬੁਨਿਆਦੀ ਵਿਚਾਰ ਆਪਣੇ ਸਾਹਮਣੇ ਰਖਦੇ ਹੋਏ ਇਹ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਇਹ ਵਿਚਾਰ ਠੀਕ ਹਨ ਜਾਂ ਨਹੀਂ। ਇਹ ਬਿਲਕੁਲ ਠੀਕ ਵੀ ਹੋ ਸਕਦੇ ਹਨ। ਕੁਝ ਸਹੀ ਤੇ ਕੁਝ ਗਲਤ ਵੀ ਜਾਂ ਫਿਰ ਬਿਲਕੁਲ ਗਲਤ ਵੀ। ਪਰ ਇਹ ਹਮੇਸ਼ਾਂ ਸਾਨੂੰ ਮੰਜ਼ਿਲ ਤੱਕ ਪਹੁੰਚਾਉਣ ਵਿਚ ਸਹਾਈ ਹੁੰਦੇ ਹਨ। ਇਹ ਬੁਨਿਆਦੀ ਜਾਂ ਮੁੱਢਲੇ ਸਵਾਲ ਜੋ ਸਾਨੂੰ ਰਾਹ ਦਿਖਾਉਂਦੇ ਹਨ ਤੇ ਮੰਜ਼ਿਲ ਤੱਕ ਪਹੁੰਚਾਉਣ ਵਿਚ ਸਹਾਈ ਹੁੰਦੇ ਹਨ ਇਨ੍ਹਾਂ ਨੂੰ ਹੀ ਪਰਿਕਲਪਨਾ ਕਿਹਾ ਜਾਂਦਾ ਹੈ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਪਰਿਕਲਪਨਾ ਕਿਸੇ ਤੱਥ ਦੇ ਵਿਗਿਆਨਕ ਅਧਿਐਨ ਲਈ ਪਹਿਲਾ ਪੜਾਅ ਜਾਂ ਕਦਮ ਹੈ। ਜਿਵੇਂ ਕਿਸੇ ਵੀ ਥਾਂ ਤੇ ਪਹੁੰਚਣ ਲਈ ਅਸੀਂ ਕੁਝ ਰਸਤਿਆਂ ਦਾ ਵਿਚਾਰ ਆਪਣੇ ਮਨ ਵਿਚ ਬਣਾ ਲੈਂਦੇ ਹਾਂ ਤੇ ਜੋ ਰਸਤਾ ਸਾਨੂੰ ਸਹੀ ਲੱਗਦਾ ਹੈ ਉਸ ਅਨੁਸਾਰ ਹੀ ਮੰਜ਼ਿਲ ਦੀ ਭਾਲ ਕਰਦੇ ਹਾਂ। ਅਸੀਂ ਕਈ ਵਾਰ ਗਲਤੀ ਕਰਦੇ ਹਾਂ, ਰਸਤਾ ਬਦਲਦੇ ਹਾਂ ਪਰ ਸਹੀ ਢੰਗ ਦੀ ਵਰਤੋਂ ਲਈ ਸੁਚੇਤ ਰਹਿੰਦੇ ਹੋਏ ਆਪਣੀ ਮੰਜ਼ਿਲ ਤੇ ਪਹੁੰਚ ਜਾਂਦੇ ਹਾਂ। ਇਸੇ ਤਰ੍ਹਾਂ ਖੋਜ ਦੇ ਲਈ ਪਰਿਕਲਪਨਾ ਦੀ ਮੱਦਦ ਲੈਣਾ ਲਾਜ਼ਮੀ ਹੈ।

## 3.2 ਪਰਿਭਾਸ਼ਾਵਾਂ

ਉੱਘੇ ਸਮਾਜ ਵਿਗਿਆਨੀ **ਜੀ.ਏ. ਲੰਡਬਰਗ** ਨੇ ਪਰਿਕਲਪਨਾ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਹੈ, ''ਇਹ ਇਕ ਪ੍ਰਯੋਗਾਤਮਕ ਅਨੁਮਾਨ ਹੈ ਜਿਸ ਦੀ ਪ੍ਰਮਾਣਿਕਤਾ ਨੂੰ ਜਾਂਚਿਆ ਪਰਖਿਆ ਜਾਣਾ ਹੁੰਦਾ ਹੈ।''

ਇਸੇ ਤਰ੍ਹਾਂ **ਗੁੱਡ ਅਤੇ ਹੈਟ** ਅਨੁਸਾਰ, ''ਪਰਿਕਲਪਨਾ ਇਕ ਪ੍ਰਸਤਾਵ ਜਾਂ ਤਜਵੀਜ਼ ਹੈ ਜਿਸ ਦੀ ਪ੍ਰਮਾਣਿਕਤਾ ਨੂੰ ਨਿਸ਼ਚਿਤ ਕਰਨ ਦੇ ਲਈ ਇਸ ਦੀ ਜਾਂਚ ਕੀਤੀ ਜਾਂਦੀ ਹੈ।"

**ਜੀ.ਜੀ. ਮੂਲੇ** ਅਨੁਸਾਰ,''ਪਰਿਕਲਪਨਾ ਇਕ ਮਿੱਥਣ ਜਾਂ ਪ੍ਰਸਤਾਵ ਹੁੰਦਾ ਹੈ ਜਿਸ ਦੀ ਸੱਚਾਈ ਪੂਰਵ ਗਿਆਨ ਅਤੇ ਅਨੁਭਵ ਸਬੰਧੀ ਤੱਥ ਇਕੱਠੇ ਕਰਕੇ ਅਜੇ ਸਿੱਧ ਕਰਨੀ ਹੁੰਦੀ ਹੈ।"

**ਆਰ.ਈ. ਕਰਕ** ਲਿਖਦੇ ਹਨ ਕਿ ਪਰਿਕਲਪਨਾ ਇਕ ਫਰਜ਼ੀ ਡੰਗ ਟਪਾਊ ਸਿਧਾਂਤ ਹੈ ਜਿਹੜਾ ਕਿਸੇ ਘਟਨਾ ਨੂੰ ਸਪਸ਼ਟ ਕਰਨ ਲਈ ਆਰਜ਼ੀ ਤੋਰ ਤੇ ਮਿੱਥ ਲਿਆ ਜਾਂਦਾ ਹੈ ਤੇ ਜਿਹੜਾ ਹੋਰਨਾਂ ਤੱਥਾਂ ਤੇ ਖੋਜਾਂ ਦੀ ਅਗਵਾਈ ਕਰਦਾ ਹੈ।

**ਬਾਰ ਅਤੇ ਸਕੇਟਸ** ਨੇ ਪਰਿਕਲਪਨਾ ਨੂੰ ਇਕ ਕਥਨ ਦੱਸਿਆ ਹੈ ਜਿਸ ਨੂੰ ਕਿਸੇ ਘਟਨਾ ਦੇ ਸਬੰਧ ਵਿਚ ਪ੍ਰਾਪਤ ਜਾਣਕਾਰੀ ਦੀ ਲੋਅ ਵਿਚ ਕੱਚੇ ਤੌਰ ਤੇ ਸਹੀ ਮੰਨ ਲਿਆ ਜਾਂਦਾ ਹੈ ਅਤੇ ਉਸ ਨੂੰ ਨਵੀਂ ਸੱਚਾਈ ਦੀ ਖੋਜ ਲਈ ਆਧਾਰ ਵਜੋਂ ਵਰਤਿਆ ਜਾਂਦਾ ਹੈ।

ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਵਿਗਿਆਨਕ ਖੋਜ ਪੜਤਾਲ ਵਿਚੋਂ ਕੋਈ ਅਜਮਾਇਸ਼ੀ ਬਿਆਨ ਜਿਹੜਾ ਕੁਝ ਤੱਥਾਂ ਵਿਚਕਾਰ ਸਬੰਧਾਂ ਨੂੰ ਨਿਯਮਿਤ ਕਰਦਾ ਹੈ ਹੋਣਾ ਜ਼ਰੂਰੀ ਹੈ। ਇਸ ਬਿਆਨ ਨੂੰ ਪ੍ਰਯੋਗਾਤਮਕ ਤਰੀਕੇ ਨਾਲ ਜਾਂਚ ਪਰਖ ਕੇ ਉਸ ਦੀ ਛਾਣ ਬੀਣ ਕਰਨੀ ਚਾਹੀਦੀ ਹੈ ਜਾਂ ਉਸ ਨੂੰ ਨਾ ਮਨਜ਼ੂਰ ਕਰ ਦੇਣਾ ਚਾਹੀਦਾ ਹੈ। ਵਿਗਿਆਨਕ ਪਰਿਕਲਪਨਾ ਵਿਚਾਰਤਮਕ ਢਾਂਚੇ ਅਤੇ ਪੁਰਾਣੀ ਖੋਜ ਦੇ ਨਤੀਜਿਆਂ ਚੋਂ ਉਪਜਦੀ ਹੈ। ਤੱਥ ਹਮੇਸ਼ਾਂ ਆਪਣੇ ਅਰਥਾਂ ਲਈ ਸਿਧਾਂਤਕ ਢਾਂਚੇ ਤੇ ਨਿਰਭਰ ਹੁੰਦੇ ਹਨ। ਇਹ ਸੰਕਲਪਾਂ ਦਰਮਿਆਨ ਬਣੇ ਸਬੰਧਾਂ ਨੂੰ ਬਿਆਨ ਕਰਦੇ ਹਨ। ਸੰਕਲਪਾਂ ਦੀ ਸਹੀ ਜਾਣਕਾਰੀ ਅਤੇ ਵਿਗਿਆਨਕ ਢੰਗ ਖੋਜ ਦੀਆਂ ਮੁੱਢਲੀਆਂ ਜ਼ਰੂਰਤਾਂ ਹਨ। ਉਸ ਤੋਂ ਬਾਅਦ ਜ਼ਰੂਰਤ ਹੈ ਇਹੋ ਜਿਹੇ ਸਵਾਲਾਂ ਦੀ ਜਿਹੜੇ ਕਿ ਖੋਜਾਰਥੀ ਨੂੰ ਵਿਗਿਆਨਕ ਖੋਜ ਵਲ ਲਿਜਾ ਸਕਣ। ਸਿਧਾਂਤ ਤੱਤਾਂ ਦੇ ਅਰਥ ਦੱਸਦੇ ਹਨ ਤੇ ਉਹਨਾਂ ਤੱਕ ਪਹੁੰਚਣ ਲਈ ਸੇਧ ਦਿੰਦੇ ਹਨ। ਪੂਰਵ ਖੋਜ ਸਬੰਧਿਤ ਜ਼ਰੂਰੀ ਸਿਧਾਂਤਿਕ ਪਰਿਕਲਪਨਾ ਦਾ ਬਿਆਨ ਵਿਗਿਆਨਕ ਅਧਿਐਨ ਦੀ ਰੂਪ-ਰੇਖਾ ਲਈ ਬਹੁਤ ਮਹੱਤਵਪੂਰਣ ਹੁੰਦਾ ਹੈ।

## 3.3 ਪਰਿਕਲਪਨਾ ਬਣਾਉਣ ਦਾ ਢੰਗ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪਰਿਕਲਪਨਾ ਬਣਾਈ ਕਿਸ ਤਰ੍ਹਾਂ ਜਾਵੇ ? ਇਕੱਲਾ ਤੱਥਾਂ ਤੇ ਆਧਾਰਿਤ ਸੂਚਨਾ ਨੂੰ ਇਕੱਠਾ ਕਰਕੇ ਪਰਿਕਲਪਨਾ ਬਣਾਉਣਾ ਕਾਫੀ ਨਹੀਂ ਹੁੰਦਾ ਪਰਿਕਲਪਨਾਵਾਂ ਤਾਂ ਕਾਲਪਨਿਕ ਹੁੰਦੀਆਂ ਹਨ। ਇਹ ਕੁਝ ਹੱਦ ਤੱਕ ਗਿਆਨ ਤੱਥਾਂ ਤੇ ਵਿਆਖਿਆਵਾਂ ਉਪਰ ਆਧਾਰਿਤ ਹੁੰਦੀਆਂ ਹਨ ਅਤੇ ਕੁਝ ਹੱਦ ਤੱਕ ਸੰਕਲਪਾਂ ਉਪਰ। ਪਰਿਕਲਪਨਾ ਨੂੰ ਬਣਾਉਣ ਲਈ ਹੇਠ ਲਿਖੀਆਂ ਹਾਲਤਾਂ ਲਾਹੇਵੰਦ ਹੁੰਦੀਆਂ ਹਨ :

(ੳ) ਪਿੱਠ ਭੂਮੀ ਗਿਆਨ ਦੀ ਸਮ੍ਰਿਧੀ (enrichment of background knowledge)

(ਅ) ਢੁੱਕਵਾਂ ਬੋਧ (adequate knowledge)

(ੲ) ਦ੍ਰਿਸ਼ਟਾਂਤ ਤੇ ਹੋਰਨਾਂ ਦੇ ਅਨੁਭਵ (examples and experiences of others)

ਖੋਜਾਰਥੀ ਦੇ ਦਿਮਾਗ ਵਿਚ ਪਹਿਲਾਂ ਤੋਂ ਹੀ ਕਿਸੇ ਵੀ ਚੀਜ਼ ਬਾਰੇ ਕੁਝ ਧਾਰਨਾ ਬਣੀ ਹੁੰਦੀ ਹੈ ਜਿਹੜੀ ਕਿ ਉਸਦੇ ਨਿਜੀ ਅਧਿਐਨ ਨਿਰੀਖਣ ਜਾਂ ਸੰਭਾਵੀ ਸੰਬੰਧਾਂ ਦੀ ਜਾਣਕਾਰੀ ਤੇ ਆਧਾਰਿਤ ਹੁੰਦੀ ਹੈ। ਇਸ ਦੇ ਆਧਾਰ ਤੇ ਹੀ ਖੋਜਾਰਥੀ ਪਰਿਕਲਪਨਾ ਦਾ ਨਿਰਮਾਣ ਕਰਦਾ ਹੈ। ਪਰਿਕਲਪਨਾ ਬਣਾਉਣ ਤੋ ਪਹਿਲਾਂ ਵੱਖੋ ਵੱਖਰੇ ਚਰਾਂ (variables) ਵਿਚਕਾਰ ਜੋ ਸਬੰਧ ਹੁੰਦੇ ਹਨ ਉਨ੍ਹਾਂ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਖੋਜਾਰਥੀ ਸਾਹਿਤ ਵਿਚ, ਖੋਜਾਂ ਦੇ ਰੂਪ ਵਿਚ ਅਤੇ ਪੁਰਾਤਨ ਕਾਢਾਂ ਤੋਂ ਹਾਸਲ ਕਰਦਾ ਹੈ। ਜੇਕਰ ਖੋਜਾਰਥੀ ਨੂੰ ਪੂਰਨ ਗਿਆਨ ਉਪਰ ਮਹਾਰਤ ਹਾਸਲ ਨਹੀਂ ਤਾਂ ਉਸਦੀ ਖੋਜ ਸਫਲ ਨਹੀਂ ਹੋ ਸਕਦੀ। ਕਿਸੇ ਵੀ ਵਿਸ਼ੇਸ਼ ਸਮੱਸਿਆ ਨਾਲ ਸਬੰਧਤ ਵੱਖ ਵੱਖ ਖੋਜ ਕਰਤਾ ਉਸੇ ਸਮੱਸਿਆ ਪ੍ਰਤੀ ਭਿੰਨ ਭਿੰਨ ਪਰਿਕਲਪਨਾਵਾਂ ਬਣਾ ਸਕਦੇ ਹਨ ਪਰੰਤੂ ਇਨ੍ਹਾਂ ਦੀ ਸ਼ੁੱਧਤਾ ਉਸ ਗਿਆਨ ਦੀ ਮਾਤਰਾ ਉੱਤੇ ਨਿਰਭਰ ਕਰੇਗੀ ਜੋ ਜਾਂਚ ਦੇ ਖੇਤਰ ਵਿਚ ਕਿਸੇ ਨੂੰ ਪ੍ਰਾਪਤ ਹੈ। ਜੇਕਰ ਖੋਜਾਰਥੀ ਨੂੰ ਉਸ ਸਮੱਸਿਆ ਦੀ ਡੂੰਘੀ ਜਾਣਕਾਰੀ ਹੈ, ਉਹ ਗਿਆਨ ਦੀ ਤਹਿ ਤਕ ਪਹੁੰਚਿਆ ਹੋਇਆ ਹੈ ਅਤੇ ਉਸ ਨੂੰ ਉਸ ਸਮੱਸਿਆ ਦਾ ਪੂਰਨ ਅਨੁਭਵ ਹੈ ਤਾਂ ਹੀ ਉਸ ਦੁਆਰਾ ਬਣਾਈ ਪਰਿਕਲਪਨਾ ਠੀਕ ਹੋਵੇਗੀ।

ਖੋਜਾਰਥੀ ਆਪਣੀ ਰੁਚੀ ਦੇ ਕਿਸੇ ਖੇਤਰ ਵਿਚ ਕਿਸੇ ਸਿਧਾਂਤ ਨੂੰ ਚੁਣਦੇ ਹੋਏ ਖੋਜ ਜਾਂ ਅਧਿਐਨ ਸ਼ੁਰੂ ਕਰ ਸਕਦਾ ਹੈ। ਵਿਸ਼ੇਸ਼ ਸਿਧਾਂਤ ਦੀ ਚੋਣ ਦੇ ਬਾਅਦ, ਖੋਜਾਰਥੀ ਪ੍ਰਤੀਕਾਤਮਕ ਤਰਕ ਸ਼ਾਸਤਰ ਰਾਹੀਂ ਆਪਣੇ ਸਿਧਾਂਤ ਤੋਂ ਇਕ ਪਰਿਕਲਪਨਾ ਬਣਾਉਂਦਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਖੋਜਾਰਥੀ ਨੂੰ ਉਸ ਸਮੱਸਿਆ ਦਾ ਢੁੱਕਵਾਂ ਅਤੇ ਡੂੰਘਾ ਗਿਆਨ ਹੈ ਤਾਂ ਕਿ ਉਹ ਇਸਦਾ ਪ੍ਰਯੋਗ ਆਪਣੇ ਅਨੁਭਵਾਂ ਦੀ ਮੁੜ ਉਸਾਰੀ ਲਈ ਕਰ ਸਕਦਾ ਹੋਵੇ। ਪਰਿਕਲਪਨਾ ਬਣਾਉਣ ਸਮੇਂ ਖੋਜਾਰਥੀ ਅਨੇਕ ਢੰਗਾਂ ਦੀ ਵਰਤੋਂ ਕਰਦਾ ਹੈ। ਉਹ ਆਪਣੇ ਰਸਤੇ ਤੋਂ ਭਟਕ ਵੀ ਸਕਦਾ ਹੈ ਅਤੇ ਕੁਰਾਹੇ ਪੈ ਸਕਦਾ ਹੈ। ਪਰ ਜੇਕਰ ਉਸ ਨੂੰ ਸਮੱਸਿਆ ਦੀ ਪੂਰੀ ਜਾਣਕਾਰੀ ਹੈ ਤਾਂ ਵਾਪਿਸ ਰਸਤੇ ਤੇ ਆ ਸਕਦਾ ਹੈ। ਉਹ ਸੰਜਮ ਅਤੇ ਸਬਰ ਤੋਂ ਕੰਮ ਲੈਂਦਾ ਹੋਇਆ ਖੋਜ ਪ੍ਰਤਿ ਵਿਸ਼ੇਸ਼ ਰੱਵਈਆ ਵਿਕਸਿਤ ਕਰਦਾ ਹੈ। ਖੋਜ ਕਰਤਾ ਨੂੰ ਸਮੱਸਿਆ ਨਾਲ ਸਬੰਧਤ ਸਾਰੀ ਸੰਭਵ ਜਾਣਕਾਰੀ ਨਾਲ ਵਾਕਫੀਅਤ ਹੋਣੀ ਚਾਹੀਦੀ ਹੈ। ਉਸਨੂੰ ਉਦਾਰਚਿਤ ਹੋ ਕੇ ਸੋਚਣਾ ਚਾਹੀਦਾ ਹੈ ਅਤੇ ਫਿਰ ਆਪਣੇ ਅਧਿਐਨ ਨੂੰ ਜਾਰੀ ਰੱਖਣ ਲਈ ਅੱਗੇ ਵੱਧਣਾ ਚਾਹੀਦਾ ਹੈ।

ਦ੍ਰਿਸ਼ਟਾਂਤ ਵੀ ਖੋਜਾਰਥੀ ਦੀ ਖੋਜ ਕਰਨ ਵਿਚ ਮਦਦ ਕਰਦੇ ਹਨ ਜੋ ਉਪਕਲਪਨਾਵਾਂ ਬਣਾਉਣ ਅਤੇ ਸਮੱਸਿਆ ਦਾ ਹੱਲ ਲੱਭਣ ਵਿਚ ਲਾਹੇਵੰਦ ਸਾਬਤ ਹੋ ਸਕਦੇ ਹਨ। ਕਈ ਵਾਰ ਮਹੱਤਵਪੂਰਣ ਉਪਕਲਪਨਾਵਾਂ ਬਣਾਉਣ ਵਿਚ ਵੱਖ-ਵੱਖ ਖੇਤਰਾਂ ਦੇ ਸਾਥੀਆਂ ਅਤੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਨਾਲ ਵੀ ਮਦਦ ਮਿਲਦੀ ਹੈ।

## 3.4 ਪਰਿਕਲਪਨਾਵਾਂ ਦੀਆਂ ਕਿਸਮਾਂ

ਖੋਜ ਪਰਿਕਲਪਨਾਵਾਂ ਦਾ ਵਰਗੀਕਰਨ ਦਿਸ਼ਾ ਪੂਰਵਕ ਅਤੇ ਦਿਸ਼ਾਹੀਣ ਦੇ ਤੋਰ ਤੇ ਕੀਤਾ ਜਾਂਦਾ ਹੈ। ਉਹ ਪਰਿਕਲਪਨਾਵਾਂ ਜੋ ਸੰਭਾਵੀ ਅੰਤਰਾਂ ਜਾਂ ਸਬੰਧਾਂ ਦੀ ਦਿਸ਼ਾ ਨੂੰ ਦਸਦੀਆਂ ਹਨ ਨੂੰ ਦਿਸ਼ਾ ਪੂਰਵਕ ਪਰਿਕਲਪਨਾਵਾਂ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਇਕ ਖੋਜ

ਪਰਿਕਲਪਨਾ ਲਵੋ, ਵਿਅਕਤੀ ਦੇ ਉੱਚੀ ਜਾਤੀ ਹਿੰਦੂ ਅਤੇ ਉਸ ਦੇ ਸਮਾਜਿਕ ਆਰਥਿਕ ਰੁਤਬੇ ਬਾਰੇ ਰਵੱਈਏ ਵਿਚਕਾਰ ਸਵੀਕਾਰਾਤਮਕ ਸਬੰਧ ਹੋਵੇਗਾ। ਇਹ ਇਕ ਦਿਸ਼ਾਪੂਰਵਕ ਖੋਜ ਪਰਿਕਲਪਨਾ ਹੋਵੇਗੀ ਕਿਉਂਕਿ ਇਹ ਗਰੁੱਪਾਂ ਵਿਚਕਾਰ ਅੰਤਰ ਦਿਸ਼ਾ ਨੂੰ ਮੰਨਦੀ ਹੈ। ਦੂਜੇ ਉਦਾਹਰਣ ਲਈ ਇਹ ਪਰਿਕਲਪਨਾਂ" ਆਪਣੇ ਬੱਚਿਆਂ ਨੂੰ ਪਾਲਣ ਪੋਸ਼ਣ ਪ੍ਰਤੀ ਪਿਤਾਵਾਂ ਤੇ ਮਾਤਾਵਾਂ ਦੀ ਅਨੁਕੂਲਤਾ ਵਿਚ ਕੀ ਅੰਤਰ ਹੋਵੇਗਾ"? ਇਹ ਦਿਸ਼ਾਹੀਣ ਖੋਜ ਪਰਿਕਲਪਨਾ ਹੈ। ਭਾਵੇਂ ਇਹ ਦੋਨੋਂ ਪਰਿਕਲਪਨਾਵਾਂ ਆਪਸ ਵਿਚ ਸ਼ਰਤ ਲਗਾਉਂਦੀਆਂ ਹਨ ਕਿ ਇਨ੍ਹਾਂ ਵਿਚਕਾਰ ਅੰਤਰ ਹੋਵੇਗਾ ਪਰੰਤੂ ਅੰਤਰ ਦੀ ਦਿਸ਼ਾ ਵਿਸ਼ੇਸ਼ ਤੌਰ ਤੇ ਨਹੀਂ ਦੱਸੀ ਜਾਂਦੀ। ਇਕ ਖੋਜੀ ਪਰਿਕਲਪਨਾ **ਘੋਸ਼ਿਤ ਆਕਾਰ, ਨੱਲ (Null) ਆਕਾਰ ਜਾਂ ਪ੍ਰਸ਼ਨ ਆਕਾਰ** ਦੀ ਹੋ ਸਕਦੀ ਹੈ। ਜਦੋਂ ਖੋਜ ਕਰਤਾ ਅਧਿਐਨ ਦੇ ਸਿੱਟੇ ਬਾਰੇ ਸਵੀਕਾਰਾਤਮਕ ਕਥਨ ਦਿੰਦਾ ਹੈ ਤਾਂ ਪਰਿਕਲਪਨਾ ਘੋਸ਼ਿਤ ਆਕਾਰ ਦੀ ਹੁੰਦੀ ਹੈ ਜਿਵੇਂ ''ਹਾਈ ਸਕੂਲ ਅਥਲੀਟਾਂ ਅਤੇ (ਜੋ ਅਥਲੀਟ ਨਹੀਂ ਹਨ) ਨਾਨ ਅਥਲੀਟਾਂ ਦੀ ਅਕਾਦਮਿਕ ਪ੍ਰਾਪਤੀ ਵਿਚਕਾਰ ਕੋਈ ਮਹੱਤਵਪੂਰਨ ਅੰਤਰ ਨਹੀਂ ਹੈ। ਨੱਲ (Null) ਪਰਿਕਲਪਨਾਵਾਂ ਨੂੰ ਸੰਖਿਅਕ ਤੌਰ ਤੇ ਟੈਸਟ ਕੀਤਾ ਜਾ ਸਕਦਾ ਹੈ। ਇਸ ਲਈ ਆਮ ਕਰਕੇ ਇਨ੍ਹਾਂ ਨੂੰ ਸਾਖਿਆਕੀ ਪਰਿਕਲਪਨਾਵਾਂ ਕਿਹਾ ਜਾਂਦਾ ਹੈ। ਪ੍ਰਸ਼ਨ ਆਕਾਰ ਪਰਿਕਲਪਨਾ ਵਿਚ ਇਹ ਪੁੱਛਣ ਦੀ ਬਜਾਇ ਕਿਸ ਸਿੱਟੇ ਦੀ ਉਮੀਦ ਹੈ ਇਹ ਪ੍ਰਸ਼ਨ ਪੁਛਿਆ ਜਾਂਦਾ ਹੈ ਕਿ ਸਿੱਟਾ ਕੀ ਹੋਵੇ ਗਾ ? ਮੰਨ ਲਵੋ ਕਿ ਇਕ ਖੋਜ ਕਰਤਾ ਇਹ ਜਾਨਣ ਵਿਚ ਰੁਚੀ ਰੱਖਦਾ ਹੈ ਕਿ ਨਿਯਮਿਤ ਪੜ੍ਹਾਈ ਦਾ ਬੱਚੇ ਦੇ ਟੈਸਟ ਦੀ ਚਿੰਤਾ ਨਾਲ ਕੋਈ ਸਬੰਧ ਹੈ। ਪਰਿਕਲਪਨਾ ਦਾ ਘੋਸ਼ਿਤ ਆਕਾਰ ਇਹ ਹੋ ਸਕਦਾ ਹੈ ਬੱਚਿਆਂ ਨੂੰ ਨਿਯਮਿਤ ਪੜ੍ਹਾਈ ਸਮੱਗਰੀ ਰਾਹੀਂ ਪੜ੍ਹਾਉਣ ਨਾਲ ਉਨ੍ਹਾਂ ਦੀ ਟੈਸਟ ਦੇਣ ਦੀ ਚਿੰਤਾ ਘੱਟ ਜਾਵੇਗੀ। ਇਹ ਕਥਨ ਸੰਕੇਤ ਹੈ ਕਿ ਨਿਯਮਿਤ ਪੜ੍ਹਾਈ ਟੈਸਟ ਦੀ ਚਿੰਤਾ ਨਾਲ ਸੰਬੰਧਿਤ ਹੈ। ਇਸ ਦਾ ਰੱਦ ਅਕਾਰ ਇਹ ਹੋਵੇਗਾ ''ਬੱਚਿਆ ਨੂੰ ਨਿਯਮਿਤ ਪੜਾਈ ਸਮੱਗਰੀ ਰਾਹੀਂ ਪੜ੍ਹਾਉਣ ਨਾਲ ਉਨ੍ਹਾਂ ਦੀ ਟੈਸਟ ਚਿੰਤਾ ਉਪਰ ਕੋਈ ਪ੍ਰਭਾਵ ਨਹੀਂ ਪਵੇਗਾ।" ਇਹ ਕਥਨ ਦਰਸਾਉਂਦਾ ਹੈ ਕਿ ਨਿਯਮਿਤ ਟੈਸਟ ਦੀ ਚਿੰਤਾ ਵਿਚਕਾਰ ਕੋਈ ਸੰਬੰਧ ਹੋਂਦ ਵਿਚ ਨਹੀਂ ਹੁੰਦਾ। ਇਸ ਕਥਨ ਦਾ ਪ੍ਰਸ਼ਨ ਅਕਾਰ ਇੰਜ ਹੈ : "ਕਿ ਬੱਚਿਆਂ ਨੂੰ ਨਿਯਮਿਤ ਪੜ੍ਹਾਈ ਰਾਹੀਂ ਪੜ੍ਹਾਉਣਾ ਉਹਨਾਂ ਦੀ ਟੈਸਟ ਦੀ ਚਿੰਤਾ ਨੂੰ ਘੱਟ ਕਰੇ ਗਾ ?

ਖੋਜ ਵਿਚ ਇਕ ਨਵੇਂ ਖੋਜਾਰਥੀ ਲਈ ਪਰਿਕਲਪਨਾ ਨੂੰ ਪ੍ਰਸ਼ਨ ਆਕਾਰ ਵਿਚ ਦੱਸਣਾ ਆਸਾਨ ਹੁੰਦਾ ਹੈ। ਉਸ ਲਈ ਸਾਰੇ ਪ੍ਰਸ਼ਨਾਂ ਨੂੰ ਲਿਖ ਦੇਣਾ ਆਸਾਨ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਦਾ ਉਹ ਆਪਣੇ ਅਧਿਐਨ ਵਿਚ ਜੁਆਬ ਦੇਣਾ ਚਾਹੁੰਦਾ ਹੈ। ਦੂਜੇ ਪਾਸੇ ਆਮ ਕਰਕੇ ਆਪਣੇ ਅਧਿਐਨ ਦੇ ਸਿੱਟੇ ਬਾਰੇ ਭਵਿੱਖਬਾਣੀ ਕਰਨ ਵਿਚ ਕੁਝ ਮੁਸ਼ਕਿਲ ਮਹਿਸੂਸ ਕਰਦਾ ਹੈ, ਜਦੋਂ ਉਹ ਪਰਿਕਲਪਨਾ ਨੂੰ ਘੋਸ਼ਿਤ ਆਕਾਰ ਵਿਚ ਦੱਸਦਾ ਹੈ। ਪਰੰਤੂ ਖੋਜਾਰਥੀ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸ਼ੁੱਧ ਜਾਣਕਾਰੀ ਦੀ ਪ੍ਰਾਪਤੀ ਲਈ ਪ੍ਰਸ਼ਨ ਅਕਾਰ, ਪਰਿਕਲਪਨਾ ਨਾਲੋਂ ਘੋਸ਼ਿਤ ਜਾਂ ਨੱਲ ਆਕਾਰ ਪਰਿਕਲਪਨਾ ਇਕ ਯੰਤਰ ਦੇ ਤੌਰ ਤੇ ਘੱਟ ਸ਼ਕਤੀਸ਼ਾਲੀ ਹੁੰਦੀ ਹੈ।

## 3.5 ਪਰਿਕਲਪਨਾ ਦੇ ਸੋਮੇ ਜਾਂ ਸਾਧਨ (Sources of Hypothesis)

**ਗੁੱਡ ਐਂਡ ਹੈਟ** ਨੇ ਆਪਣੀ ਕਿਤਾਬ 'ਮੈਥਡਜ਼ ਇਨ ਸੋਸ਼ਲ ਰਿਸਰਚ' ਵਿਚ ਪਰਿਕਲਪਨਾ ਦੇ ਹੇਠ ਲਿਖੇ ਸੋਮੇ ਦੱਸੇ ਹਨ :

### 3.5.1 ਸੰਸਕ੍ਰਿਤੀਆਂ ਦਾ ਅਧਿਐਨ (Study of Cultures)

ਸੰਸਕ੍ਰਿਤੀ ਦਾ ਲੋਕਾਂ ਦੀ ਵਿਚਾਰਧਾਰਾ ਤੇ ਬਹੁਤ ਪ੍ਰਭਾਵ ਹੁੰਦਾ ਹੈ ਕਿਉਂਕਿ ਖੋਜਾਰਥੀ ਨੇ ਜਿਸ ਸਭਿਆਚਾਰ ਵਿਚ ਵੀ ਕੋਈ ਖੋਜ ਕਰਨੀ ਹੁੰਦੀ ਹੈ ਉਸ ਨੂੰ ਉਸਦੀ ਸੰਸਕ੍ਰਿਤੀ ਦਾ ਅਧਿਐਨ ਕਰਨਾ ਜ਼ਰੂਰੀ ਹੈ। ਸਭਿਆਚਾਰ ਹਜ਼ਾਰਾਂ ਵਰ੍ਹਿਆਂ ਦੇ ਇਕੱਠੇ ਕੀਤੇ ਸਰਵਉੱਤਮ ਗਿਆਨ ਦਾ ਪ੍ਰਤਿਬਿੰਬ ਹੁੰਦਾ ਹੈ। ਇਸ ਵਿਚ ਮਨੁੱਖੀ ਰਹਿਣ ਸਹਿਣ ਦੇ ਢੰਗ, ਤੌਰ ਤਰੀਕੇ, ਰਸਮ ਰਿਵਾਜ, ਕਦਰਾਂ-ਕੀਮਤਾਂ ਅਤੇ ਲੋਕਾਂ ਦੇ ਸੋਚਣ ਦੇ ਢੰਗ ਆਦਿ ਸ਼ਾਮਿਲ ਹੁੰਦੇ ਹਨ। ਇਸ ਲਈ ਪਰਿਕਲਪਨਾ ਬਣਾਉਂਦੇ ਹੋਏ ਖੋਜਾਰਥੀ ਨੂੰ

ਉਥੋਂ ਦੇ ਲੋਕਾਂ ਦੀ ਵਿਚਾਰਧਾਰਾ ਤੇ ਉਸਦਾ ਤੱਥਾਂ ਬਾਰੇ ਨਜ਼ਰੀਆ ਸਹਾਇਤਾ ਦਿੰਦਾ ਹੈ ਅਤੇ ਸੇਧ ਦਿੰਦਾ ਹੈ। ਜਿਸ ਨਾਲ ਖੋਜਾਰਥੀ ਨਿਰਧਾਰਿਤ ਟੀਚੇ ਤੇ ਪਹੁੰਚ ਸਕੇ।

### 3.5.2 ਵਿਗਿਆਨਕ ਸਿਧਾਂਤ (Scientific Theory)

ਜਿਵੇਂ ਕਿ ਪਹਿਲਾਂ ਵੀ ਵਰਣਨ ਕਰ ਚੁੱਕੇ ਹਾਂ ਕਿ ਥਿਊਰੀ ਸਾਨੂੰ ਪਰਿਕਲਪਨਾ ਦੇ ਰੂਪ ਵਿਚ ਮੂਲ ਵਿਚਾਰ ਦਿੰਦੀ ਹੈ। ਇਹ ਤੱਥਾਂ ਦਾ ਆਪਸੀ ਸਬੰਧ ਦਰਸਾਉਂਦੀ ਹੈ। ਇਨ੍ਹਾਂ ਤੱਥਾਂ ਨੂੰ ਅਸੀਂ ਪਰਖਣਾ ਹੁੰਦਾ ਹੈ। ਇਨ੍ਹਾਂ ਸਿਧਾਂਤਾਂ ਦੀ ਜਾਣਕਾਰੀ ਹੀ ਸਾਨੂੰ ਹੋਰ ਸਾਧਾਰਣ ਸਿਧਾਂਤਾਂ ਅਤੇ ਉਪ-ਸਿਧਾਂਤਾਂ ਤਕ ਪਹੁੰਚਾਉਂਦੀ ਹੈ। ਇਹ ਸਾਧਾਰਣ ਸਿਧਾਂਤ ਤੇ ਉਪ-ਸਿਧਾਂਤ ਹੀ ਪਰਿਕਲਪਨਾਵਾਂ ਦਾ ਹਿੱਸਾ ਬਣਦੇ ਹਨ।

### 3.5.3 ਸਮਰੂਪਤਾ (Analogies)

ਕਈ ਵਾਰ ਪਰਿਕਲਪਨਾ ਕਿਸੇ ਮਿਲਦੇ ਜੁਲਦੇ ਤੱਥਾਂ ਦੇ ਆਧਾਰ ਤੇ ਹੀ ਬਣਾਈ ਜਾਂਦੀ ਹੈ ਜਾਂ ਫਿਰ ਦੋ ਘਟਨਾਵਾਂ ਦੇ ਇਕ ਰੂਪ ਹੋਣ ਨੂੰ ਸਿੱਧ ਕਰਨ ਲਈ ਵੀ ਅਸੀਂ ਜਿਸ ਪਰਿਕਲਪਨਾ ਦਾ ਪ੍ਰਯੋਗ ਕਰਦੇ ਹਾਂ ਉਹ ਕਿਸੇ ਇਕ ਘਟਨਾ ਦੇ ਆਧਾਰ ਤੇ ਬਣਾਈ ਹੋਈ ਹੁੰਦੀ ਹੈ।

### 3.5.4 ਨਿੱਜੀ ਤਜ਼ਰਬਾ (Personal Experience)

ਪਰਿਕਲਪਨਾ ਹਮੇਸ਼ਾਂ ਸਭਿਆਚਾਰ, ਵਿਗਿਆਨਕ ਸਿਧਾਂਤਾਂ ਜਾਂ ਸਮਰੂਪਤਾ ਤੇ ਹੀ ਨਿਰਭਰ ਨਹੀਂ ਹੁੰਦੀ ਸਗੋਂ ਉਹ ਖੋਜਾਰਥੀ ਦੀ ਆਪਣੀ ਸੂਝ ਅਤੇ ਤਜ਼ਰਬੇ ਤੇ ਵੀ ਆਧਾਰਤ ਹੁੰਦੀ ਹੈ। ਹਰੇਕ ਵਿਅਕਤੀ ਦਾ ਨਜ਼ਰੀਆ ਵੱਖਰਾ ਵੱਖਰਾ ਹੁੰਦਾ ਹੈ ਤੇ ਉਹ ਹਰ ਚੀਜ਼ ਨੂੰ ਵੱਖਰੇ ਤਰੀਕੇ ਨਾਲ ਢੰਗ ਨਾਲ ਦੇਖਦਾ ਤੇ ਪਰਖਦਾ ਹੈ।

## 3.6 ਪਰਿਕਲਪਨਾ ਦੀਆਂ ਵਿਸ਼ੇਸ਼ਤਾਈਆਂ :

ਕਿਸੇ ਵੀ ਅਮਲ ਯੋਗ ਪਰਿਕਲਪਨਾ ਦੀਆਂ ਮੁੱਖ ਵਿਸ਼ੇਸ਼ਤਾਈਆਂ ਇਹ ਹੋ ਸਕਦੀਆਂ ਹਨ :

### 3.6.1 ਨਿਸ਼ਚਿਤ ਤੇ ਸਾਧਾਰਣ (Specific & Simple)

ਕਿਸੇ ਵੀ ਪਰਿਕਲਪਨਾ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਅਸਪਸ਼ਟ ਤੇ ਅਸੀਮਤ ਨਹੀਂ ਹੋਣੀ ਚਾਹੀਦੀ ਹੈ। ਭਾਵ ਇਸ ਵਿਚ ਦੋ ਪਰਿਵਰਤਨਸ਼ੀਲ ਤੱਥਾਂ ਦਾ ਆਪਸੀ ਕਾਰਕ ਸਬੰਧ ਸਪਸ਼ਟ ਹੋਣਾ ਚਾਹੀਦਾ ਹੈ। ਦੂਜੇ, ਉਹ ਸੀਮਤ ਤੇ ਸਿਧੇ ਤੌਰ ਤੇ ਖੋਜ ਆਧਾਰਿਤ ਹੋਣੀ ਚਾਹੀਦੀ ਹੈ।

### 3.6.2 ਸੰਕਲਪ ਸਬੰਧੀ ਸਪਸ਼ਟਤਾ (Conceptual Clarity)

ਪਰਿਕਲਪਨਾ ਉਚਿਤ ਢੰਗ ਨਾਲ ਪ੍ਰਗਟ ਹੋਣੀ ਚਾਹੀਦੀ ਹੈ। ਕਈ ਵਾਰ ਸਾਡੇ ਦਿਮਾਗ ਵਿਚ ਵਿਚਾਰ ਬਹੁਤ ਸਪਸ਼ਟ ਹੁੰਦੇ ਹਨ ਪਰ ਲਿਖਣ ਸਮੇਂ ਉਨ੍ਹਾਂ ਨੂੰ ਸਹੀ ਸ਼ਬਦਾਂ ਵਿਚ ਨਹੀਂ ਪ੍ਰਗਟਾਇਆ ਜਾ ਸਕਦਾ ਜਾਂ ਫਿਰ ਲਿਖਣ ਸਮੇਂ ਉਨ੍ਹਾਂ ਦੇ ਅਰਥ ਬਦਲ ਜਾਂਦੇ ਹਨ। ਇਸ ਲਈ ਜਿਸ ਤੱਥ ਦੀ ਵੀ ਖੋਜ ਕਰਨੀ ਹੋਵੇ ਉਸ ਸਬੰਧੀ ਖੋਜਾਰਥੀ ਨੂੰ ਪੂਰੀ ਸੂਝ ਅਤੇ ਸਪਸ਼ਟਤਾ ਹੋਣੀ ਚਾਹੀਦੀ ਹੈ ਅਤੇ ਉਸ ਦੇ ਆਧਾਰ ਤੇ ਹੀ ਪਰਿਕਲਪਨਾ ਬਣਾਉਣੀ ਚਾਹੀਦੀ ਹੈ। ਉਨ੍ਹਾਂ ਤੱਥਾਂ ਦੇ ਅਰਥ ਸਾਫ ਸ਼ਬਦਾਂ ਵਿਚ ਜ਼ਾਹਰ ਕਰਨੇ ਚਾਹੀਦੇ ਹਨ।

### 3.6.3 ਉਪਲਬੱਧ ਤਕਨੀਕ ਨਾਲ ਸਬੰਧਤ (Related to Available Technique)

ਕਿਸੇ ਵੀ ਪਰਿਕਲਪਨਾ ਨੂੰ ਬਣਾਉਣ ਸਮੇਂ ਇਹ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਉਹ ਜਾਂਚ, ਪੜਤਾਲ ਜਾਂ ਛਾਣਬੀਣ ਦੇ ਯੋਗ ਹੋਵੇ। ਜਿਸ ਦੇ ਲਈ ਉਹ ਵਿਗਿਆਨਕ ਅਧਿਐਨ ਦੀਆਂ ਵੱਖਰੀਆਂ ਵੱਖਰੀਆਂ ਤਕਨੀਕਾਂ ਵਿਚੋਂ ਕਿਸੇ ਇਕ ਨਾਲ ਸਬੰਧਿਤ ਹੋਵੇ ਤਾਂ ਕਿ ਉਸਦਾ ਅਧਿਐਨ ਉਸ ਤਕਨੀਕ ਨਾਲ ਹੋ ਸਕੇ।

### 3.6.4 ਸਿਧਾਂਤਕ ਢਾਂਚੇ ਨਾਲ ਸਬੰਧਿਤ (Related of Body of Theory)

ਪਰਿਕਲਪਨਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਪਹਿਲਾਂ ਤੋਂ ਹੀ ਪ੍ਰਚਲਿਤ ਸਿਧਾਂਤਾਂ ਨਾਲ ਜੁੜੀ ਹੋਵੇ ਜਾਂ ਇਹ ਕਹਿ ਲਵੋ ਕਿ ਉਹ ਪੂਰਵ ਖੋਜ ਤੇ ਹੀ ਆਧਾਰਿਤ ਹੋਵੇ ਤੇ ਉਸ ਨੂੰ ਹੀ ਜਾਰੀ ਰੱਖਦੀ ਜਾਂ ਕਾਇਮ ਰੱਖਦੀ ਹੋਵੇ।

### 3.6.5 ਪ੍ਰਯੋਗਾਤਮਕ ਜਾਂਚ ਦੇ ਯੋਗ (Capable of Empirical Test)

ਹਰ ਇਕ ਪਰਿਕਲਪਨਾ ਦਾ ਇਕ ਗੁਣ ਇਹ ਵੀ ਹੈ ਕਿ ਉਹ ਵਿਗਿਆਨਕ ਢੰਗ ਨਾਲ ਜਾਂਚ ਦੇ ਸਮਰੱਥ ਹੋਵੇ ਤਾਂ ਕਿ ਤੱਥ ਦੀ ਪ੍ਰਯੋਗਾਤਮਕ ਛਾਣਬੀਣ ਕੀਤੀ ਜਾ ਸਕੇ। ਇਹ ਸਿਰਫ ਨਿੱਜੀ ਅਨੁਮਾਨ ਜਾਂ ਕਥਨ ਤੇ ਆਧਾਰਿਤ ਨਹੀਂ ਹੋਣੀ ਚਾਹੀਦੀ ਇਹ ਤੱਥਾਂ ਦੀ ਪੁਸ਼ਟੀ ਕਰ ਸਕਦੀ ਹੋਵੇ।

**ਆਪਣਾ ਗਿਆਨ ਪਰਖੋ:**

(ੳ) ਪਰਿਕਲਪਨਾ ਤੋਂ ਕੀ ਭਾਵ ਹੈ?

.....................................................................................................

.....................................................................................................

.....................................................................................................

(ਅ) ਪਰਿਕਲਪਨਾ ਬਣਾਉਣ ਲਈ ਕਿਹੜੇ ਹਾਲਾਤ ਲਾਹੇਬੰਦ ਹਨ?

.....................................................................................................

.....................................................................................................

.....................................................................................................

(ੲ) ਪਰਿਕਲਪਨਾ ਦੀਆਂ ਕਿਸਮਾਂ ਦੇ ਨਾਂ ਦੱਸੋ।

.....................................................................................................

.....................................................................................................

.....................................................................................................

### 3.7 ਪਰਿਕਲਪਨਾ ਦੇ ਕਾਰਜ (Functions of the Hypothesis)

ਕਿਸੇ ਵੀ ਵਿਗਿਆਨਕ ਅਧਿਐਨ ਦੇ ਲਈ ਪਰਿਕਲਪਨਾ ਦੀ ਹੋਂਦ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਇਹ ਤਾਂ ਉਸ ਖੋਜ ਦਾ ਨੀਂਹ ਪੱਥਰ ਹੈ ਜਿਸਦੇ ਆਧਾਰ ਤੇ ਅਸੀਂ ਵਿਗਿਆਨਕ ਅਧਿਐਨ ਦੀ ਉਸਾਰੀ ਕਰਦੇ ਹਾਂ। ਜੇਕਰ ਖੋਜਾਰਥੀ ਨੂੰ ਤੱਥਾਂ ਦੀ ਪੂਰੀ ਸੂਝ ਹੋਵੇ ਤੇ ਉਸ ਦੁਆਰਾ ਬਣਾਈ ਪਰਿਕਲਪਨਾ ਸਪਸ਼ਟ, ਸਾਧਾਰਨ ਅਤੇ ਵਿਗਿਆਨਕ ਹੋਵੇ ਤਾਂ ਖੋਜ ਦਾ ਤਕਰੀਬਨ ਅੱਧਾ ਕੰਮ ਖਤਮ ਹੋ ਜਾਂਦਾ ਹੈ। ਪਰਿਕਲਪਨਾਂ ਤੋਂ ਬਗੈਰ ਖੋਜ ਕਰਨ ਵਿਚ ਬਹੁਤ ਸਾਰਾ ਸਮਾਂ ਅਤੇ ਮਿਹਨਤ ਵਿਅਰਥ ਜਾਂਦੀ ਹੈ। ਪਰਿਕਲਪਨਾਂ ਖੋਜਾਰਥੀ ਲਈ ਕਈ ਤਰੀਕਿਆਂ ਨਾਲ ਉਪਯੋਗੀ ਹੋ ਸਕਦੀ ਹੈ।

### 3.7.1 ਪਰਿਕਲਪਨਾ ਖੋਜ ਦੇ ਕੰਮ ਨੂੰ ਸਪਸ਼ਟ ਕਰਦੀ ਹੈ ਤੇ ਇਸ ਦਾ ਬਿੰਦੂ ਕੇਂਦਰ ਨਿਰਧਾਰਤ ਕਰਦੀ ਹੈ :

ਹਰ ਪਰਿਕਲਪਨਾ ਦਾ ਇਕ ਕਾਰਜ ਹੁੰਦਾ ਹੈ ਕਿ ਉਹ ਖੋਜ ਦਾ ਖਿਲਾਰਾ ਪਾਉਣ ਦੀ ਬਜਾਏ ਉਸਨੂੰ ਸੀਮਤ ਰੱਖੇ ਅਤੇ ਤੱਥਾਂ ਦੀ ਛਾਨਬੀਣ ਤੇ ਆਪਣਾ ਕੇਦਰ ਨਿਰਧਾਰਿਤ ਕਰੇ। ਇਸ ਨਾਲ ਖੋਜ ਦੀ ਵਿਧੀ ਵਿਚ ਸਪਸ਼ਟਤਾ ਆਉਂਦੀ ਹੈ ਕਿਉਂਕਿ ਖੋਜਾਰਥੀ ਨੇ ਇਕ ਖਾਸ ਮੁੱਦੇ ਤੇ ਹੀ ਖੋਜ ਕਰਨੀ ਹੁੰਦੀ ਹੈ। ਜੇ ਪਰਿਕਲਪਨਾ ਦੀ ਮਦਦ ਨਾ ਲਈ ਜਾਵੇ ਤਾਂ ਖੋਜਾਰਥੀ ਵਿਸ਼ੇ ਤੋਂ ਭਟਕ ਸਕਦਾ ਹੈ।

### 3.7.2 ਪਰਿਕਲਪਨਾ ਖੋਜ ਨੂੰ ਸੇਧ ਦਿੰਦੀ ਹੈ :

ਕਿਸੇ ਵੀ ਪ੍ਰਚਲਤ ਵਿਗਿਆਨਕ ਸਿਧਾਂਤ ਦੇ ਆਧਾਰ ਤੇ ਬਣਾਈ ਗਈ ਪਰਿਕਲਪਨਾ ਤੱਥਾਂ ਦੀ ਖੋਜ ਲਈ ਸੇਧ ਦਿੰਦੀ ਹੈ ਕਿਉਂਕਿ ਖੋਜ ਕਿਸੇ ਵਿਗਿਆਨਕ ਸਿਧਾਂਤ ਨੂੰ ਮੱਦੇ ਨਜ਼ਰ ਰੱਖ ਕੇ ਕੀਤੀ ਜਾਂਦੀ ਹੈ ਤੇ ਪਰਿਕਲਪਨਾਵਾਂ ਵੀ ਉਸੇ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਹਨ ਜੋ ਉਸ ਕੰਮ ਲਈ ਸੇਧ ਦਿੰਦੀਆਂ ਹਨ ਕਿਉਂਕਿ ਵਿਗਿਆਨ ਦਾ ਕੰਮ ਹੀ ਗਿਆਨ ਨੂੰ ਵਧਾਉਣਾ ਹੈ ਇਸੇ ਲਈ ਅਸੀਂ ਪਿਛੇ

ਕੀਤੀ ਗਈ ਖੋਜ ਨੂੰ ਆਧਾਰ ਮੰਨ ਕੇ ਨਵੀਆਂ ਪਰਿਕਲਪਨਾਵਾਂ ਬਣਾ ਕੇ ਖੋਜ ਅੱਗੇ ਵਧਾਉਂਦੇ ਹਾਂ। ਇਹ ਹੀ ਵਿਗਿਆਨਕ ਸਿਧਾਂਤ ਨੂੰ ਅੱਗੇ ਲੜੀਬੱਧ ਕਰਨ ਦਾ ਤਰੀਕਾ ਹੈ। ਜਿਵੇਂ ਕੋਈ ਖੋਜਾਰਥੀ ਵਰਗ ਸੰਘਰਸ਼ ਦੇ ਆਧਾਰ ਤੇ ਪਰਿਕਲਪਨਾ ਬਣਾਉਂਦਾ ਹੈ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸ ਦੀ ਸੇਧ ਕੀ ਹੈ ਤੇ ਖੋਜ ਦੇ ਕੀ ਸਿੱਟੇ ਹੋ ਸਕਦੇ ਹਨ?

### 3.7.3 ਇਹ ਢੁੱਕਵੇਂ ਜਾਂ ਸਬੰਧਿਤ ਤੱਥਾਂ ਦੀ ਚੋਣ ਵਿਚ ਸਹਾਇਤਾ ਕਰਦੀ ਹੈ :

ਜਦੋਂ ਕੋਈ ਖੋਜਾਰਥੀ ਕਿਸੇ ਵੀ ਵਿਗਿਆਨਕ ਖੇਤਰ ਵਿਚ ਖੋਜ ਕਰਦਾ ਹੈ ਤਾਂ ਉਸ ਖੇਤਰ ਨਾਲ ਸਬੰਧਿਤ ਯਥਾਰਥ (reality) ਵਿਚ ਬਹੁਤ ਸਾਰੇ ਤੱਥ ਨਜ਼ਰ ਆਉਂਦੇ ਹਨ ਜਿਨ੍ਹਾਂ ਨੂੰ ਇਕੋ ਸਮੇਂ ਸਮਝਣਾ ਤੇ ਖੋਜਣਾ ਖੋਜਾਰਥੀ ਲਈ ਸੰਭਵ ਨਹੀਂ ਹੁੰਦਾ। ਇਸੇ ਲਈ ਪਰਿਕਲਪਨਾ ਉਨ੍ਹਾਂ ਹੀ ਤੱਥਾਂ ਵਲ ਸੰਕੇਤ ਕਰਦੀ ਹੈ ਜੋ ਉਸ ਵਿਸ਼ੇ ਨੂੰ ਸਮਝਣ ਲਈ ਨਿਹਾਇਤ ਜ਼ਰੂਰੀ ਹੁੰਦੇ ਹਨ। ਜੇ ਪਰਿਕਲਪਨਾ ਨਾ ਬਣਾਈ ਜਾਵੇ ਤਾਂ ਲੋੜੀਂਦੇ ਤੱਥ ਅੱਖੋਂ ਉਹਲੇ ਹੋ ਸਕਦੇ ਹਨ ਅਤੇ ਖੋਜਾਰਥੀ ਤੱਥਾਂ ਦੀ ਭਰਮਾਰ ਵਿਚ ਗੁਆਚ ਸਕਦਾ ਹੈ।

### 3.7.4 ਪਰਿਕਲਪਨਾ ਖੋਜ ਦੇ ਖਾਸ ਨਤੀਜੇ ਤੇ ਪਹੁੰਚਣ ਵਿਚ ਸਹਾਈ ਹੁੰਦੀ ਹੈ :

ਸਪਸ਼ਟ, ਸੀਮਤ ਤੇ ਵਿਗਿਆਨਕ ਪਰਿਕਲਪਨਾ ਦਾ ਇਹ ਵੀ ਕਾਰਜ ਹੈ ਕਿ ਖੋਜਾਰਥੀ ਨੂੰ ਖੋਜ ਦੇ ਸਿੱਟਿਆਂ ਤੋਂ ਜਾਣੂ ਕਰਵਾਉਂਦੀ ਹੈ। ਜੇਕਰ ਖੋਜਾਰਥੀ ਧਰਮ ਅਤੇ ਆਰਥਿਕ ਵਿਕਾਸ ਦੀ ਪਰਿਕਲਪਨਾ ਲੈ ਕੇ ਖੋਜ ਕਰਦਾ ਹੈ ਤਾਂ ਇਹ ਉਸ ਨੂੰ ਆਰਥਿਕ ਵਿਕਾਸ ਵਿਚ ਧਰਮ ਦਾ ਜੋ ਰੋਲ ਹੈ ਉਸ ਦੇ ਨਤੀਜੇ ਸਾਹਮਣੇ ਰੱਖਦਾ ਹੈ।

## 3.8 ਪਰਿਕਲਪਨਾ ਦੇ ਲਾਭ

ਪਰਿਕਲਪਨਾ ਦੇ ਬਹੁਤ ਲਾਭ ਹਨ। ਇਹ ਖੋਜ ਲਈ ਕੇਵਲ ਲਾਹੇਵੰਦ ਹੀ ਨਹੀਂ ਸਗੋਂ ਜ਼ਰੂਰੀ ਹੈ। ਇਸ ਤੋਂ ਬਿਨਾਂ ਖੋਜ ਮੁਸ਼ਕਿਲ ਹੈ। ਇਸ ਦੇ ਹੇਠ ਲਿਖੇ ਲਾਭ ਹਨ :

### 3.8.1 ਪਰਿਕਲਪਨਾ ਖੋਜ ਦਾ ਪ੍ਰੇਰਕ ਹੈ

**(Hypothesis is a stimulus to reserch)**

ਜਦੋਂ ਤਕ ਖੋਜ ਦੇ ਕੰਮ ਵਿਚ ਪਰਿਕਲਪਨਾ ਨਹੀਂ ਬਣਾਈ ਜਾਂਦੀ ਉਦੋਂ ਤਕ ਇਕ ਕਿਸਮ ਦੀ ਸੁਸਤੀ, ਢਿੱਲ ਅਤੇ ਅਕੇਵਾਂ ਜਿਹਾ ਬਣਿਆ ਰਹਿੰਦਾ ਹੈ ਅਤੇ ਖੋਜ ਦਾ ਕੰਮ ਅੱਗੇ ਨਹੀਂ ਤੁਰਦਾ। ਜਦੋਂ ਹੀ ਪਰਿਕਲਪਨਾ ਹੋਂਦ ਵਿਚ ਆਉਂਦੀ ਹੈ ਖੋਜਾਰਥੀ ਨੂੰ ਉਕਸਾਹਟ ਜਿਹੀ ਪ੍ਰਾਪਤ ਹੁੰਦੀ ਹੈ। ਨਵੀਆਂ ਪਰਿਕਲਪਨਾਵਾਂ ਨਵੀਆਂ ਖੋਜਾਂ ਨੂੰ ਜਨਮ ਦਿੰਦੀਆਂ ਹਨ।

### 3.8.2 ਪਰਿਕਲਪਨਾ ਇੱਕ ਵਿਆਖਿਆ ਹੈ

**(Hypothesis is an explanation)**

ਜਦੋਂ ਤੱਕ ਕਿਸੇ ਸਮੱਸਿਆ ਦੀ ਪਰਿਕਲਪਨਾ ਨਹੀਂ ਬਣਦੀ ਉਦੋਂ ਤਕ ਸਮੱਸਿਆ ਦੇ ਭਿੰਨ ਭਿੰਨ ਅੰਗਾਂ ਦੇ ਸਬੰਧਾਂ ਦਾ ਸਰੂਪ ਠੀਕ ਤਰ੍ਹਾਂ ਨਾਲ ਪਤਾ ਨਹੀਂ ਲੱਗਦਾ। ਅਗਿਆਤ ਕਾਰਕਾਂ, (factors), ਤੱਤਾਂ, (elements), ਚਰਾਂ (variables) ਆਦਿ ਦੇ ਪਰਸਪਰ ਸਬੰਧਾਂ ਬਾਰੇ ਪਰਿਕਲਪਨਾ ਬੜੀ ਵਿਸਤ੍ਰਿਤ ਤੇ ਸਪਸ਼ਟ ਵਿਆਖਿਆ ਪੇਸ਼ ਕਰਦੀ ਹੈ।

### 3.8.3 ਪਰਿਕਲਪਨਾ ਪੱਧਤੀ ਵਿਕਾਸ ਵਿਚ ਸਹਾਇਤਾ ਕਰਦੀ ਹੈ

**(Hypothesis is a source of methodology)**

ਕਦੇ ਕਦੇ ਪਰਿਕਲਪਨਾ ਦਾ ਸਰੂਪ ਅਜਿਹਾ ਹੁੰਦਾ ਹੈ ਕਿ ਉਸ ਲਈ ਖੋਜ ਦੇ ਪੁਰਾਣੇ ਢੰਗ ਵਰਤੋਂ ਵਿਚ ਨਹੀਂ ਲਿਆਂਦੇ ਜਾ ਸਕਦੇ, ਨਵੀਆਂ ਪੱਧਤੀਆਂ ਲੱਭਣੀਆਂ ਘੜਨੀਆਂ ਪੈਂਦੀਆਂ ਹਨ। ਇਸ ਤਰ੍ਹਾਂ ਨਵੀਆਂ ਪੱਧਤੀਆਂ ਹੋਂਦ ਵਿਚ ਆਉਂਦੀਆਂ ਹਨ। ਮਾਨਵੀ ਵਿਸ਼ਿਆਂ ਦੀਆਂ ਪਰਿਕਲਪਨਾਵਾਂ ਭੌਤਿਕ ਵਿਗਿਆਨਾਂ ਦੀਆਂ ਪਰਿਕਲਪਨਾਵਾਂ ਤੋਂ ਭਿੰਨ ਕਿਸਮ ਦੀਆਂ ਹੁੰਦੀਆਂ ਹਨ, ਉਨ੍ਹਾਂ ਵਿਚ ਭੌਤਿਕ ਵਿਗਿਆਨ ਦੀਆਂ ਖੋਜ ਵਿਧੀਆਂ ਲਾਹੇਵੰਦ ਸਿੱਧ ਨਹੀਂ ਹੁੰਦੀਆਂ। ਇਸ ਲਈ ਇਨ੍ਹਾਂ ਵਿਸ਼ਿਆਂ ਨਾਲ ਸਬੰਧਿਤ ਖੋਜ ਲਈ ਨਵੀਆਂ ਵਿਧੀਆਂ ਲੱਭੀਆਂ ਗਈਆਂ ਹਨ ਜਿਵੇਂ ਕੇਸ-ਹਿਸਟਰੀ (case-history) ਜਾਂ ਪਰੇਖਣ ਤਕਨੀਕਾਂ (Projective technique) ਆਦਿ। ਇਨ੍ਹਾਂ ਨਵੀਆਂ ਵਿਧੀਆਂ ਤੇ ਪੱਧਤੀਆਂ ਲਈ ਪਰਿਕਲਪਨਾਵਾਂ

ਹੀ ਜ਼ਿੰਮੇਵਾਰ ਹਨ।

### 3.8.4 ਪਰਿਕਲਪਨਾ ਸੰਗਠਨਾਤਮਕ ਸਿਧਾਂਤ ਹੈ

**(Hypothesis is an organising principle)**

ਪਰਿਕਲਪਨਾ ਇਕ ਘਟਨਾ ਨਾਲ ਸਬੰਧਿਤ ਅੱਡ ਅੱਡ ਤੱਥਾਂ ਨੂੰ ਇਕ ਧਾਗੇ ਵਿਚ ਸੰਗਠਤ ਕਰਦੀ ਹੈ। ਅੱਡ ਖੋਜਾਂ ਰਾਹੀਂ ਇਕ ਘਟਨਾ ਦੇ ਸਬੰਧ ਵਿਚ ਅੱਡ ਅੱਡ ਤੱਥਾਂ ਦਾ ਪਤਾ ਲਗਾਇਆ ਜਾਂਦਾ ਹੈ। ਨਵੀਆਂ ਪਰਿਕਲਪਨਾਵਾਂ ਰਾਹੀਂ ਇਸ ਤਰ੍ਹਾਂ ਦੇ ਅਸੰਗਠਤ ਗਿਆਨ ਨੂੰ ਇਕ ਸੰਗਠਤ ਰੂਪ ਦਿੱਤਾ ਜਾਂਦਾ ਹੈ ਅਤੇ ਅਜਿਹਾ ਕਰਨ ਨਾਲ ਨਵੇਂ ਸਿਧਾਂਤ ਦੀ ਰਚਨਾ ਵਿਚ ਸਹਾਇਤਾ ਮਿਲਦੀ ਹੈ।

### 3.8.5 ਪਰਿਕਲਪਨਾ ਸਮੱਸਿਆ ਦੇ ਖੇਤਰ ਨੂੰ ਸੀਮਾਬੱਧ ਕਰਦੀ ਹੈ

**(Hypothesis narrows down area of research)**

ਪਰਿਕਲਪਨਾ ਦੀ ਰਚਨਾ ਨਾਲ ਖੋਜ ਦਾ ਖੇਤਰ ਸੁਨਿਸ਼ਚਿਤ ਤੇ ਸੀਮਾਬੱਧ ਹੋ ਜਾਂਦਾ ਹੈ। ਇਸ ਲਈ ਖੋਜਾਰਥੀ ਨੂੰ ਸਹੂਲਤ ਰਹਿੰਦੀ ਹੈ ਕਿ ਉਹ ਇਧਰ ਉਧਰ ਨਹੀਂ ਭਟਕਦਾ।

### 3.8.6 ਪਰਿਕਲਪਨਾ ਜ਼ਰੂਰੀ ਸਮੱਗਰੀ ਇਕੱਠੀ ਕਰਨ ਵਿਚ ਸਹਾਇਤਾ ਕਰਦੀ ਹੈ

**(Hypothesis helps in the collection of relevant data)**

ਪਰਿਕਲਪਣਾ ਕੇਵਲ ਅਧਿਐਨ ਦੇ ਖੇਤਰ ਨੂੰ ਸੀਮਾਬੱਧ ਨਹੀਂ ਕਰਦੀ ਸਗੋਂ ਖੋਜ ਨਾਲ ਸਬੰਧਿਤ ਤਰਕ-ਸੰਗਤ ਦੱਤ ਸਮੱਗਰੀ ਨੂੰ ਇੱਠਾ ਕਰਨ ਵਿਚ ਸਹਾਇਤਾ ਕਰਦੀ ਹੈ ਤੇ ਸਹੀ ਦਿਸ਼ਾ ਵਿਚ ਜਾਣ ਦਾ ਸੰਕੇਤ ਕਰਦੀ ਹੈ।

### 3.8.7 ਪਰਿਕਲਪਨਾ ਚਰਾਂ ਦੇ ਪਰਸਪਰ ਸਬੰਧਾਂ ਬਾਰੇ ਦੱਸਦੀ ਹੈ

**(Hypothesis tells about the relationship between variables)**

ਪਰਿਕਲਪਨਾ ਦੀ ਰਚਨਾ ਕੇਵਲ ਇਹੋ ਹੀ ਨਹੀਂ ਦਸਦੀ ਕਿ ਖੋਜ ਨਾਲ ਸਬੰਧਿਤ ਕਿਹੜੇ ਚਰ ਹਨ ਸਗੋਂ ਇਹ ਵੀ ਦੱਸਦੀ ਹੈ ਕਿ ਭਿੰਨ ਭਿੰਨ ਚਰਾਂ ਦਾ ਪਰਸਪਰ ਕੀ ਸਬੰਧ ਹੈ ? ਅਜਿਹੇ ਸਬੰਧਾਂ ਦੀ ਜਾਣਕਾਰੀ ਨਵੇ ਸਿਧਾਂਤਾਂ ਦੀ ਰਚਨਾ ਵਿਚ ਸਹਾਇਤਾ ਕਰਦੀ ਹੈ।

### 3.8.8 ਪਰਿਕਲਪਨਾ ਵਿਗਿਆਨਕ ਸਿੱਟਿਆਂ ਤੇ ਤੱਥਾਂ ਦੀ ਰਚਨਾ ਵਿਚ ਸਹਾਇਤਾ ਕਰਦੀ ਹੈ

**(Hypothesis help in contruction of scientific fact and the theories)**

ਜਦੋਂ ਪਰਿਕਲਪਨਾ ਸਵੀਕ੍ਰਿਤ ਜਾਂ ਅਸਵੀਕ੍ਰਿਤ ਹੋ ਜਾਂਦੀ ਹੈ ਤਾਂ ਨਵੇਂ, ਹੁਣ ਤਕ ਅਗਿਆਤ ਵਿਗਿਆਨਕ ਤੱਥਾਂ ਦਾ ਪਤਾ ਲਗਦਾ ਹੈ, ਇਹ ਵਿਗਿਆਨਕ ਤੱਥ ਹੀ ਵਿਗਿਆਨਕ ਸਿਧਾਂਤਾਂ ਨੂੰ ਜਨਮ ਦਿੰਦੇ ਹਨ।

## 3.9 ਸਾਰ

ਉਪਰ ਦਿੱਤੀ ਵਿਆਖਿਆ ਤੋਂ ਇਹ ਸਿੱਧ ਹੁੰਦਾ ਹੈ ਕਿ ਪਰਿਕਲਪਨਾ ਬਣਾਉਣਾ ਖੋਜਾਰਥੀ ਲਈ ਮਹੱਤਵਪੂਰਣ ਹੈ। ਸੋ ਉਸ ਨੂੰ ਚਾਹੀਦਾ ਹੈ ਕਿ ਸਮੱਗਰੀ ਇਕੱਤਰ ਕਰਨ ਤੋਂ ਪਹਿਲਾਂ ਉਹ ਪਰਿਕਲਪਨਾ ਬਣਾਵੇ। ਟੀਚੇ ਤੇ ਪਹੁੰਚਣ ਲਈ ਅਤੇ ਨਿਰਪੱਖ ਅਧਿਐਨ ਕਰਨ ਲਈ ਪਰਿਕਲਪਨਾ ਬਣਾਉਣਾ ਜ਼ਰੂਰੀ ਹੈ।

## 3.10 ਅਭਿਆਸ ਲਈ ਪ੍ਰਸ਼ਨ

1. ਪਰਿਕਲਪਨਾ ਕਿਸ ਨੂੰ ਆਖਦੇ ਹਨ ? ਇਹ ਕਿੰਨੀ ਪ੍ਰਕਾਰ ਦੀ ਹੁੰਦੀ ਹੈ ਅਤੇ ਇਸ ਦੇ ਕਿਹੜੇ ਕਿਹੜੇ ਸੋਮੇ ਹਨ ?
2. ਪਰਿਕਲਪਨਾ ਕਿਸ ਨੂੰ ਆਖਦੇ ਹਨ ? ਇਸ ਦੀਆਂ ਵਿਸ਼ੇਸ਼ਤਾਈਆਂ ਅਤੇ ਕਾਰਜਾਂ ਦੀ

ਵਿਆਖਿਆ ਕਰੋ।

## ਸੰਖੇਪ ਸਵਾਲ

(ੳ) ਚੰਗੀ ਪਰਿਕਲਪਨਾ ਦੀਆਂ ਵਿਸ਼ੇਸ਼ਤਾਈਆਂ ਕੀ ਹਨ ?

(ਅ) ਪਰਿਕਲਪਨਾ ਦੇ ਕਾਰਜ ਬਿਆਨ ਕਰੋ।

(ੲ) ਪਰਿਕਲਪਨਾ ਦੇ ਕੀ ਸਰੋਤ ਹਨ ?

(ਸ) ਪਰਿਕਲਪਨਾਵਾਂ ਦੀਆਂ ਕਿਸਮਾਂ ਦੱਸੋ।

## 3.11 ਉਪਯੋਗੀ ਪੁਸਤਕਾਂ

1. Goode, W.J. and P.F. Hatt, "Methods in Social Reserch," Mcgraw Hill Book Company, New York 1952.
2. Moser C.A. and Kalton, G."Survey Methods in Social Investigation." Heinemana Educational Books Ltd., London, 1980.
3. Pauline V. Young, "Scientific Social Surveys and Research," Prentice Hall of India, New Delhi, 1979.
4. Seltiz Claire et al., "Research Method in Social Relations," Holt Rinchart and Winston Inc. New York, 1969.
5. Sharma,T.R. "Vidyak Khoj Vidhi"Publication Bureau, Punjabi Universty, Patiala, 1988.

**ਪਾਠ ਨੰ: 1.4** **ਲੇਖਕ : ਡਾ. ਪਲਵਿੰਦਰ ਸਿੰਘ**

# ਡੇਟਾ ਇਕੱਠਾ ਕਰਨ ਦੀਆਂ ਵਿਧੀਆਂ : ਨਿਰੀਖਣ
# (Techniques of Data Collection : Observation)

## ਰੂਪ ਰੇਖਾ


4.0 ਉਦੇਸ਼

4.1 ਜਾਣ ਪਛਾਣ

4.2 ਨਿਰੀਖਣ ਦੇ ਲਾਭ

4.3 ਸੀਮਾਵਾਂ

4.4 ਨਿਰੀਖਣ ਦੀਆਂ ਕਿਸਮਾਂ

4.4.1 ਸਹਿਭਾਗੀ ਨਿਰੀਖਣ

4.4.1.1 ਲਾਭ

4.4.1.2 ਹਾਨੀਆਂ

4.4.2 ਗੈਰ ਸਹਿਭਾਗੀ ਨਿਰੀਖਣ

4.4.2.1. ਲਾਭ

4.4.2.2 ਹਾਨੀਆਂ

4.5 ਸਾਰ

4.6 ਅਭਿਆਸ ਲਈ ਪ੍ਰਸ਼ਨ

4.7 ਉਪਯੋਗੀ ਪੁਸਤਕਾਂ


## 4.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

*ਨਿਰੀਖਣ ਵਿਧੀ ਦਾ ਅਰਥ ਬਿਆਨ ਕਰ ਸਕੋਂ।

*ਨਿਰੀਖਣ ਵਿਧੀ ਦੇ ਲਾਭ ਦੱਸ ਸਕੋਂ

*ਇਸ ਵਿਧੀ ਦੀਆਂ ਸੀਮਾਵਾਂ ਦਾ ਉਲੇਖ ਕਰ ਸਕੋਂ।

*ਸਹਿਭਾਗੀ ਨਿਰੀਖਣ ਦਾ ਅਰਥ, ਲਾਭ ਤੇ ਹਾਨੀਆਂ ਵਰਨਣ ਕਰ ਸਕੋਂ।

*ਗੈਰ ਸਹਿਭਾਗੀ ਨਿਰੀਖਣ ਵਿਧੀ ਅਤੇ ਉਸਦੇ ਲਾਭ ਤੇ ਹਾਨੀਆਂ ਤੇ ਰੌਸ਼ਨੀ ਪਾ ਸਕੋਂ।

## 4.1 ਜਾਣ ਪਛਾਣ

ਖੋਜ ਪ੍ਰਕ੍ਰਿਆ ਵਿਚ ਸਭ ਤੋਂ ਪਹਿਲਾਂ ਖੋਜ ਸਮੱਸਿਆ ਦੀ ਚੋਣ ਕੀਤੀ ਜਾਂਦੀ ਹੈ, ਸੰਕਲਪਾਂ ਅਤੇ ਧਾਰਨਾਵਾਂ ਨੂੰ ਸਰਲ ਤੇ ਸਪੱਸ਼ਟ ਰੂਪ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਬੰਧਤ ਸਿਧਾਂਤਾਂ, ਲਿਟਰੇਚਰ, ਉਦੇਸ਼ਾਂ ਅਤੇ ਹੋਰ ਗੱਲਾਂ ਨੂੰ ਧਿਆਨ ਨਾਲ ਵੇਖਦੇ ਹੋਏ ਪਰਿਕਲਪਨਾਵਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਜੋ ਖੋਜ ਕਰਤਾ ਲਈ ਗਾਈਡ ਦਾ ਕੰਮ ਕਰਦੀਆਂ ਹਨ। ਉਸ ਤੋਂ ਬਾਅਦ ਬ੍ਰਹਿਮੰਡ ਜਾਂ ਜਨਸੰਖਿਆ, ਜਿਸ ਵਿਚੋਂ ਸਮੱਗਰੀ ਇਕੱਤਰ ਕਰਨੀ ਹੁੰਦੀ ਹੈ ਬਾਰੇ ਫੈਸਲਾ ਕੀਤਾ ਜਾਂਦਾ ਹੈ ਤੇ ਉਸ ਬ੍ਰਹਿਮੰਡ ਵਿਚੋਂ ਸੈਂਪਲਿੰਗ ਦੀ ਕੋਈ ਉਚਿਤ ਵਿਧੀ ਅਪਣਾਉਂਦੇ ਹੋਏ ਸੈਂਪਲਿੰਗ ਦੀ ਚੋਣ ਕੀਤੀ ਜਾਦੀ ਹੈ। ਉਸ ਚੁਣੇ ਹੋਏ ਸੈਂਪਲ ਵਿਚੋਂ ਸਮੱਗਰੀ ਇਕੱਤਰ ਕਰਨ ਵਾਲੀਆਂ ਵਿਧੀਆਂ ਦੀ ਸਹਾਇਤਾ ਨਾਲ ਸਮੱਗਰੀ ਇਕੱਤਰ ਕੀਤੀ ਜਾਂਦੀ ਹੈ। ਉਨ੍ਹਾਂ ਵਿਧੀਆਂ ਵਿਚੋਂ ਨਿਰੀਖਣ ਵੀ ਇਕ ਵਿਧੀ ਹੈ। ਖੋਜ ਕਰਤਿਆਂ ਵਲੋਂ, ਵਿਗਿਆਨਕ ਖੋਜਾਂ ਲਈ ਵਰਤਿਆ ਜਾਣ ਵਾਲਾ ਇਹ ਸਭ ਤੋਂ ਪੁਰਾਣਾ ਤਰੀਕਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਖੋਜ ਤਰੀਕੇ ਹਨ ਜੋ ਵਿਗਿਆਨੀ ਖੋਜ ਸਮੱਸਿਆ ਦੀ ਪ੍ਰਕ੍ਰਿਤੀ ਅਨੁਸਾਰ ਵਰਤੋਂ ਵਿਚ ਲਿਆਉਂਦੇ

ਹਨ, ਜਿਵੇਂ ਸੂਚੀ, ਇੰਟਰਵਿਊ ਸੂਚੀ, ਪ੍ਰਸ਼ਨਾਵਲੀ, ਕੇਸ ਸਟੱਡੀ ਅਤੇ ਦਸਤਾਵੇਜ਼ ਆਦਿ। ਹਰ ਖੋਜ ਤਕਨੀਕ ਦੀ ਆਪਣੀ ਵਿਸ਼ੇਸ਼ਤਾ ਜਾਂ ਮਹੱਤਤਾ ਹੁੰਦੀ ਹੈ। ਕੋਈ ਵੀ ਖੋਜ ਵਿਧੀ ਦੂਸਰੀ ਵਿਧੀ ਦੀ ਕਾਟ ਕਰਕੇ ਮਹੱਤਵਪੂਰਣ ਨਹੀਂ ਬਣਦੀ ਸਗੋਂ ਉਸ ਦੀ ਮਹੱਤਤਾ ਤਾਂ ਸਮੱਸਿਆਵਾਂ ਦੀ ਪ੍ਰਾਕ੍ਰਿਤੀ ਨਾਲ ਜੁੜੀ ਹੁੰਦੀ ਹੈ। ਇੰਟਰਵਿਊ ਤਕਨੀਕ ਨੂੰ ਵਰਤਦਿਆਂ ਖੋਜ ਕਰਤਾ ਆਪਣੇ ਉੱਤਰਦਾਤਿਆਂ ਤੋਂ ਪ੍ਰਸ਼ਨ ਪੁੱਛਦਾ ਹੈ ਅਤੇ ਉਤਰਦਾਤਿਆਂ ਦੇ ਜਵਾਬਾਂ ਨੂੰ ਉਸ ਉਪਰ ਲਿਖਦਾ ਹੈ। ਇਸੇ ਤਰ੍ਹਾਂ ਉਹ ਪ੍ਰਸ਼ਨਾਵਲੀ ਨੂੰ ਉੱਤਰਦਾਤਿਆਂ ਕੋਲ ਡਾਕ ਰਾਹੀਂ ਭੇਜ ਕੇ ਉਹਨਾਂ ਦੇ ਜਵਾਬ ਦੀ ਉਡੀਕ ਕਰਦਾ ਹੈ। ਪਰ ਨਿਰੀਖਣ ਵਿਧੀ ਨੂੰ ਵਰਤਣ ਦਾ ਢੰਗ ਕੁਝ ਵੱਖਰੀ ਕਿਸਮ ਦਾ ਹੈ। ਇਸ ਵਿਧੀ ਵਿਚ ਉਹ ਆਪਣੇ ਉਤਰਦਾਤਿਆਂ ਕੋਲੋਂ ਪੁੱਛਦਾ ਨਹੀਂ ਸਗੋਂ ਉਹਨ੍ਹਾਂ ਦੇ ਕੰਮਾਂ ਨੂੰ, ਰਸਮਾਂ ਤੇ ਸੰਸਕਾਰਾਂ ਨੂੰ ਗਹੁ ਨਾਲ ਘੋਖਦਾ ਹੈ ਤੇ ਵੇਖਦਾ ਹੈ। ਕੁਝ ਖੇਤਰਾਂ ਵਿਚ ਖੋਜ ਕਰਨ ਲਈ ਇਸ ਵਿਧੀ ਦੀ ਵਰਤੋਂ ਬਹੁਤ ਜ਼ਰੂਰੀ ਬਣ ਜਾਂਦੀ ਹੈ। ਜਿਵੇਂ ਦੁੱਧ ਪੀਂਦੇ ਬੱਚੇ ਤੇ ਖੋਜ ਕਰਨ ਵੇਲੇ, ਗੂੰਗੇ ਬੱਚਿਆਂ ਦੀ ਖੋਜ ਕਰਨ ਵੇਲੇ।

**ਪੀ.ਵੀ. ਯੰਗ** ਅਨੁਸਾਰ ਨਿਰੀਖਣ ਨੂੰ ਕ੍ਰਮਬੱਧ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਵੇਖੇ ਹੋਏ ਵਰਤਾਰੇ ਦੇ ਤਰਕ-ਵਿਤਰਕ ਨਾਲ ਕੀਤੇ ਫੈਸਲੇ ਦੇ ਨਾਲ ਜੋੜਿਆ ਜਾ ਸਕਦਾ ਹੈ। ਸਰਗਰਮੀ ਦੀ ਵੱਡੀ ਇਕਾਈ ਨੂੰ ਧਿਆਨ ਗੋਚਰੇ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਜਿਸ ਵਿਚ ਦੇਖੀ ਹੋਈ ਘਟਨਾ ਵਾਪਰਦੀ ਹੈ। ਨਿਰਸੰਦੇਹ ਸਾਰੇ ਵਰਤਾਰੇ ਨਿਰੀਖਣ ਨਹੀਂ ਕੀਤੇ ਜਾਂਦੇ, ਜੋ ਵਰਤਾਰੇ ਨਿਰੀਖਣ ਕਰਨ ਦੇ ਯੋਗ ਹਨ ਉਨ੍ਹਾਂ ਨੂੰ ਕੁਸ਼ਲ ਨਿਰੀਖਕ ਨਹੀਂ ਮਿਲਦਾ। ਸਾਰੀਆਂ ਘਟਨਾਵਾਂ ਦੀ ਨਿਰੀਖਕ ਵਿਧੀਆਂ ਨਾਲ ਖੋਜ ਨਹੀਂ ਕੀਤੀ ਜਾ ਸਕਦੀ। ਸਮਾਜਿਕ ਪ੍ਰਕ੍ਰਿਆ, ਸਮਾਜਿਕ ਝੁਕਾਅ ਜਾਂ ਨਿੱਜੀ ਜ਼ਿੰਦਗੀ ਦੇ ਵਿਭਿੰਨ ਹਿੱਸਿਆਂ ਨੂੰ ਸਮਝਣ ਲਈ ਅਨੇਕਾਂ ਤਕਨੀਕਾਂ ਦੀ ਜ਼ਰੂਰਤ ਹੈ ਪਰ ਅਜਿਹੀ ਕੋਈ ਵੀ ਵਿਗਿਆਨਕ ਖੋਜ ਨਹੀਂ ਹੋਵੇਗੀ ਜਿਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਨਿਰੀਖਣ ਵਿਧੀ ਦਾ ਇਸਤੇਮਾਲ ਨਾ ਕੀਤਾ ਜਾਂਦਾ ਹੋਵੇ।

ਸਾਰੇ ਨਿਰੀਖਣ ਵਿਗਿਆਨਕ ਢੰਗ ਨਾਲ ਕੀਤੇ ਜਾਣੇ ਚਾਹੀਦੇ ਹਨ। ਜੇ ਇਹ ਵਿਗਿਆਨਕ ਨਹੀਂ ਤਾਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦਾ ਕੋਈ ਲਾਭ ਨਹੀਂ। **ਕੁਰਤ ਲੇਵਿਨ** ਅਨੁਸਾਰ ਸਮਾਜਿਕ ਵਤੀਰੇ ਦੇ ਨਿਰੀਖਣ ਦਾ ਆਮ ਤੌਰ ਤੇ ਬਹੁਤ ਘੱਟ ਲਾਭ ਹੁੰਦਾ ਹੈ ਜੇ ਇਸ ਵਿਚ ਸਮਾਜਿਕ ਪ੍ਰਸਥਿਤੀਆਂ ਦੇ ਚਰਿਤਰ ਦਾ ਯੋਗ ਵਰਨਣ ਨਹੀਂ ਕੀਤਾ ਜਾਂਦਾ, ਜਿਸ ਵਿਚ ਖਾਸ ਸਮਾਜਿਕ ਘਟਨਾ ਵਾਪਰਦੀ ਹੈ। ਇਸ ਵਿਧੀ ਨੂੰ ਅਪਣਾ ਕੇ ਬਹੁਤ ਸਾਰੀਆਂ ਖੋਜਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਖੋਜ ਵਿਧੀ ਦੀਆਂ ਜੜ੍ਹਾਂ ਤਾਂ ਸਮਾਜ ਵਿਗਿਆਨ ਦੇ ਇਤਿਹਾਸ ਵਿਚ ਹਨ। ਜਿਵੇਂ **ਗੁਡ ਅਤੇ ਹੈਟ** ਨੇ ਕਿਹਾ ਸੀ ਕਿ ਵਿਗਿਆਨ ਨਿਰੀਖਣ ਨਾਲ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਆਖਰੀ ਪ੍ਰਮਾਣਿਕਤਾ ਲਈ ਆਖਰਕਾਰ ਨਿਰੀਖਣ ਵੱਲ ਹੀ ਮੁੜਨਾ ਚਾਹੀਦਾ ਹੈ।

## 4.2 ਨਿਰੀਖਣ ਦੇ ਲਾਭ

(ੳ) ਇਸ ਤਕਨੀਕ ਦੇ ਇਸਤੇਮਾਲ ਰਾਹੀਂ ਖੋਜੀ ਆਪਣੇ ਉਤਰਦਾਤਿਆਂ ਦੇ ਅਸਲੀ ਵਤੀਰੇ ਨੂੰ ਸਮਝ ਸਕਦਾ ਹੈ। ਕਿਉਂਕਿ ਉਹ ਉਹਨਾਂ ਨਾਲ ਵਿਚਰਦਾ ਹੈ। ਉਹ ਉਹਨਾਂ ਦੀ ਸ਼ਾਹ ਰਗ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਦੀ ਹਰ ਕ੍ਰਿਆ ਨੂੰ ਗਹੁ ਨਾਲ ਵੇਖਦਾ ਹੈ। ਦੂਸਰੀਆਂ ਤਕਨੀਕਾਂ ਦੀ ਵਰਤੋਂ ਨਾਲ ਅਸੀਂ ਸਮੂਹ ਦੇ ਵਤੀਰੇ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿਉਂਕਿ ਖੋਜ ਕੀਤੇ ਜਾਣ ਵਾਲਿਆਂ ਦੇ ਵਤੀਰੇ ਅੰਦਰਲੀਆਂ ਤੇ ਬਾਹਰਲੀਆਂ ਹਾਲਤਾਂ ਕਰਕੇ ਬਦਲਦੇ ਰਹਿੰਦੇ ਹਨ।

(ਅ) ਦੂਜੀਆਂ ਵਿਧੀਆਂ (ਸੂਚੀ, ਪ੍ਰਸ਼ਨਾਵਲੀ, ਇੰਟਰਵਿਊ) ਰਾਹੀਂ ਖੋਜਕਾਰ ਆਪਣੇ ਉੱਤਰਦਾਤਿਆਂ ਕੋਲ ਜਾਂਦੇ ਹਨ ਤਾਂ ਉਹਨਾਂ ਨੂੰ ਕਈ ਕਿਸਮਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਉੱਤਰਦਾਤਿਆਂ ਕੋਲ ਸਮਾਂ ਨਹੀਂ ਹੁੰਦਾ ਉਹ ਥੱਕੇ ਹੁੰਦੇ ਹਨ ਆਦਿ। ਪਰ ਨਿਰੀਖਣ ਵਿਧੀ ਇਹਨਾਂ ਸਭ ਅਲਾਮਤਾਂ ਤੋਂ ਪਰ੍ਹੇ ਹੈ।

(ੲ) ਇਹ ਵਿਧੀ ਲੋਕਾਂ ਦਾ ਅੰਦਰਲਾਪਣ ਜਾਣਨ ਲਈ ਖੋਜਕਾਰ ਦੀ ਸਹਾਇਤਾ ਕਰਦੀ ਹੈ।

(ਸ) ਇਸ ਵਿਧੀ ਨੂੰ ਵਰਤਦਿਆਂ ਖੋਜ ਨਤੀਜੇ, ਖੋਜਕਾਰ, ਸਮਾਜਿਕ ਰਵੱਈਏ ਅਤੇ ਉੱਤਰਦਾਤਿਆਂ ਦੇ ਗਲਤ ਰੁਝੇਵਿਆਂ ਤੋਂ ਮੁਕਤ ਹੁੰਦੇ ਹਨ।

(ਹ) ਇਸ ਵਿਧੀ ਨੂੰ ਵਰਤਦਿਆਂ ਕਾਗਜ਼ੀ ਕਾਰਵਾਈ ਘੱਟ ਕਰਨੀ ਪੈਂਦੀ ਹੈ।

## 4.3 ਸੀਮਾਵਾਂ

(i) ਰੋਜ਼ ਵਾਪਰਨ ਵਾਲੀਆਂ ਘਟਨਾਵਾਂ ਦੀ ਤਹਿ ਤਕ ਪਹੁੰਚਣਾ ਬਹੁਤ ਮੁਸ਼ਕਿਲ ਹੁੰਦਾ ਹੈ, ਅਸੀਂ ਉਹਨਾਂ ਨੂੰ ਚੰਗੀ ਤਰ੍ਹਾਂ ਸਮਝੇ ਬਗੈਰ ਨਿਰੀਖਣ ਕਿਵੇਂ ਕਰ ਸਕਾਂਗੇ। ਕਈ ਵਾਰੀ ਉਹਨਾਂ ਘਟਨਾਵਾਂ ਵਿਚ ਨਜ਼ਰ ਨਾ ਆਉਣ ਵਾਲੇ ਤੱਥ ਵੀ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਨਿਰੀਖਣ ਵਿਧੀ ਨਾਲ ਨਹੀਂ ਸਮਝ ਸਕਦੇ ਹਾਂ।

(ii) ਘਟਨਾਵਾਂ ਦੇ ਸਮੇਂ ਦਾ ਕਾਰਕ ਵੀ ਇਸ ਤਕਨੀਕ ਦੀ ਸਾਰਥਿਕਤਾ ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਉਦਾਹਰਣ ਦੇ ਤੌਰ ਤੇ ਜੀਵਨ-ਇਤਿਹਾਸ ਇਸ ਵਿਧੀ ਰਾਹੀਂ ਨਹੀਂ ਜਾਣਿਆ ਜਾ ਸਕਦਾ। ਇਸੇ ਤਰ੍ਹਾਂ ਲੋਕਾਂ ਦੀਆਂ ਗੁਪਤ ਪ੍ਰਕ੍ਰਿਆਵਾਂ ਨੂੰ ਇਸ ਵਿਧੀ ਰਾਹੀਂ ਨਹੀਂ ਜਾਣਿਆ ਜਾ ਸਕਦਾ।

(iii) ਨਿਰੀਖਣ ਵਿਧੀ ਦੁਆਰਾ ਇਕੱਠੀ ਕੀਤੀ ਗਈ ਸਮੱਗਰੀ ਨੂੰ ਅੰਕੜਿਆਂ ਵਿਚ ਨਹੀਂ ਦਰਸਾਇਆ ਜਾ ਸਕਦਾ ਇਸ ਕਰਕੇ ਇਸ ਵਿਧੀ ਦੀ ਵਰਤੋਂ ਜ਼ਿਆਦਾਤਰ ਮਾਨਵ-ਵਿਗਿਆਨੀਆਂ ਦੁਆਰਾ ਕੀਤੀ ਜਾਂਦੀ ਹੈ, ਜਿਸ ਵਿਚ ਗੁਣਾਤਮਕ ਸਮੱਗਰੀ ਦੀ ਜ਼ਿਆਦਾਤਰ ਵਰਤੋਂ ਹੁੰਦੀ ਹੈ।

ਇਹਨਾਂ ਸੀਮਾਵਾਂ ਦੇ ਬਾਵਜੂਦ ਵੀ ਇਸ ਵਿਧੀ ਦੀ ਵਰਤੋਂ ਕਈ ਖੋਜ ਉਦੇਸ਼ਾਂ ਦੀ ਪ੍ਰਾਪਤੀ ਲਈ ਜ਼ਰੂਰੀ ਹੈ। ਇਸ ਵਿਧੀ ਦੀ ਵਰਤੋਂ ਦੁਆਰਾ ਸਮੱਸਿਆ ਦੀ ਤਹਿ ਤਕ ਜਾਇਆ ਜਾ ਸਕਦਾ ਹੈ ਤਾਂ ਕਿ ਪਰਿਕਲਪਨਾਵਾਂ ਦਾ ਨਿਰਮਾਣ ਕੀਤਾ ਜਾ ਸਕੇ। ਇਸ ਵਿਧੀ ਦੁਆਰਾ ਵਾਧੂ ਸਮੱਗਰੀ ਇਕੱਠੀ ਕੀਤੀ ਜਾ ਸਕਦੀ ਹੈ ਜੋ ਦੂਜੀਆਂ ਵਿਧੀਆਂ ਦੁਆਰਾ ਇਕੱਠੀ ਕੀਤੀ ਸਮੱਗਰੀ ਦੇ ਵਿਸ਼ਲੇਸ਼ਣ ਵਿਚ ਸਹਾਈ ਹੋ ਸਕਦੀ ਹੈ। ਇਸ ਤੋਂ ਇਲਾਵਾ ਇਹ ਵਰਨਾਤਮਿਕ ਅਧਿਐਨਾਂ ਲਈ ਮੁੱਢਲੀ ਸਮੱਗਰੀ ਇਕੱਤਰ ਕਰਨ ਦਾ ਬਹੁਤ ਹੀ ਵਧੀਆ ਢੰਗ ਹੈ।

**ਆਪਣਾ ਗਿਆਨ ਪਰਖੋ:**

(ੳ) ਨਿਰੀਖਣ ਤੋਂ ਕੀ ਭਾਵ ਹੈ?

...........................................................................................

...........................................................................................

...........................................................................................

(ਅ) ਸਾਨੂੰ ਨਿਰੀਖਣ ਦੀ ਲੋੜ ਕਿਉਂ ਪੈਂਦੀ ਹੈ?

...........................................................................................

...........................................................................................

...........................................................................................

(ੲ) ਨਿਰੀਖਣ ਵਿਧੀ ਦੀਆਂ ਕੀ ਸੀਮਾਂਵਾਂ ਹਨ?

...........................................................................................

...........................................................................................

...........................................................................................

(ਸ) ਨਿਰੀਖਣ ਦੀਆਂ ਕਿਸਮਾਂ ਦਾ ਨਾਂ ਦਿਓ।

...........................................................................................

...........................................................................................

...........................................................................................

## 4.4 ਨਿਰੀਖਣ ਦੀਆਂ ਕਿਸਮਾਂ

(i) ਸਹਿਭਾਗੀ ਨਿਰੀਖਣ (Participant observation)

(ii) ਗੈਰ-ਸਹਿਭਾਗੀ ਨਿਰੀਖਣ (Non-participant observation)

### 4.4.1 ਸਹਿਭਾਗੀ ਨਿਰੀਖਣ **(Participant observation)**

ਜਿਵੇਂ ਉਪਰ ਅਸੀਂ ਚਰਚਾ ਕਰ ਚੁੱਕੇ ਹਾਂ ਕਿ ਨਿਰੀਖਣ ਵਿਧੀ ਕੀ ਹੁੰਦੀ ਹੈ ਅਤੇ ਇਸ ਦੀ ਵਰਤੋਂ ਕਿਉਂ ਤੇ ਕਿਵੇਂ ਕਰਦੇ ਹਾਂ ? ਇਸ ਵਿਧੀ ਦੀਆਂ ਕੀ ਹਾਨੀਆਂ ਤੇ ਲਾਭ ਹਨ ? ਇਸ ਭਾਗ ਵਿਚ ਅਸੀਂ ਨਿਰੀਖਣ ਵਿਧੀ ਦੀ ਇਕ ਹੋਰ ਅਨੁਕੂਲਤਾ ਬਾਰੇ ਵਿਚਾਰ ਕਰਾਂਗੇ। ਸਹਿਭਾਗੀ ਨਿਰੀਖਣ ਉਹ ਹੁੰਦਾ ਹੈ ਜਦੋਂ ਖੋਜ ਕਰਤਾ ਸਮੂਹ, ਸਭਾ, ਸੰਸਥਾ, ਪਿੰਡ, ਮੁਹੱਲੇ, ਕਸਬੇ ਜਾਂ ਫੈਕਟਰੀ ਆਦਿ ਵਿਚ (ਜਿਸ ਨੂੰ ਉਸ ਨੇ ਬ੍ਰਹਿਮੰਡ ਚੁਣਿਆ ਹੁੰਦਾ ਹੈ) ਪੂਰੀ ਤਰ੍ਹਾਂ ਸਰਗਰਮ ਹੋ ਜਾਂਦਾ ਹੈ। ਭਾਵ ਉਹਨਾਂ ਦਾ ਮੈਂਬਰ ਬਣ ਜਾਂਦਾ ਹੈ। ਉਥੇ ਰਹਿਣ ਲਗ ਜਾਂਦਾ ਹੈ ਜਾਂ ਕੰਮ ਕਰਨ ਲੱਗ ਜਾਂਦਾ ਹੈ। ਉਹਨਾਂ ਦੇ ਆਪਸੀ ਰਿਸ਼ਤਿਆਂ ਵਤੀਰਿਆਂ, ਕੰਮ ਕਰਨ ਦੇ ਢੰਗਾਂ ਨੂੰ ਚੰਗੀ ਤਰ੍ਹਾਂ ਨੇੜਿਓਂ ਹੋ ਕੇ ਘੋਖਦਾ ਹੈ।

ਇਹ ਨਿਰੀਖਕ ਦੀ ਕਾਰਜ-ਕੁਸ਼ਲਤਾ ਹੈ ਕਿ ਉਹ ਕਿਵੇਂ ਕਮਿਊਨਿਟੀ ਵਿਚ ਰਹਿ ਕੇ ਉਨ੍ਹਾਂ ਦੀਆਂ ਕ੍ਰਿਆਵਾਂ ਪ੍ਰਤਿਕ੍ਰਿਆਵਾਂ ਸਾਰੀਆਂ ਚੀਜ਼ਾਂ ਨੂੰ ਨਿਰਖਦਾ ਹੈ ਅਤੇ ਵਰਨਣ ਕਰਦਾ ਹੈ। ਨਿਰੀਖਕ ਦੀ ਸਾਰਥਿਕਤਾ ਨਿਰਭਰ ਕਰਦੀ ਹੈ ਉਸ ਦੇ ਬ੍ਰਹਿਮੰਡ ਦੇ ਆਕਾਰ ਤੇ ਜੇ ਆਕਾਰ ਛੋਟਾ ਹੈ ਜਿਵੇਂ ਪਰਿਵਾਰ ਤਾਂ ਉਹ ਉਹਨਾਂ ਨਾਲ ਰਹਿ ਸਕਦਾ ਹੈ ਪਰ ਸਰਗਰਮ ਮੈਂਬਰ ਨਹੀਂ ਬਣ ਸਕਦਾ ਉਸ ਨੂੰ ਥੋੜ੍ਹੀ ਦੂਰੀ ਰੱਖਣੀ ਪੈਂਦੀ ਹੈ। ਛੋਟੀ ਕਮਿਊਨਿਟੀ ਜਾਂ ਸਮੂਹ ਵਿਚ ਬਾਹਰਲੇ ਵਿਅਕਤੀ ਦੀ ਛੇਤੀ ਪਹਿਚਾਣ ਹੋ ਜਾਂਦੀ ਹੈ। ਨਤੀਜਿਆਂ ਦੀ ਸਾਰਥਿਕਤਾ ਤਾਂ ਹੀ ਵਾਜਿਬ ਹੋਵੇਗੀ ਜੇ ਕਮਿਊਨਿਟੀ, ਸੰਸਥਾ ਜਾਂ ਪਰਿਵਾਰ ਨੂੰ ਇਹ ਇਲਮ ਨਾ ਹੋਵੇ ਕਿ ਕੋਈ ਉਹਨਾਂ ਨੂੰ ਨੋਟ ਕਰ ਰਿਹਾ ਹੈ ਭਾਵ ਉਹਨਾਂ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰ ਰਿਹਾ ਹੈ ਜੇ ਪਤਾ ਲਗ ਜਾਵੇ ਤਾਂ ਉਹਨਾਂ ਦੇ ਕੰਮ ਕਰਨ ਦਾ ਅਤੇ ਵਿਚਰਣ ਦਾ ਢੰਗ ਹੀ ਬਦਲ ਜਾਂਦਾ ਹੈ।

ਸਹਿਭਾਗੀ ਅਤੇ ਗੈਰ-ਸਹਿਭਾਗੀ ਨਿਰੀਖਣ ਦਾ ਸੰਕਲਪ Prof. Edward Sindeman ਦੇ ਕੰਮ ਸਮਾਜਿਕ ਖੋਜ ਵਿਚ ਮਿਲਦਾ ਹੈ ਜੋ 1924 ਵਿਚ ਪ੍ਰਕਾਸ਼ਿਤ ਹੋਇਆ। ਉਹ ਖੋਜ ਲਈ ਪ੍ਰਸ਼ਨਾਂ ਦੀ ਸੂਚੀ ਦੀ ਵਰਤੋਂ ਦੇ ਹੱਕ ਵਿਚ ਨਹੀਂ ਸੀ, ਇਸੇ ਲਈ ਉਸ ਨੇ ਕਿਹਾ ਕਿ ਸਵਾਲਾਂ ਦੇ ਜਵਾਬ ਦੇਣ ਲਈ ਵਾਸਤਵਿਕ ਤੱਥਾਂ ਦੇ ਸ਼ਬਦਾਂ ਵਿਚ ਜਵਾਬ ਦੇਵੇਗਾ ਜੋ ਉਹ ਸੱਚਮੁੱਚ ਕਰ ਰਿਹਾ ਹੈ ......... ਇਸ ਲਈ ਜੇ ਤੁਸੀਂ ਜਾਨਣ ਦੀ ਇੱਛਾ ਰੱਖਦੇ ਹੋ ਕਿ ਉਹ ਕੀ ਕਰ ਰਿਹਾ ਹੈ, ਉਸ ਨੂੰ ਵੇਖੋ ਉਸ ਨੂੰ ਪੁਛੋ ਨਹੀਂ।

**ਨੈਲਸ ਐਡਰਸ** ਵੀ ਇਸ ਤਕਨੀਕ ਦਾ ਪੱਕਾ ਹਾਮੀ ਸੀ ਕਿਉਂਕਿ ਉਹ ਸ਼ਿਕਾਰੀ ਸਮੂਹ ਵਿਚ ਹੈਬੋ ਜ਼ਿੰਦਗੀ ਉਪਰ ਖੋਜ ਕਰਦੇ ਸਮੇਂ ਸਹਿਭਾਗੀ ਨਿਰੀਖਕ ਰਹਿ ਚੁੱਕਾ ਸੀ। ਉਸ ਨੇ ਆਪਣੀ ਖੋਜ ਨੂੰ 'ਦੀ ਹੈਬੋ' ਸਿਰਲੇਖ ਹੇਠ 1923 ਵਿਚ ਪ੍ਰਕਾਸ਼ਿਤ ਕੀਤਾ।

ਇਸ ਵਿਧੀ ਵਿਚ ਨਿਰੀਖਕ ਸਮੂਹ ਦਾ ਪੱਕਾ ਮੈਂਬਰ ਬਣ ਜਾਂਦਾ ਹੈ। ਉਹ ਉਹਨਾਂ ਦੇ ਕੰਮਾਂ, ਰਸਮਾਂ, ਸੰਸਕਾਰਾਂ ਵਿਚ ਉਹਨਾਂ ਦੀ ਤਰ੍ਹਾਂ ਭਾਗ ਲੈਂਦਾ ਹੈ। ਉਹ ਉਨ੍ਹਾਂ ਨੂੰ ਇਹ ਮਹਿਸੂਸ ਨਹੀਂ ਹੋਣ ਦਿੰਦਾ ਕਿ ਉਹ ਕੋਈ ਅਜਨਬੀ ਹੈ ਜਾਂ ਉਹਨਾਂ ਦਾ ਕੋਈ ਆਲੋਚਨਾਤਮਕ ਅਧਿਐਨ ਕਰ ਰਿਹਾ ਹੈ। ਉਹ ਉਹਨਾਂ ਨਾਲ ਪੂਰੀ ਤਰ੍ਹਾਂ ਉਨਾਂ ਵਾਂਗ ਘੁਲ-ਮਿਲ ਜਾਂਦਾ ਹੈ। ਜਿਵੇਂ W.F. ਨੇ Cornervill ਦੇ ਮੈਂਬਰਾਂ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਦੇ ਸਮੇਂ ਕੀਤਾ, ਅਤੇ ਆਪਣੇ ਨਤੀਜਿਆਂ ਨੂੰ 'ਦੀ ਸਟਰੀਟ ਕਾਰਨਰ ਸੋਸਾਇਟੀ' ਦੇ ਰੂਪ ਵਿਚ ਪੇਸ਼ ਕੀਤਾ। Paul Cressey ਨੇ ਵੀ ਆਪਣੀ ਖੋਜ 'ਟੈਕਸੀ ਡਾਂਸ ਹਾਲ' ਵਿਚ ਇਸ ਤਕਨੀਕ ਦੀ ਵਰਤੋਂ ਕੀਤੀ।

Aaron V. Cicourel ਨੇ 'ਬਾਲਕ ਨਿਆਂ' ਉਪਰ ਕੰਮ ਕੀਤਾ। ਉਸ ਦੀ ਖੋਜ ਬਾਲ ਅਪਚਾਰ, ਹਰ ਰੋਜ ਦੀਆਂ ਪੁਲਿਸ ਕਾਰਵਾਈਆਂ, ਪ੍ਰੋਬੇਸ਼ਨ ਅਫਸਰਾਂ ਅਤੇ ਅਦਾਲਤੀ ਕਰਮਚਾਰੀਆਂ ਦੀਆਂ ਕਾਰਵਾਈਆਂ,

ਦੇ ਬਾਲਕਾਂ ਨਾਲ ਅੰਤਰਕਾਰਜ ਦੀ ਸਮਸਿੱਆ ਉਪਰ ਹੈ। ਉਸ ਨੇ ਬੱਚਿਆਂ ਦੀ ਅਦਾਲਤ, ਪੁਲਿਸ ਅਤੇ ਜਾਂਚ ਵਿਭਾਗ ਵਿਚ ਇਸ ਅੰਤਰਕਾਰਜ ਨੂੰ ਸਮਝਣ ਲਈ ਚਾਰ ਸਾਲ ਬਿਤਾਏ, ਇਸ ਸਮੇਂ ਦਾ ਇਕ ਹਿੱਸਾ ਉਸ ਨੇ ਬਿਨ-ਤਨਖਾਹੀਏ ਜਾਂਚ ਅਧਿਕਾਰੀ ਵਜੋਂ ਕੰਮ ਕੀਤਾ, ਉਸ ਨੇ ਪੁਲਿਸ ਜੱਜਾਂ ਅਤੇ ਜਾਂਚ ਅਧਿਕਾਰੀਆਂ ਦੇ ਬਾਲਕਾਂ ਪ੍ਰਤੀ ਭੈੜੇ ਰਵੱਈਏ ਨੂੰ ਨੋਟ ਕੀਤਾ। ਉਸ ਨੇ ਇਹ ਵੀ ਵੇਖਿਆ ਕਿ ਕਿਵੇਂ ਉਹ ਬੱਚਿਆਂ ਦੇ ਖਿਆਫ਼ ਗਲਤ ਸਬੂਤਾਂ ਦਾ ਸਹਾਰਾ ਲੈਂਦੇ ਹਨ ਜਿਵੇਂ ਸਕੂਲ ਵਿਚ ਮਾੜੀ ਕਾਰਜ ਕੁਸ਼ਲਤਾ ਅਤੇ ਉਹਨਾਂ ਦੇ ਪੁਲਿਸ ਨਾਲ ਪਹਿਲਾਂ ਕੀਤੀ ਮਾੜੀ ਹਰਕਤ ਆਦਿ।

ਇਸ ਵਿਧੀ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਖੋਜੀ ਆਪਣੇ ਆਪ ਉਸ ਕਮਿਊਨਿਟੀ ਵਿਚ ਜਗ੍ਹਾ ਕਿਵੇਂ ਬਣਾਉਂਦਾ ਹੈ। ਉਹ ਕਿਵੇਂ ਇੱਜ਼ਤ ਬਣਾਉਂਦਾ ਹੈ। ਉਹ ਦੂਜਿਆਂ ਨੂੰ ਪ੍ਰਭਾਵਿਤ ਕਿਵੇਂ ਕਰਦਾ ਹੈ ਤਾਂ ਕਿ ਉਸ ਤੇ ਰਤਾ ਭਰ ਵੀ ਸ਼ੱਕ ਨਾ ਹੋ ਸਕੇ।

### 4.4.1.1 ਸਹਿਭਾਗੀ ਨਿਰੀਖਣ ਦੇ ਲਾਭ (Advantage)

(i) ਇਹ ਸਮਾਜਿਕ ਸੱਚਾਈ ਦੀ ਅਸਲੀ ਤਸਵੀਰ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਵਧੀਆ ਸਾਧਨ ਪ੍ਰਦਾਨ ਕਰਦੀ ਹੈ।

(ii) ਸਮਾਜ ਵਿਗਿਆਨੀ ਦੁਨੀਆਂ ਨੂੰ ਸਿੱਧੇ ਤੌਰ ਤੇ ਘੋਖਦਾ ਹੈ, ਇਸ ਦਾ ਸਬੂਤ Whyte ਦਾ ਕੰਮ ਹੈ, ਉਹ ਬਿਆਨ ਕਰਦਾ ਹੈ ਕਿ "ਜਿਵੇਂ ਮੈਂ ਬੈਠ ਗਿਆ ਅਤੇ ਸੁਣਿਆ ਮੈਂ ਸਵਾਲਾਂ ਦੇ ਜਵਾਬ ਲਿਖੇ। ਮੈਨੂੰ ਪੁੱਛਣ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਹੋਈ, ਮੈਂ ਆਪਣੀ ਜਾਣਕਾਰੀ ਇੰਟਰਵਿਊ ਕਰਨ ਦੇ ਆਧਾਰ ਤੇ ਪ੍ਰਾਪਤ ਕਰ ਰਿਹਾ ਸੀ।

(iii) ਸਮੂਹ ਦੇ ਅਸਲੀ ਵਤੀਰੇ ਦਾ ਸਹੀ ਢੰਗ ਨਾਲ ਨਿਰੀਖਣ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਨਹੀਂ ਜਾਣਦੇ ਹੁੰਦੇ ਕਿ ਕੋਈ ਉਹਨਾਂ ਦਾ ਨਿਰੀਖਣ ਕਰ ਰਿਹਾ ਹੈ ਜੇ ਉਹਨਾਂ ਨੂੰ ਪਤਾ ਲਗ ਜਾਵੇਗਾ ਉਹ ਚੌਕੰਨੇ ਹੋ ਜਾਂਦੇ ਹਨ ਅਤੇ ਉਹ ਆਪਣੀ ਭੂਮਿਕਾ ਵੀ ਚਲਾਕੀ ਭਰੇ ਢੰਗ ਨਾਲ ਨਿਭਾਉਣੀ ਸ਼ੁਰੂ ਕਰ ਦਿੰਦੇ ਹਨ।

(iv) ਉਹ ਉਹਨਾਂ ਦੀਆਂ ਗਤੀਵਿਧੀਆਂ ਅਤੇ ਵਤੀਰਿਆਂ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ।

(v) ਸਮੂਹ ਦੇ ਮੈਂਬਰ ਦੀਆਂ ਭਾਵਨਾਵਾਂ ਅਤੇ ਵਤੀਰੇ, ਹਾਲਤਾਂ ਦੁਆਰਾ ਪ੍ਰਭਾਵਿਤ ਹੁੰਦੇ ਰਹਿੰਦੇ ਹਨ, ਵਿਧੀ ਰਾਹੀਂ ਬਾਹਰ ਰਹਿ ਕੇ ਖੋਜਕਾਰ ਇਹ ਤਬਦੀਲਿਆਂ ਨੂੰ ਨਹੀਂ ਸਮਝ ਸਕਦੇ।

(vi) ਸਹਿਭਾਗੀ ਨਿਰੀਖਕ ਉਹਨਾਂ ਦੇ ਰਸਮਾਂ, ਰਿਵਾਜਾਂ ਤੇ ਸੰਸਕਾਰਾਂ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ।

(vii) ਸਮੂਹ ਦੇ ਮੈਂਬਰ, ਸਹਿਭਾਗੀ ਨੂੰ ਪੂਰਾ ਸਹਿਯੋਗ ਦਿੰਦੇ ਹਨ ਕਿਉਂਕਿ ਉਹ ਉਹਨਾਂ ਨੂੰ ਆਪਣੇ ਪ੍ਰਤੀ ਪੂਰੀ ਜਾਣਕਾਰੀ ਦੇ ਦਿੰਦਾ ਹੈ।

### 4.4.1.2. ਸਹਿਭਾਗੀ ਨਿਰੀਖਣ ਦੀਆਂ ਹਾਨੀਆਂ (Disadvantages)

(i) ਸਹਿਭਾਗੀ ਨਿਰੀਖਕ ਦੁਆਰਾ ਇਕੱਠੀ ਕੀਤੀ ਗਈ ਸਮੱਗਰੀ ਵਿਚ ਪ੍ਰਮਾਣ ਦੀ ਘਾਟ ਹੁੰਦੀ ਹੈ ਕਿਉਂਕਿ ਸਹਿਭਾਗੀ ਦੀ ਭਾਵੁਕਤਾ ਪ੍ਰਮਾਣ ਯੋਗਤਾ ਅਤੇ ਵਾਸਤਵਿਕਤਾ ਨੂੰ ਖਤਮ ਕਰ ਦਿੰਦੀ ਹੈ। ਉਹ ਆਪਣੇ ਆਪ ਨੂੰ ਸਮੂਹ ਦਾ ਮੈਂਬਰ ਸਮਝਣ ਲਗ ਪੈਂਦਾ ਹੈ ਅਤੇ ਉਸ ਦੇ ਦੁੱਖਾਂ ਸੁੱਖਾਂ ਵਿਚ ਸ਼ਰੀਕ ਹੋ ਜਾਂਦਾ ਹੈ। ਉਹ ਸਮੂਹ ਦੇ ਮੈਂਬਰਾਂ ਦੀਆਂ ਬੁਰਾਈਆਂ ਨੂੰ ਛੁਪਾਉਣ ਲਗ ਜਾਂਦਾ ਹੈ। ਉਸ ਦਾ ਉਹਨਾਂ ਪ੍ਰਤੀ ਵਤੀਰਾ ਲਚਕਦਾਰ ਹੋ ਜਾਂਦਾ ਹੈ।

(ii) ਸਹਿਭਾਗੀ ਨਿਰੀਖਣ ਵਿਧੀ ਅਨੁਭਵਤਾ ਵਿਆਖਿਆਤਮਕ-ਕੁਸ਼ਲਤਾ ਅਤੇ ਨਿਰੀਖਕ ਦੀ ਸ਼ਖਸੀਅਤ ਤੇ ਨਿਰਭਰ ਕਰਦੀ ਹੈ। ਇਸ ਲਈ ਇਸ ਦੇ ਸਿੱਟੇ ਨਿਰੀਖਕ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਸਕਦੇ ਹਨ। ਅਜਿਹੀਆਂ ਖੋਜਾਂ ਤੋਂ ਸਾਧਾਰਣੀਕਰਣ ਨਹੀਂ ਬਣਾਇਆ ਜਾ ਸਕਦਾ।

(iii) ਉਹ ਵਿਗਿਆਨਕ ਦ੍ਰਿਸ਼ਟੀਕੋਣ ਦੀ ਬਜਾਏ ਘਟਨਾਵਾਂ ਨੂੰ ਆਪਣੇ ਨਿੱਜੀ ਦ੍ਰਿਸ਼ਟੀਕੋਣ ਰਾਹੀਂ

ਵੇਖਣਾ ਸ਼ੁਰੂ ਦਰ ਦਿੰਦਾ ਹੈ।

(iv) ਜਦੋਂ ਉਹ ਸਮੂਹ ਵਿਚ ਸ਼ਾਮਲ ਹੁੰਦਾ ਹੈ ਤਾਂ ਸਮੂਹ ਵਿਚ ਹੀ ਕੁਝ ਖਾਸ ਦੋਸਤਾਂ ਵਲ ਉਸ ਦਾ ਰੁਝਾਣ ਵੱਧ ਜਾਂਦਾ ਹੈ। ਇਸ ਤਰ੍ਹਾਂ ਦੂਸਰੇ ਸਮੂਹ ਉਸ ਤੋਂ ਦੂਰ ਹੋ ਜਾਂਦੇ ਹਨ ਅਤੇ ਉਸ ਦੇ ਤਜ਼ਰਬੇ ਦਾ ਘੇਰਾ ਸੀਮਤ ਹੋ ਜਾਂਦਾ ਹੈ।

(v) ਨਿਰੀਖਕਾਂ ਦੀ ਗਰਮਜੋਸ਼ੀ ਨਾਲ ਸਹਿਭਾਗਤਾ ਕਈ ਵਾਰ ਉਸ ਨੂੰ ਸਮੂਹ ਦੇ ਅੰਤਰਿਕ ਖਿਚਾਵਾਂ ਜਾਂ ਲੜਾਈ ਝਗੜਿਆਂ ਵੱਲ ਧੱਕ ਦਿੰਦੀ ਹੈ। ਇਸ ਤਰ੍ਹਾਂ ਉਹ ਨਿਰਪੱਖ ਖੋਜੀ ਵਾਲਾ ਰੁਤਬਾ ਗਵਾ ਬੈਠਦਾ ਹੈ।

### 4.4.2 ਗੈਰ ਸਹਿਭਾਗੀ ਨਿਰੀਖਣ **(Non-participant observation)**

ਜਿਵੇਂ ਸਹਿਭਾਗੀ ਨਿਰੀਖਣ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਨਿਰੀਖਕ ਬ੍ਰਹਿਮੰਡ ਦਾ ਮੈਂਬਰ ਬਣ ਜਾਂਦਾ ਹੈ। ਉਹ ਸਮੂਹ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦਾ ਹੈ। ਉਹਨਾਂ ਦੇ ਰਿਸ਼ਤਿਆਂ ਦੀ ਤਹਿ ਅਤੇ ਵਤੀਰੇ ਨੇੜਿਓਂ ਵੇਖਦਾ ਹੈ। ਇਸ ਦੇ ਉਲਟ ਗੈਰ-ਸਹਿਭਾਗੀ ਨਿਰੀਖਣ ਵਿਧੀ ਦੀ ਵਰਤੋਂ ਕਰਦੇ ਹੋਏ ਉਹ ਸਮੂਹ ਦੀਆਂ ਕਾਰਵਾਈਆਂ ਵਿਚ ਭਾਗ ਨਹੀਂ ਲੈਂਦਾ (ਜਿਵੇਂ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ) ਪਰ ਉਹ ਸਮੂਹ ਦੀਆਂ ਗਤੀਵਿਧੀਆਂ ਦਾ ਦੂਰੋਂ ਹੀ ਨਿਰੀਖਣ ਕਰਦਾ ਹੈ। **ਜੋਹਨ ਮੇਜ਼** ਅਨੁਸਾਰ, ਜਦੋਂ ਨਿਰੀਖਣ ਪ੍ਰਕ੍ਰਿਆ ਤਹਿਤ ਨਿਰੀਖਕ ਦਾ ਦਿਲ ਸਮੂਹ ਦੇ ਦੂਸਰੇ ਮੈਂਬਰਾਂ ਵਾਂਗ ਧੜਕਣ ਲਗ ਜਾਂਦਾ ਹੈ ਤਾਂ ਨਿਰੀਖਣ ਪ੍ਰਕ੍ਰਿਆ ਵਿਚ ਉਸ ਦਾ ਆਪਣਾ bias ਸ਼ਾਮਿਲ ਹੁੰਦਾ ਹੈ ਜੋ ਅਧਿਐਨ ਨੂੰ ਕਮਜ਼ੋਰ ਕਰ ਦਿੰਦਾ ਹੈ। ਇਸ ਲਈ ਚਾਹੀਦਾ ਇਹ ਹੈ ਕਿ ਗੈਰ-ਸਹਿਭਾਗੀ ਸਮਾਜ ਵਿਗਿਆਨੀ ਉਹਨਾਂ ਗਤੀਵਿਧੀਆਂ ਵਿਚ ਭਾਗ ਲਵੇ ਜਿਹੜੀਆਂ ਨਿਰੀਖਣ ਪ੍ਰਕ੍ਰਿਆ ਦਾ essence ਨਾ ਹੋਣ।

**ਐਫ.ਜੇ. ਰੋਏਥਲਿਸਬਰਗ** ਅਤੇ **ਡਬਲਯੂ.ਜੇ. ਡਿਕਸਨ** ਨੇ ਇਕ ਉਦਯੋਗਿਕ ਪਲਾਂਟ ਵਿਚ 'ਮੈਨੇਜਮੈਂਟ ਅਤੇ ਮਜ਼ਦੂਰਾਂ ਉਪਰ ਅਕਰਮਕ ਸਹਿਭਾਗੀ ਦੇ ਤੌਰ ਤੇ ਕੰਮ ਕੀਤਾ। ਉਸ ਨੇ ਨਿਰੀਖਣ ਕੀਤਾ ਭਾਵੇ ਕੰਮ ਵਾਲੇ ਕਮਰੇ ਦੇ ਪਿੱਛੇ ਉਹਨਾਂ ਕੋਲ ਇਕ ਡੈਸਕ ਸੀ। ਉਹ ਬਿਨਾਂ ਸ਼ਰਮ ਤੋਂ ਜਿੰਨੀ ਸੰਭਵ ਹੋ ਸਕਦਾ ਸੀ ਆਪਣੀ ਹਾਜ਼ਰੀ ਬਣਾਈ ਰੱਖਦੇ ਅਤੇ ਮਜ਼ਦੂਰਾਂ ਨਾਲ ਗੱਲਬਾਤ ਵਿਚ ਨਾ ਪੈਂਦੇ। ਉਹ ਸਮੂਹ ਦੇ ਵਿਚ ਹਰ ਮਜ਼ਦੂਰ ਦੀ ਗੱਲਬਾਤ ਅਤੇ ਵਤੀਰੇ ਦਾ ਰਿਕਾਰਡ ਰੱਖਦੇ।

**ਡਬਲਯੂ. ਐਲ. ਵਾਰਨਰ** ਅਤੇ **ਪੀ.ਐਸ. ਲੰਟ** (1939) ਅਜਿਹੀਆਂ ਕਈ ਸਮਾਜਿਕ ਹਾਲਤਾਂ ਬਾਰੇ ਆਪਣੇ ਸੁਝਾਅ ਦਿੰਦਾ ਹੈ ਜਿਨ੍ਹਾਂ ਦਾ ਅਧਿਐਨ ਗੈਰ-ਸਰਗਰਮ ਨਿਰੀਖਣ ਨਾਲ ਕੀਤਾ ਜਾ ਸਕਦਾ ਹੈ।

ਨਿਰੀਖਣਾਂ ਵਿਚ ਨਿਸ਼ਚਿਤ ਫੈਕਟਰੀਆਂ ਦਾ ਅਧਿਐਨ ਪਰਚੂਨ ਸਟੋਰਾਂ ਅਤੇ ਬੈਂਕਾਂ ਦਾ ਅਧਿਐਨ, ਹੜਤਾਲ ਦੀਆਂ ਵੱਡੇ ਪੱਧਰ ਦੀਆਂ ਕਾਰਵਾਈਆਂ ਦਾ ਆਮਦਨ ਦੇ ਨੁਕਸਾਨ ਹੋਣ ਅਤੇ ਬੇਰੁਜ਼ਗਾਰੀ ਨਾਲ ਸਬੰਧਤ ਮੀਟਿੰਗਾਂ ਦਾ, ਪਵਿੱਤਰ ਅਤੇ ਨਿਰਪੱਖ ਸੰਸਕਾਰਾਂ ਜਿਵੇਂ ਕਿ ਯਾਦਗਾਰ ਦਿਨ ਦਾ ਅਤੇ ਚਰਚ ਅਤੇ ਸਭਾਵਾਂ ਦਾ ਅਧਿਐਨ ਸ਼ਾਮਲ ਹੈ। ਵਿਆਹ ਨਾਲ ਸਬੰਧਤ, ਜਨਮ ਅਤੇ ਮੌਤ ਨਾਲ ਸਬੰਧਤ ਰਸਮਾਂ ਰਿਵਾਜਾਂ ਦਾ ਨਿਰੀਖਣ ਕੀਤਾ ਜਾਂਦਾ ਸੀ। ਪੁਲਿਸ ਡੈਸਕ ਤੇ ਗਿਰਫਤਾਰੀਆਂ ਦੀ ਭਰਮਾਰ, ਜ਼ੁਰਮਾਂ ਅਤੇ ਰਿਹਾਅ ਕਰਨ ਆਦਿ ਲੰਮੇ ਸਮੇਂ ਵਾਸਤੇ ਨਿਰੀਖਣ ਹੇਠ ਰਖੇ ਜਾਂਦੇ ਹਨ। ਨਿਕੰਮੇ ਅਫ਼ਸਰਾਂ, ਮੇਅਰਾਂ ਦੇ ਦਫ਼ਤਰ, ਸਿਹਤ ਦਫ਼ਤਰ, ਸਕੂਲ ਤੇ ਸੁਪਰਡੈਂਟ ਦੇ ਦਫ਼ਤਰ ਵਿਚ ਲੋਕਾਂ ਦੇ ਵਤੀਰਿਆਂ ਦਾ ਅਧਿਐਨ ਕੀਤਾ ਜਾਂਦਾ ਹੈ। ਸਕੂਲਾਂ ਘਰਾਂ ਅਤੇ ਸਕੂਲ ਮੈਦਾਨਾਂ ਵਿਚ ਅਧਿਆਪਕ ਦੇ ਰਿਸ਼ਤੇ, ਵਿਦਿਆਰਥੀਆਂ ਦੇ ਰਿਸ਼ਤੇ ਅਤੇ ਇਕ ਦੂਜੇ ਨਾਲ ਰਿਸ਼ਤੇ ਅਤੇ ਉਹਨਾਂ ਦੇ ਪ੍ਰਿੰਸੀਪਲ ਨਾਲ ਰਿਸ਼ਤੇ ਨੂੰ ਸਮੇਂ ਸਮੇਂ ਸਿਰ ਨਿਰੀਖਕਾਂ ਵਲੋਂ ਰਿਕਾਰਡ ਕੀਤਾ ਜਾਂਦਾ ਹੈ।

#### 4.4.2.1 ਗੈਰ ਸਹਿਭਾਗੀ ਨਿਰੀਖਣ ਦੇ ਲਾਭ **(Advantages)**

(i) ਨਿਰੀਖਕ ਸਰਗਰਮੀ ਨਾਲ ਸਮੂਹ ਸਰਗਰਮੀਆਂ ਵਿਚ ਭਾਗ ਨਹੀਂ ਲੈਂਦਾ, ਉਹ ਆਪਣੇ ਆਪ

ਨੂੰ ਬੇਨਾਮ ਅਤੇ ਬਿਨਾਂ ਪੱਖਪਾਤ ਤੋਂ ਰੱਖਦਾ ਹੈ, ਇਸ ਲਈ ਉਸ ਵਲੋਂ ਬਿਨਾਂ ਕਿਸੇ ਤਰਫਦਾਰੀ ਕੀਤੇ ਨਤੀਜੇ ਕੱਢੇ ਜਾਂਦੇ ਹਨ ਜੋ ਵਾਸਤਵਿਕਤਾ ਅਤੇ ਪ੍ਰਮਾਣਿਕਤਾ ਦੇ ਵਧੇਰੇ ਨੇੜੇ ਹੁੰਦੇ ਹਨ।

(ii) ਉਸ ਦੇ ਬਿਨਾਂ ਪੱਖਪਾਤੀ ਰਵੱਈਏ ਕਰਕੇ ਸਮੂਹ ਦੇ ਮੈਂਬਰ ਉਸ ਨਾਲ ਸਹਿਯੋਗ ਕਰਦੇ ਹਨ ਅਤੇ ਉਸ ਦੀ ਇੱਜ਼ਤ ਕਰਦੇ ਹਨ।

(iii) ਉਸ ਨੂੰ ਅਜਨਬੀ ਸਮਝ ਕੇ ਉਸ ਕੋਲ ਆਪਣੀਆਂ ਕਮਜ਼ੋਰੀਆਂ ਵੀ ਦੱਸਦੇ ਹਨ ਕਿਉਂਕਿ ਉਹਨਾਂ ਨੂੰ ਡਰ ਨਹੀਂ ਹੁੰਦਾ ਕਿ ਉਹ ਉਹਨਾਂ ਦੀਆਂ ਕਮਜ਼ੋਰੀਆਂ ਦਾ ਢੰਢੋਰਾ ਪਿਟਦਾ ਫਿਰੇਗਾ।

(iv) ਉਹ ਉਹਨਾਂ ਦੀਆਂ ਮਾੜੀਆਂ ਗੱਲਾਂ ਜਾਂ ਮਾੜੇ ਅਭਿਆਸਾਂ (ਲੜਾਈ ਝਗੜੇ) ਵਿਚ ਨਹੀਂ ਉਲਝਦਾ।

### 4.4.2.2 ਗੈਰ ਸਹਿਭਾਗੀ ਨਿਰੀਖਣ ਦੀਆਂ ਹਾਨੀਆਂ **(Disadvantages)**

(i) ਸਮੂਹ ਦੀਆਂ ਕਾਰਜ ਵਿਧੀਆਂ ਵਿਚ ਸਰਗਰਮ ਸਹਿਭਾਗਤਾ ਤੋਂ ਬਿਨਾਂ ਉਸ ਸਮੂਹ ਦੇ ਵਤੀਰੇ ਅਤੇ ਕੰਮਾਂ ਨੂੰ ਨਹੀਂ ਸਮਝ ਸਕਦਾ। ਇਸੇ ਕਰਕੇ ਉਸ ਦੀਆਂ ਖੋਜਾਂ ਇਕ ਪਾਸੇ ਹੋ ਨਿਬੜਦੀਆਂ ਹਨ।

(ii) ਗੈਰ-ਸਹਿਭਾਗੀ ਹੋਣ ਕਰਕੇ ਸਮੂਹ ਦੇ ਮੈਂਬਰ ਉਸ ਪ੍ਰਤੀ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਆਪਣੀਆਂ ਗਤੀਵਿਧੀਆਂ ਨੂੰ ਡਰਾਮਈ ਢੰਗ ਨਾਲ ਕਰਦੇ ਹਨ।

(iii) ਨਿਰੀਖਕ ਦੇ ਉਥੇ ਹਾਜ਼ਰ ਹੋਣ ਦੇ ਬਾਵਜੂਦ ਉਸ ਸਮੂਹ ਦੇ ਕਾਰਜਾਂ ਵਿਚ ਭਾਗ ਨਹੀਂ ਲੈਂਦਾ। ਇਹ ਗੱਲ ਨਿਰੀਖਕ ਅਤੇ ਸਮੂਹ ਦੋਹਾਂ ਲਈ ਦੁਖਦਾਈ ਹੁੰਦੀ ਹੈ।

(iv) ਨਿਰੀਖਕ ਉਹਨਾਂ ਗਤੀਵਿਧੀਆਂ ਦਾ ਹੀ ਨਿਰੀਖਣ ਕਰ ਸਕਦਾ ਹੈ ਜੋ ਉਸ ਦੇ ਸਾਹਮਣੇ ਵਾਪਰਦੇ ਹਨ ਪਰ ਉਹ ਬਹੁਤ ਥੋੜ੍ਹੀ ਗਿਣਤੀ ਵਿਚ ਹੁੰਦੀਆਂ ਹਨ ਬਾਕੀ ਜੋ ਉਸ ਦੀ ਗੈਰ-ਹਾਜ਼ਰੀ ਵਿਚ ਵਾਪਰਦੀਆਂ ਹਨ ਉਹ ਉਸ ਦੇ ਘੇਰੇ ਵਿਚ ਨਹੀਂ ਆਉਂਦੀਆਂ।

(v) ਖੋਜ ਕਰਤਾ ਲੋਕਾਂ ਦੇ ਸਲਾਹੁਣ ਯੋਗ ਕੰਮ-ਕਾਜਾਂ ਨੂੰ ਸਲਾਹ ਨਹੀਂ ਸਕਦਾ ਜਿਸ ਕਰਕੇ ਉਸ ਦੀਆਂ ਖੋਜਾਂ ਵਿਚ ਤਰਫਦਾਰੀ ਦੇ ਮੌਕੇ ਬਣੇ ਰਹਿਦੇ ਹਨ।

(vi) ਨਿਰੀਖਕ ਆਪਣੇ ਤੇ ਸਮੂਹ ਦੇ ਮੈਂਬਰਾਂ ਦੇ ਇਕ ਦੂਜੇ ਵਲ ਅਜੀਬ ਵਤੀਰੇ ਕਰਕੇ ਘੁਟਿਆ ਘੁਟਿਆ ਮਹਿਸੂਸ ਕਰਦੇ ਹਨ।

### 4.5 ਸਾਰ

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਡੇਟਾ ਇਕੱਠਾ ਕਰਨ ਲਈ ਨਿਰੀਖਣ ਇਕ ਮਹੱਤਵਪੂਰਣ ਵਿਧੀ ਹੈ। ਵਿਗਿਆਨਕ ਢੰਗ ਨਾਲ ਨਿਰੀਖਣ ਕਰਕੇ ਕਿਸੇ ਵੀ ਸਮੱਸਿਆ ਦੀ ਤਹਿ ਤੱਕ ਜਾਇਆ ਜਾ ਸਕਦਾ ਹੈ। ਇਹ ਡੇਟਾ ਇਕੱਠਾ ਕਰਨ ਦਾ ਸਭ ਤੋਂ ਆਸਾਨ ਤਰੀਕਾ ਹੈ। ਨਿਰੀਖਣ ਦੋ ਕਿਸਮ ਦਾ ਹੋ ਸਕਦਾ ਹੈ ਸਹਿਭਾਗੀ ਅਤੇ ਗੈਰ ਸਹਿਭਾਗੀ। ਸਹਿਭਾਗੀ ਨਿਰੀਖਣ ਵਿਚ ਖੋਜਾਰਥੀ ਜਾਂ ਨਿਰੀਖਕ ਸਮੂਹ ਦਾ ਪੱਕਾ ਮੈਂਬਰ ਬਣ ਜਾਂਦਾ ਹੈ ਅਤੇ ਹਰ ਸਮੱਸਿਆਂ ਨੂੰ ਬਹੁਤ ਹੀ ਨਜਦੀਕ ਤੋਂ ਗਹੁ ਨਾਲ ਵੇਖਦਾ ਅਤੇ ਨੋਟ ਕਰਦਾ ਹੈ। ਉਹ ਸਮੂਹ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦਾ ਹੈ ਪਰੰਤੂ ਗੈਰ ਸਹਿਭਾਗੀ ਨਿਰੀਖਣ ਵਿਧੀ ਵਿਚ ਉਹ ਸਮੂਹ ਦਾ ਮੈਂਬਰ ਨਹੀਂ ਬਣਦਾ ਬਲਕਿ ਦੂਰੋਂ ਹੀ ਉਸ ਸਮੂਹ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਦਾ ਹੈ। ਹਰੇਕ ਵਿਧੀ ਦੇ ਆਪਣੇ ਹੀ ਕੁਝ ਨੁਕਸਾਨ ਤੇ ਫਾਇਦੇ ਹਨ ਪਰੰਤੂ ਜੇਕਰ ਨਿਰੀਖਕ ਬਿਨਾਂ ਪੱਖਪਾਤੀ ਰਵੱਈਏ ਨਾਲ ਨਿਰੀਖਣ ਕਰੇ ਤਾਂ ਇਸ ਵਿਧੀ ਦਾ ਡੇਟਾ ਇਕੱਠਾ ਕਰਨ ਵਿਚ ਬਹੁਤ ਮਹੱਤਵਪੂਰਣ ਯੋਗਦਾਨ ਹੈ।

## 4.6 ਅਭਿਆਸ ਲਈ ਪ੍ਰਸ਼ਨ

1. ਨਿਰੀਖਣ ਤੋਂ ਕੀ ਭਾਵ ਹੈ ? ਡੇਟਾ ਇਕੱਠਾ ਕਰਨ ਲਈ ਇਸ ਵਿਧੀ ਦਾ ਕਿਵੇਂ ਇਸਤੇਮਾਲ ਕੀਤਾ ਜਾਂਦਾ ਹੈ।
2. ਨਿਰੀਖਣ ਕਿਸਨੂੰ ਆਖਦੇ ਹਨ ? ਇਹ ਕਿੰਨੀ ਕਿਸਮ ਦਾ ਹੁੰਦਾ ਹੈ ? ਖੋਲ੍ਹ ਕੇ ਬਿਆਨ ਕਰੋ।
3. ਸਹਿਭਾਗੀ ਨਿਰੀਖਣ ਕਿਸਨੂੰ ਆਖਦੇ ਹਨ ? ਇਸ ਦੇ ਕੀ ਲਾਭ ਅਤੇ ਕੀ ਹਾਨੀਆਂ ਹਨ ?

## ਸੰਖੇਪ ਸਵਾਲ

(ੳ) ਨਿਰੀਖਣ ਤੋਂ ਕੀ ਭਾਵ ਹੈ ?

(ਅ) ਸਹਿਭਾਗੀ ਨਿਰੀਖਣ ਨੂੰ ਪਰਭਾਸ਼ਿਤ ਕਰੋ।

(ੲ) ਗੈਰ-ਸਹਿਭਾਗੀ ਨਿਰੀਖਣ ਦੀਆਂ ਹਾਨੀਆਂ ਦਸੋ।

## 4.7 ਉਪਯੋਗੀ ਪੁਸਤਕਾਂ

ਟੀ.ਆਰ. ਸ਼ਰਮਾ – ਵਿਦਿਅਕ ਖੋਜ ਵਿਧੀ

ਦਵਿੰਦਰ ਠਾਕੁਰ – ਰਿਸਰਚ ਮੈਥਡੋਲੋਜੀ ਇਨ ਸ਼ੋਸਲ ਸਾਇੰਸਿਜ

ਬਾਜਪਾਈ – ਮੈਥਡਜ ਆਫ਼ ਸ਼ੋਸਲ ਸਰਵੇਜ਼

ਪਾਠ ਨੰ: 1.5 ਲੇਖਕ : ਡਾ. ਪਲਵਿੰਦਰ ਸਿੰਘ

# ਇੰਟਰਵੀਊ
# (Interview)

## ਰੂਪ ਰੇਖਾ


5.0 ਉਦੇਸ਼
5.1 ਜਾਣ ਪਛਾਣ
5.2 ਸਫਲਤਾ ਪੂਰਵਕ ਇੰਟਰਵੀਊ ਦੀਆਂ ਸ਼ਰਤਾਂ
5.2.1 ਸੁਲੱਭਤਾ
5.2.2 ਸਮਝ ਜਾਂ ਅਨੁਭਵ
5.2.3 ਪ੍ਰੇਰਣਾ
5.2.4 ਪਰਸਪਰਤਾ
5.2.5 ਸਿਖਲਾਈ
5.3 ਮਹੱਤਤਾ
5.4 ਇੰਟਰਵੀਊ ਦੀਆਂ ਕਿਸਮਾਂ
5.4.1 ਸਟਰਕਚਰਡ ਇੰਟਰਵੀਊ
5.4.1.1 ਉਤਰਦਾਤਿਆਂ ਦੀ ਚੋਣ
5.4.1.2 ਫੀਲਡ ਵਰਕਰਾਂ ਦੀ ਚੋਣ ਅਤੇ ਸਿਖਲਾਈ
5.4.1.3 ਇੰਟਰਵਿਊ ਦੇ ਢੰਗ
5.4.1.4 ਸਹੀ ਜਵਾਬ ਹਾਸਿਲ ਕਰਨੇ
5.4.1.5 ਪ੍ਰਸ਼ਨ ਸੂਚੀ ਨੂੰ ਚੈਕ ਕਰਨਾ
5.4.2 ਅਨਸਟਰਕਚਰਡ ਇੰਟਰਵੀਊ
5.4.3 ਫੋਕਸਡ ਇੰਟਰਵਿਊ
5.4.4 ਰਪੀਟਿਡ ਇੰਟਰਵੀਊ
5.5 ਇੰਟਰਵੀਊ ਦਾ ਢੰਗ
5.6 ਇੰਟਰਵੀਊ ਸਾਰਣੀ ਅਤੇ ਪ੍ਰਸ਼ਨਾਵਲੀ ਦੀ ਬਣਤਰ
5.7 ਸਾਰ
5.8 ਅਭਿਆਸ ਲਈ ਪ੍ਰਸ਼ਨ
5.9 ਉਪਯੋਗੀ ਪੁਸਤਕਾਂ


## 5.0 ਉਦੇਸ਼

ਇਸ ਪਾਠ ਵਿਚ ਤੁਸੀਂ ਡੇਟਾ ਇਕੱਠਾ ਕਰਨ ਦੀ ਇਕ ਹੋਰ ਵਿਧੀ ਇੰਟਰਵੀਊ ਬਾਰੇ ਜਾਣਕਾਰੀ ਹਾਸਿਲ ਕਰੋਂਗੇ। ਤੁਸੀਂ ਇੰਟਰਵਿਊ ਵਿਧੀ ਅਤੇ ਇਸ ਦੀਆਂ ਲੋੜੀਦੀਆਂ ਸ਼ਰਤਾਂ ਦਾ ਗਿਆਨ ਹਾਸਿਲ ਕਰੋਂਗੇ।

ਡੇਟਾ ਇਕੱਠਾ ਕਰਨ ਵਿਚ ਇੰਟਰਵਿਊ ਵਿਧੀ ਦੀ ਕੀ ਮਹੱਤਤਾ ਹੈ ਇਸ ਨੂੰ ਬਿਆਨ ਕਰਨ ਦੇ ਯੋਗ ਹੋਵੋਗੇ।

ਇੰਟਰਵੀਊ ਦੀਆਂ ਵੱਖੋ ਵੱਖ ਕਿਸਮਾਂ ਨੂੰ ਵਰਨਣ ਕਰ ਸਕੋਗੇ।

## 5.1 ਜਾਣ ਪਛਾਣ

ਰਿਸਰਚ ਡਿਜ਼ਾਈਨ ਵਿਚ ਸਭ ਤੋਂ ਪਹਿਲਾਂ ਸਮੱਸਿਆ ਦੀ ਚੋਣ ਕੀਤੀ ਜਾਂਦੀ ਹੈ। ਸਮੱਸਿਆ ਦੀ ਚੋਣ ਤੋਂ ਬਾਅਦ ਵਿਧੀ ਵਿਗਿਆਨ ਤਿਆਰ ਕੀਤਾ ਜਾਂਦਾ ਹੈ, ਜਿਸ ਵਿਚ ਕੁਝ ਖਾਸ ਕਿਸਮ ਦੀਆਂ ਖੋਜ ਤਕਨੀਕਾਂ ਬਾਰੇ ਗੌਰ ਕੀਤੀ ਜਾਂਦੀ ਹੈ। ਇੰਟਰਵੀਊ ਉਨ੍ਹਾਂ ਤਕਨੀਕਾਂ ਵਿਚੋਂ ਇਕ ਹੈ। ਇਸ ਤਕਨੀਕ ਦੀ ਸਹਾਇਤਾ ਨਾਲ ਖੋਜੀ ਆਪਣੇ ਲਏ ਗਏ ਸੈਂਪਲਾਂ ਵਿਚੋਂ ਆਪਣੀ ਚੁਣੀ ਹੋਈ ਸਮੱਸਿਆ ਬਾਰੇ ਯੋਗ ਜਾਣਕਾਰੀ ਇਕੱਠੀ ਕਰਦਾ ਹੈ। ਭਾਵੇਂ ਕਿ ਨਿਰੀਖਣ ਜਾਂ ਪ੍ਰਸ਼ਨਾਵਲੀ ਵਿਧੀ ਕਾਫ਼ੀ ਇਸਤੇਮਾਲ ਹੁੰਦੀ ਰਹੀ ਹੈ ਪਰ ਹੁਣ ਦੇ ਸਮੇਂ ਵਿਚ ਇੰਟਰਵੀਊ ਤਕਨੀਕ ਦੀ ਵਰਤੋਂ ਸਭ ਤੋਂ ਜ਼ਿਆਦਾ ਹੋ ਰਹੀ ਹੈ। ਭਾਵੇ ਕਿ ਇਹ ਵੀ ਸੀਮਾਵਾਂ ਅਤੇ ਗਲਤੀਆਂ ਤੋਂ ਬੇਲਾਗ ਨਹੀਂ ਹੈ। ਇੰਟਰਵਿਊ ਵਿਧੀ ਵਿਚ ਇਕ ਇੰਟਰਵੀਊ ਲੈਣ ਵਾਲਾ ਹੁੰਦਾ ਹੈ ਜੋ ਦੂਜੇ ਆਦਮੀ ਜਾਂ ਆਦਮੀਆਂ ਦੇ ਆਹਮਣੇ ਸਾਹਮਣੇ ਹੋ ਕੇ ਸਵਾਲ ਪੁੱਛਦਾ ਹੈ, ਉਨ੍ਹਾਂ ਨੂੰ ਇੰਟਰਵੀਊ ਦੇਣ ਵਾਲਾ ਕਿਹਾ ਜਾਂਦਾ ਹੈ, ਜੋ ਉਸ ਦੇ ਸਵਾਲਾਂ ਦਾ ਜਵਾਬ ਦਿੰਦੇ ਹਨ। **ਪੀ.ਵੀ. ਯੰਗ** ਅਨੁਸਾਰ, "ਇੰਟਰਵੀਊ ਨੂੰ ਇਕ ਕ੍ਰਮਬੱਧ ਢੰਗ ਵਜੋਂ ਵੀ ਜਾਣਿਆ ਜਾ ਸਕਦਾ ਹੈ। ਜਿਸ ਦੁਆਰਾ ਇਕ ਆਦਮੀ ਘੱਟ ਜਾਂ ਵੱਧ ਕਲਪਤ ਤੌਰ ਤੇ ਇਕ ਆਪੇਖਿਅਕ ਅਜਨਬੀ ਦੀ ਜ਼ਿੰਦਗੀ ਵਿਚ ਦਾਖਲਾ ਹੁੰਦਾ ਹੈ।"

ਰਸਮੀ ਗੈਰ ਰਸਮੀ (formal) ਇੰਟਰਵੀਊ ਦੌਰਾਨ ਬਣੇ ਬਣਾਏ ਸਵਾਲ ਪੁੱਛੇ ਜਾਂਦੇ ਹਨ ਅਤੇ ਉਨ੍ਹਾਂ ਦੇ ਜਵਾਬ ਸਹੀ ਢੰਗ ਨਾਲ ਰਿਕਾਰਡ ਕੀਤੇ ਜਾਂਦੇ ਹਨ। ਪ੍ਰੰਤੂ ਗੈਰ ਰਸਮੀ (Informal) ਇੰਟਰਵੀਊ ਦੌਰਾਨ ਸਵਾਲਾਂ ਦੀ ਕ੍ਰਮਬੱਧਤਾ ਬਦਲੀ ਜਾ ਸਕਦੀ ਹੈ ਕੁਝ ਸਵਾਲ ਕੱਢੇ ਜਾ ਸਕਦੇ ਹਨ ਕੁਝ ਨਵੇਂ ਪਾਏ ਜਾ ਸਕਦੇ ਹਨ ਸਵਾਲਾਂ ਦਾ ਅਰਥ ਸਮਝਿਆ ਜਾ ਸਕਦਾ ਹੈ, ਉਹਨਾਂ ਦੀ ਸ਼ਬਦਾਵਲੀ ਬਦਲੀ ਜਾ ਸਕਦੀ ਹੈ। ਕਈ ਵਾਰ ਗੈਰ-ਰਸਮੀ ਇੰਟਰਵੀਊ ਕਰਨ ਵਾਲੇ ਕੋਲ ਸਵਾਲਾਂ ਦਾ ਸੈਟ ਨਹੀਂ ਹੁੰਦਾ ਸਗੋਂ ਸਿਰਫ ਮੁੱਖ ਨੁਕਤੇ ਹੀ ਹੁੰਦੇ ਹਨ ਜਿਨ੍ਹਾਂ ਦੇ ਆਧਾਰ ਤੇ ਉਹ ਇੰਟਰਵੀਊ ਕਰਦਾ ਹੈ। ਜਦੋਂ ਇੰਟਰਵੀਊ ਸਮੇਂ ਜਵਾਬ ਲਿਖੇ ਜਾਂਦੇ ਹਨ ਤਾਂ ਇਹ ਕਾਫੀ ਮਹੱਤਵਪੂਰਣ ਸਿੱਧ ਹੁੰਦੇ ਹਨ ਕਿਉਂਕਿ ਉਹ ਕਾਫੀ ਲਾਭਦਾਇਕ ਸਮੱਗਰੀ ਲਿਖ ਲੈਂਦੇ ਹਨ। ਦੂਸਰਾ ਇਹ ਲਿਖਤ ਸਮੱਗਰੀ ਬਹੁਤ ਲੰਮੇ ਸਮੇਂ ਤੱਕ ਸੰਭਾਲੀ ਜਾ ਸਕਦੀ ਹੈ।

**ਥਾਮਸ ਅਤੇ ਜਨਾਨੇਸਕੀ** ਨੇ ਆਪਣੀ ਸਮੱਸਿਆ ਦੀ ਪੋਲਿਸ਼ ਪੀਜੈਂਟ (Polish Peasent) ਦੇ ਅਧਿਐਨ ਲਈ ਇਸ ਤਕਨੀਕ ਦੀ ਵਰਤੋਂ ਕੀਤੀ, ਜਿਸ ਵਿਚ ਨਵੀਆਂ ਸਮਾਜਿਕ ਹਾਲਤਾਂ ਵਿਚ ਆਵਾਸੀਆਂ ਦੇ ਸਮਨਵੇਂ (adjustment) ਦੇ ਤਰੀਕੇ ਬਾਰੇ ਵੇਖਿਆ ਗਿਆ। **ਅਡੋਰਨੋ** ਅਤੇ ਉਸ ਦੇ ਸਾਥੀਆਂ ਨੇ ਵੀ ਆਪਣੇ ''ਦੀ ਅਥਾਰੀਟੇਰੀਅਨ ਪਰਸਨੈਲਟੀ '' ਦੇ ਅਧਿਐਨ ਵਾਸਤੇ ਇਹ ਤਕਨੀਕ ਵਰਤੀ। **ਸਟੋਫਰ** ਅਤੇ ਉਸਦੇ ਸਾਥੀਆਂ ਨੇ ਵੀ 'ਦੀ ਅਮੈਰੀਕਨ ਸੋਲਜਰ' ਦੇ ਅਧਿਐਨ ਵਿਚ ਇਸ ਵਿਧੀ ਦੀ ਵਰਤੋਂ ਕੀਤੀ।

ਇਸ ਵਿਧੀ ਦੇ ਮੁੱਖ ਉਦੇਸ਼ ਆਦਮੀਆਂ ਅਤੇ ਸਮੂਹਾਂ ਦੀ ਅੰਦਰਲੀ ਅਤੇ ਬਾਹਰਲੀ ਜ਼ਿੰਦਗੀ ਵਿਚ ਪ੍ਰਵੇਸ਼ ਕਰਕੇ ਉਹਨਾਂ ਦੇ ਵਤੀਰੇ ਅਤੇ ਸਮੱਸਿਆਵਾਂ ਪ੍ਰਤੀ ਦ੍ਰਿਸ਼ਟੀਕੋਣ ਨੂੰ ਜਾਨਣਾ ਹੈ। **ਪੀ.ਵੀ. ਯੰਗ** ਅਨੁਸਾਰ ਇੰਟਰਵੀਊ ਤਕਨੀਕ ਦੇ ਉਦੇਸ਼ ਮਨੁੱਖ ਦੀ ਜ਼ਿੰਦਗੀ ਦੇ ਇਤਿਹਾਸ ਬਾਰੇ ਅੰਕੜੇ ਇਕੱਠਾ ਕਰਨਾ ਹੈ ਜਿਸ ਵਿਚ ਆਦਮੀ ਦੇ ਤਜ਼ਰਬਿਆਂ ਦਾ ਪੂਰਾ ਹਿਸਾਬ ਕਿਤਾਬ ਅਤੇ ਉਸ ਦੀ ਜ਼ਿੰਦਗੀ ਦੇ ਪੂਰੇ ਚੱਕਰ ਵਿਚ ਕੀਮਤਾਂ ਦਾ ਹਿਸਾਬ ਕਿਤਾਬ ਭਾਵ ਮਨੁੱਖੀ ਸ਼ਖਸੀਅਤ ਦਾ ਪੂਰਾ ਚਿੱਤਰ ਪ੍ਰਾਪਤ ਕਰਨਾ ਹੁੰਦਾ ਹੈ।

ਅੱਜ ਦੇ ਆਧੁਨਿਕ ਯੁੱਗ ਵਿਚ ਲੋਕ ਅਲੱਗ ਅਲੱਗ ਕਿਸਮ ਦੇ ਤਜ਼ਰਬੇ ਲਈ ਫਿਰਦੇ ਹਨ। ਕੁਝ ਲੋਕਾਂ ਵਿਚ ਕਾਫੀ ਸਮਾਨਤਾਵਾਂ ਹਨ, ਕਈ ਲੋਕਾਂ ਦੀਆਂ ਸਮਾਜਿਕ ਕਦਰਾਂ ਕੀਮਤਾਂ ਅਤੇ ਵਤੀਰੇ ਵਿਚ ਕਾਫੀ ਭਿੰਨਤਾ ਪਾਈ ਜਾਂਦੀ ਹੈ। ਸ਼ਹਿਰੀਕਰਣ ਅਤੇ ਉਦਯੋਗੀਕਰਣ ਦੇ ਵਾਧੇ ਕਾਰਣ ਲੋਕੀ ਸਮਾਜਿਕ ਜ਼ਿੰਦਗੀ ਦੇ ਖੇਤਰ ਵਿਚ ਦੂਰ ਦੂਰ ਜਾ ਰਹੇ ਹਨ। ਲੋਕਾਂ ਦੀ ਸੋਚ ਬਦਲ ਰਹੀ ਹੈ। ਲੋਕ ਜ਼ਿਆਦਾ ਪਦਾਰਥਵਾਦੀ ਬਣਦੇ ਜਾ ਰਹੇ ਹਨ। ਪੁਰਾਣੇ ਸਮਾਜਿਕ ਰਿਸ਼ਤੇ, ਤੇ ਕੀਮਤਾਂ ਟੁੱਟ ਰਹੀਆਂ ਹਨ। ਇਹ

ਇੰਟਰਵੀਊ ਲੈਣ ਵਾਲੇ ਦਾ ਫਰਜ਼ ਬਣਦਾ ਹੈ ਕਿ ਉਹਨਾਂ ਦੀ ਜ਼ਿੰਦਗੀ ਵਿਚ ਘੁੱਸ ਕੇ ਇਹ ਜਾਣੇ ਕਿ ਉਹ ਕੀ ਸੋਚ ਰਹੇ ਹਨ। ਜ਼ਿੰਦਗੀ ਦੇ ਇਤਿਹਾਸ ਦੀ ਸਮੱਗਰੀ ਨੂੰ ਸਮਝਣਾ ਜ਼ਰੂਰੀ ਹੈ ਜਿਸ ਵਿਚ ਵਿਅਕਤੀ ਨੇ ਸਾਰੇ ਤਜ਼ਰਬੇ ਸਮੋਏ ਹੁੰਦੇ ਹਨ ਅਤੇ ਇਹ ਜਾਣਨ ਲਈ ਮਨੁੱਖੀ ਸ਼ਖਸੀਅਤ ਦੇ ਚਿੱਤਰ ਨੂੰ ਸਮਝਣਾ ਬਹੁਤ ਹੀ ਜਰੂਰੀ ਹੈ। ਹਰ ਕਿਸਮ ਦੇ ਵਿਗਿਆਨਕ ਅਧਿਐਨਾਂ ਵਿਚ ਇਸ ਵਿਧੀ ਦੀ ਵਰਤੋਂ ਨੂੰ ਪਹਿਲ ਦਿੱਤੀ ਜਾਂਦੀ ਹੈ। **ਲਿੰਡਜ਼** ਨੇ ਆਪਣੀ 'ਮਿਡਲਟਾਊਨ' ਸਟੱਡੀ ਵਿਚ ਸਮਾਜ ਦੇ ਸਾਰੇ ਵਰਗਾਂ ਦੀ ਇੰਟਰਵੀਊ ਕੀਤੀ। **ਕਿਨਸੇ** ਅਤੇ ਉਸ ਦੇ ਸਾਥੀਆਂ ਨੇ 'ਲਿੰਗ ਆਦਤਾਂ ਅਤੇ ਅਭਿਆਸ' ਬਾਰੇ ਬੱਚਿਆਂ ਸਮੇਤ ਹਜ਼ਾਰਾਂ ਲੋਕਾਂ ਦੀ ਇੰਟਰਵੀਊ ਕੀਤੀ।

ਇੰਟਰਵੀਊ ਦਾ ਅਗਲਾ ਉਦੇਸ਼ ਹੈ, ਵਿਅਕਤੀ ਤੋਂ ਉਹ ਸਮੱਗਰੀ ਪ੍ਰਾਪਤ ਕਰਨਾ, ਜਿਸ ਦਾ ਸਿਰਫ ਉਸ ਨੂੰ ਹੀ ਪਤਾ ਹੁੰਦਾ ਹੈ, ਇਹ ਸਮੱਗਰੀ ਕਿਸੇ ਦੂਜੇ ਕੋਲੋਂ ਨਹੀਂ ਪਤਾ ਕੀਤੀ ਜਾ ਸਕਦੀ। ਉਹ ਦਿੱਤੀਆਂ ਹੋਈਆਂ ਹਾਲਤਾਂ ਵਿਚ ਸ਼ਾਬਦਿਕ ਵਤੀਰੇ ਦਾ ਪ੍ਰਯੋਗਸ਼ਾਲੀ ਅਧਿਐਨ ਕਰਦਾ ਹੈ। ਇਸ ਲਈ ਉਹ ਉਤਰਦਾਤੇ ਨੂੰ ਸਵਾਲ ਸਮਝਾਉਂਦਾ ਹੈ ਅਤੇ ਉਤਰਦਾਤਾ ਉਸ ਦਾ ਜਵਾਬ ਦਿੰਦਾ ਹੈ। ਜਿਸ ਦੇ ਜਵਾਬ ਨੂੰ ਇੰਟਰਵੀਊ ਲੈਣ ਵਾਲਾ ਵੇਖਦਾ ਹੈ ਕਿ ਉਸ ਦੀਆਂ ਪਰਿਕਲਪਨਾਵਾਂ ਦੇ ਅਨੁਕੂਲ ਹੈ ਕਿ ਨਹੀਂ। ਇੰਰਵੀਊ ਲੈਣ ਵਾਲਾ ਇੰਟਰਵੀਊ ਸਮੇਂ ਉੱਤਰਦਾਤੇ ਦੇ ਬਦਲਦੇ ਅਭਿਵਿਅੰਜਨਾਂ ਨੂੰ ਨੋਟ ਕਰਦਾ ਹੈ, ਉਸ ਦੀਆਂ ਪ੍ਰਤਿਕ੍ਰਿਆਵਾਂ ਨੂੰ ਵੀ ਨੋਟ ਕਰਦਾ ਹੈ।

## 5.2 ਸਫਲਤਾ ਪੂਰਵਕ ਇੰਟਰਵੀਊ ਦੀਆਂ ਸ਼ਰਤਾਂ (Conditions for a Successfull Interview)

### 5.2.1 ਸੁਲੱਭਤਾ (Accessibility)

ਜੋ ਗੱਲ ਇੰਟਰਵੀਊ ਕਰਤਾ ਪੁੱਛਣਾ ਚਾਹੁੰਦਾ ਹੈ ਉਹ ਉਤਰਦਾਤੇ ਨੂੰ ਪਤਾ ਹੋਣੀ ਚਾਹੀਦੀ ਹੈ। ਜੇ ਉਸ ਨੂੰ ਪਤਾ ਨਹੀਂ ਤਾਂ ਉਹ ਉਸ ਸਵਾਲ ਦਾ ਜਵਾਬ ਕਿਵੇਂ ਦੇ ਸਕਦਾ ਹੈ। ਇਹ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਉਹ ਪਹਿਲਾਂ ਇਸ ਬਾਰੇ ਜਾਣਦਾ ਸੀ ਪਰ ਹੁਣ ਉਹ ਭੁੱਲ ਚੁੱਕਾ ਹੈ ਜਾਂ ਜਿਸ ਢੰਗ ਨਾਲ ਉਸ ਨੂੰ ਸਵਾਲ ਕੀਤਾ ਜਾਂਦਾ ਹੈ ਉਹ ਉਸ ਨੂੰ ਅੱਛਾ ਨਹੀਂ ਲੱਗਦਾ। ਉਹ ਉਸ ਦਾ ਜਵਾਬ ਨਹੀਂ ਦਿੰਦਾ ਟਾਲ ਜਾਂਦਾ ਹੈ। ਇਸ ਲਈ ਇਹ ਇੰਟਰਵਿਊ ਲੈਣ ਵਾਲੇ ਤੇ ਨਿਰਭਰ ਕਰਦਾ ਹੈ ਉਹ ਕੀ ਤੇ ਕਿਵੇਂ ਪੁੱਛਦਾ ਹੈ ?

### 5.2.2 ਸਮਝ ਜਾਂ ਅਨੁਭਵ (Cognition)

ਉੱਤਰਦਾਤੇ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਤੋਂ ਕਿਸ ਚੀਜ਼ ਦੀ ਇੱਛਾ ਕੀਤੀ ਜਾ ਰਹੀ ਹੈ ਕਿਉਂਕਿ ਇੰਟਰਵੀਊ ਸਮੇ ਉੱਤਰਦਾਤੇ ਨੇ ਮਹੱਤਵਪੂਰਣ ਭੂਮਿਕਾ ਨਿਭਾਉਣੀ ਹੁੰਦੀ ਹੈ ਅਤੇ ਉਸ ਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਇੰਟਰਵੀਊ ਲੈਣ ਵਾਲਾ ਉਸ ਤੋਂ ਕਿਹੋ ਜਿਹੀ ਗੱਲ ਪੁੱਛਣਾ ਚਾਹ ਰਿਹਾ ਹੈ। ਸੋ ਉਸ ਨੇ ਸੋਚਣਾ ਹੁੰਦਾ ਹੈ ਕਿ ਉਸ ਨੇ ਸਵਾਲ ਦੇ ਜਵਾਬ ਵਜੋਂ ਕੀ ਵਾਜਿਬ ਜਵਾਬ ਦੇਣਾ ਹੈ, ਕਿਸ ਅੰਦਾਜ਼ ਨਾਲ ਦੇਣਾ ਹੈ। ਇਥੇ ਇੰਟਰਵੀਊ ਲੈਣ ਵਾਲੇ ਦਾ ਫਰਜ਼ ਹੈ ਕਿ ਉਹ ਇੰਟਰਵਿਊ ਦੀ ਪ੍ਰਕ੍ਰਿਤੀ ਬਾਰੇ ਉੱਤਰਦਾਤੇ ਨੂੰ ਚੰਗੀ ਤਰ੍ਹਾਂ ਸਮਝਾ ਦੇਵੇ।

### 5.2.3 ਪ੍ਰੇਰਣਾ (Motivation)

ਉੱਤਰਦਾਤੇ ਨੂੰ ਖਾਸ ਕਿਸਮ ਦੀ ਪ੍ਰੇਰਣਾ ਹੋਣੀ ਚਾਹੀਦੀ ਹੈ ਤਾਂ ਕਿ ਉਹ ਸਵਾਲਾਂ ਦੇ ਸਹੀ ਉੱਤਰ ਦੇਵੇ। ਇਸ ਵਿਚ ਉਸ ਦਾ ਸ਼ੁਰੂ ਦਾ ਫੈਸਲਾ ਹੁੰਦਾ ਹੈ ਕਿ ਉਸ ਨੇ ਇੰਟਰਵੀਊ ਵਾਲੇ ਨਾਲ ਸਹਿਯੋਗ ਕਰਨਾ ਹੈ ਕਿ ਨਹੀਂ। ਉਸ ਨੇ ਇੰਟਰਵੀਊ ਜਾਰੀ ਰੱਖਣੀ ਹੈ ਕਿ ਨਹੀਂ ਅਤੇ ਉਸ ਨੇ ਸਹੀ ਸਹੀ ਜਵਾਬ ਦੇਣੇ ਹਨ ਕਿ ਨਹੀ। ਉਸ ਨੂੰ ਇੰਟਰਵੀਊ ਲੈਣ ਵਾਲਾ ਪ੍ਰਭਾਵਿਤ ਕਰ ਸਕਿਆ ਕਿ ਨਹੀਂ ਭਾਵ ਉਸ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੈ ਕਿ ਨਹੀਂ। ਇਸ ਲਈ ਇੰਟਰਵੀਊ ਲੈਣ ਵਾਲੇ ਦੀ ਨਿਪੁੰਨਤਾ ਤੇ ਨਿਰਭਰ ਕਰਦਾ ਹੈ ਕਿ ਉਹ ਕਿਵੇਂ ਉੱਤਰਦਾਤੇ ਦੇ ਦਿਲ ਵਿਚੋਂ ਡਰ ਦੂਰ ਕਰਦਾ ਹੈ। ਉਹ ਕਿਵੇਂ ਉੱਤਰਦਾਤੇ

ਦੇ ਮਨ ਦੇ ਸ਼ੰਕਿਆਂ ਨੂੰ ਦੂਰ ਕਰਦਾ ਹੈ, ਉਸ ਨੂੰ ਗਾਇਡ ਕਰਦਾ ਹੈ, ਉਸ ਦੀ ਬੋਰੀਅਤ ਅਤੇ ਉਦਾਸੀ ਦੂਰ ਕਰਦਾ ਹੈ। ਉਸ ਦੇ ਇੰਟਰਵੀਊ ਲੈਣ ਦੇ ਉਦੇਸ਼ ਨੂੰ ਦੱਸਦਾ ਹੈ।

### 5.2.4 ਪਰਸਪਰਤਾ (Interaction)

ਉੱਤਰਦਾਤਾ ਤੇ ਇੰਟਰਵੀਊ ਲੈਣ ਵਾਲਾ ਜਦੋਂ ਇੰਟਰਵੀਊ ਸ਼ੁਰੂ ਕਰਨ ਤੋਂ ਪਹਿਲਾਂ ਮਿਲਦੇ ਹਨ ਤਾਂ ਉਹ ਇਕ ਦੂਜੇ ਦਾ ਨਿਰੀਖਣ ਕਰਦੇ ਹਨ। ਉਹਨਾਂ ਦੀ ਪਹਿਲੀ ਗੈਰ-ਰਸਮੀ ਗੱਲਬਾਤ ਤੋਂ ਹੀ ਉਹਨਾਂ ਨੂੰ ਇਕ ਦੂਜੇ ਬਾਰੇ ਪਤਾ ਲੱਗ ਜਾਦਾ ਹੈ ਕਿ ਉੱਤਰਦਾਤਾ ਉਸ ਨੂੰ ਕਿਥੋਂ ਤਕ ਸਹਿਯੋਗ ਦੇਵੇਗਾ ਜਾਂ ਕਿਥੋਂ ਤਕ ਸਹੀ ਜਾਣਕਾਰੀ ਦੇਵੇਗਾ। ਇਸੇ ਤਰ੍ਹਾਂ ਉੱਤਰਦਾਤੇ ਨੂੰ ਪਤਾ ਲੱਗ ਜਾਂਦਾ ਹੈ ਕਿ ਇੰਟਰਵੀਊ ਕਰਤਾ ਕਿਸ ਸ਼ਖਸੀਅਤ ਦਾ ਮਾਲਕ ਹੈ। ਉਹ ਉਸ ਨਾਲ ਸਹਿਯੋਗ ਕਰਨ ਜਾਂ ਨਾ ਕਰਨ ਬਾਰੇ ਪਹਿਲਾਂ ਹੀ ਫੈਸਲਾ ਕਰ ਲੈਂਦਾ ਹੈ।

### 5.2.5 ਸਿਖਲਾਈ (Training)

ਅਸਲ ਵਿਚ ਇੰਟਰਵੀਊ ਪ੍ਰੀਕ੍ਰਿਆ ਲਈ ਇੰਟਰਵੀਊ ਲੈਣ ਵਾਲੇ ਅਤੇ ਦੇਣ ਵਾਲੇ ਦੋਹਾਂ ਦੀ ਸਿਖਲਾਈ ਜ਼ਰੂਰੀ ਹੈ। ਇੰਟਰਵੀਊ ਕਰਤਾ ਤਾਂ ਜ਼ਰੂਰ ਹੀ ਕੁਸ਼ਲ ਤੇ ਨਿਪੁੰਨ ਹੋਣਾ ਚਾਹੀਦਾ ਹੈ ਤਾਂ ਕਿ ਉੱਤਰਦਾਤੇ ਤੋਂ ਵਾਜਬ ਸਮੱਗਰੀ ਪੂਰੀ ਤਰ੍ਹਾਂ ਪ੍ਰਾਪਤ ਕਰ ਸਕੇ। ਇੰਟਰਵੀਊ ਲੈਣ ਵਾਲਾ ਆਪਣੇ ਵਿਅਕਤੀਤਵ ਨੂੰ ਇੰਟਰਵੀਊ ਦੌਰਾਨ ਭਾਰੂ ਨਾ ਹੋਣ ਦੇਵੇ ਅਤੇ ਇਹ ਵੀ ਖਿਆਲ ਰੱਖੇ ਕਿ ਉੱਤਰਦਾਤਾ ਵੀ ਗਲਤ ਜਾਣਕਾਰੀਆਂ ਨਾ ਦੇ ਸਕੇ। ਇਸੇ ਤਰ੍ਹਾਂ ਹੀ ਉੱਤਰਦਾਤੇ ਦੀ ਵੀ ਟਰੇਨਿੰਗ ਜ਼ਰੂਰੀ ਹੈ ਤਾਂ ਕਿ ਸਹੀ ਸਹੀ ਤੇ ਜਲਦੀ ਜਵਾਬ ਦੇ ਸਕੇ ਤਾਂ ਕਿ ਸਮੇਂ ਦੀ ਬਰਬਾਦੀ ਨਾ ਹੋਵੇ ਤੇ ਨਤੀਜੇ ਵੀ ਠੀਕ ਨਿਕਲ ਸਕਣ।

## 5.3 ਇੰਟਰਵੀਊ ਦੀ ਮਹੱਤਤਾ (Importance)

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਜਿਕ ਖੋਜ ਵਿਚ ਇੰਟਰਵੀਊ ਤਕਨੀਕ ਦੀ ਮਹੱਤਤਾ ਨੂੰ ਦੂਜੀਆਂ ਤਕਨੀਕਾਂ ਨਾਲ ਮੇਲ ਕੇ ਹੀ ਵੇਖਿਆ ਜਾ ਸਕਦਾ ਹੈ। ਨਿਰੀਖਣ, ਪ੍ਰਸ਼ਨਾਵਲੀ, ਕੇਸ ਸਟੱਡੀ ਅਤੇ ਇੰਟਰਵੀਊ ਤਕਨੀਕਾਂ ਦੇ ਸੁਮੇਲ ਦੀ ਵਰਤੋਂ ਨਾਲ ਹੀ ਵਧੀਆਂ ਨਤੀਜੇ ਕੱਢੇ ਜਾ ਸਕਦੇ ਹਨ ਪਰ ਕਈ ਵਾਰ ਅਧਿਐਨ ਦੀ ਪ੍ਰਕ੍ਰਿਤੀ ਅਨੁਸਾਰ ਤਕਨੀਕ ਦੀ ਵਰਤੋਂ ਕਰਨੀ ਪੈਂਦੀ ਹੈ। ਕਈ ਘਟਨਾਵਾਂ ਜਿਵੇਂ ਜਨਮ ਮਰਨ, ਅਤੇ ਵਿਆਹ ਦੀਆਂ ਰਸਮਾਂ ਨੂੰ ਸਮਝਣ ਲਈ ਨਿਰੀਖਣ ਵਿਧੀ ਹੀ ਉਚਿਤ ਵਿਧੀ ਹੈ। ਇਸੇ ਤਰ੍ਹਾਂ ਰੀਤੀ ਰਿਵਾਜਾਂ ਦੇ ਉਲੰਘਣ, ਜ਼ਿੰਦਗੀ ਦੇ ਸਲੀਕੇ ਵਿਚ ਤਬਦੀਲੀ ਨੂੰ ਇੰਟਰਵੀਊ ਤਕਨੀਕ ਰਾਹੀਂ ਹੀ ਬੇਹਤਰ ਸਮਝਿਆ ਜਾ ਸਕਦਾ ਹੈ।

(i) ਇੰਟਰਵੀਊ ਤਕਨੀਕ ਇਕ ਨਿਪੁੰਨ ਅਤੇ ਕੁਸ਼ਲ ਇੰਟਰਵੀਊ ਕਰਤਾ ਤੇ ਹੱਥ ਵਿਚ ਇਕ ਲਚਕੀਲੀ ਵਿਧੀ ਹੈ। ਦੂਜੀਆਂ ਤਕਨੀਕਾਂ ਦੇ ਮੁਕਾਬਲੇ ਇਹ ਜ਼ਿਆਦਾ ਉਚਿਤ ਵਾਤਾਵਰਣ ਪੈਦਾ ਕਰਦੀ ਹੈ।

(ii) ਜੋ ਸਵਾਲ ਉਤਰਦਾਤੇ ਨੂੰ ਨਹੀਂ ਸਮਝ ਆਉਂਦੇ ਉਹਨਾਂ ਨੂੰ ਦੁਬਾਰਾ ਸਪਸ਼ਟ ਕੀਤਾ ਜਾ ਸਕਦਾ ਹੈ, ਦੁਬਾਰਾ ਦੱਸੇ ਜਾ ਸਕਦੇ ਹਨ, ਦੁਬਾਰਾ ਪੁੱਛੇ ਜਾ ਸਕਦੇ ਹਨ।

(iii) ਇਹ ਉਨ੍ਹਾਂ ਅਪੂਰਨ ਵਿਅਕਤੀਗਤ ਤੱਤਾਂ ਜਿਵੇਂ ਵਤੀਰਾ, ਭਾਵਨਾਵਾਂ, ਪ੍ਰਤੀਕ੍ਰਿਆਵਾਂ ਨੂੰ ਜਾਨਣ ਦਾ ਸਭ ਤੋਂ ਪ੍ਰਭਾਵੀ ਸਾਧਨ ਹੈ। ਜਿਨ੍ਹਾਂ ਦਾ ਨਿਰੀਖਣ ਨਹੀਂ ਕੀਤਾ ਜਾ ਸਕਦਾ। ਭਾਵੇਂ ਕਿ ਇਹ ਸਾਡੀ ਜ਼ਿੰਦਗੀ ਦੀਆਂ ਕ੍ਰਿਆਵਾਂ ਨੂੰ ਪ੍ਰਭਾਵਿਤ ਕਰਦੇ ਹਨ ਕੋਈ ਵੀ ਸਮਾਜਿਕ ਅਧਿਐਨ ਉਨ੍ਹਾਂ ਚਿਰ ਪੂਰਾ ਨਹੀਂ ਹੋ ਸਕਦਾ ਜਿਨ੍ਹਾਂ ਚਿਰ ਵੱਖ ਵੱਖ ਵਰਤਾਰਿਆਂ ਦਾ ਇਹਨਾਂ ਉਤੇ ਪ੍ਰਭਾਵ ਨਹੀਂ ਜਾਣ ਲਿਆ ਜਾਂਦਾ।

(iv) ਇੰਟਰਵੀਊ ਕਰਤਾ ਉੱਤਰਾਂ ਦੀ ਸਪਸ਼ਟਤਾ ਅਤੇ ਸਾਰਥਿਕਤਾ ਦੂਜੀਆਂ ਤਕਨੀਕਾਂ ਦੇ ਮੁਕਾਬਲੇ ਵੱਧ ਕੁਸ਼ਲਤਾ ਨਾਲ ਪ੍ਰਾਪਤ ਕਰ ਸਕਦਾ ਹੈ।

(v) ਲੰਮੀ ਇੰਟਰਵੀਊ ਦੁਆਰਾ ਇੰਟਰਵੀਊ ਕਰਤਾ ਉਤਰਦਾਤੇ ਦੇ ਦ੍ਰਿਸ਼ਟੀਕੋਣ ਨੂੰ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਹੈ।

(vi) ਜੇ ਠੀਕ ਨਿਯੰਤਰਣਾਂ ਦਾ ਇਸਤੇਮਾਲ ਕੀਤਾ ਜਾਵੇ ਤਾਂ ਇਸ ਵਿਧੀ ਰਾਹੀਂ ਇਕੱਠੀ ਕੀਤੀ ਸਮੱਗਰੀ ਵਧੇਰੇ ਉਚਿਤ ਸਿੱਧ ਹੋ ਸਕਦੀ ਹੈ ਜਿਸ ਦੀ ਵਰਤੋਂ ਸਧਾਰਨੀਕਰਨ ਲਈ ਕੀਤੀ ਜਾ ਸਕਦੀ ਹੈ।

(vii) ਇਸ ਵਿਧੀ ਦੁਆਰਾ ਉਤਰਦਾਤੇ ਜ਼ਿਆਦਾ ਸੰਤੁਸ਼ਟ ਮਹਿਸੂਸ ਕਰਦੇ ਹਨ ਕਿਉਂਕਿ ਉਹ ਆਪਣਾ ਡਰ, ਭੈਅ ਸ਼ੱਕ ਇੰਟਰਵੀਊ ਕਰਤਾ ਕੋਲ ਦੱਸ ਸਕਦੇ ਹਨ।

(viii) ਜੇ ਕਿਤੇ ਉੱਤਰਦਾਤਾ ਗਲਤ ਜਵਾਬ ਦੇ ਰਿਹਾ ਹੋਵੇ ਤਾਂ ਇੰਟਰਵੀਊ ਕਰਤਾ ਉਸ ਨੂੰ ਗਾਇਡ ਕਰ ਸਕਦਾ ਹੈ ਤਾਂ ਕਿ ਸਹੀ ਤੇ ਵਾਜਬ ਜਵਾਬ ਮਿਲ ਸਕੇ।

(ix) ਇਸ ਵਿਧੀ ਦੀ ਵਰਤੋਂ ਰਾਹੀਂ ਇੰਟਰਵੀਊ ਕਰਤਾ ਭੂਤ (Past) ਦੀਆਂ ਘਟਨਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

## 5.4 ਇੰਟਰਵੀਊ ਦੀਆਂ ਕਿਸਮਾਂ

### 5.4.1 ਸਟਰਕਚਰਡ ਇੰਟਰਵੀਊ

ਇਹ ਫੀਲਡ ਵਿਚੋਂ ਜਾਣਕਾਰੀ ਇਕੱਠੀ ਕਰਨ ਦੀ ਬਹੁਤ ਹੀ ਉਚਿਤ, ਤੀਖਣ ਅਤੇ ਕਾਰਗਰ ਤਕਨੀਕ ਹੈ। ਇਸ ਵਿਚ ਸਮੱਸਿਆ ਨਾਲ ਸਬੰਧਤ ਸਵਾਲ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦੇ ਹਨ। ਇੰਟਰਵੀਊ ਸਾਰਨੀ ਵਿਚ ਸਾਰੇ ਸਵਾਲਾਂ ਦੇ ਮਤਲਬ ਉਤਰਦਾਤਿਆਂ ਵਾਸਤੇ ਇਕੋ ਜਿਹੇ ਹੁੰਦੇ ਹਨ। ਰਚਿਤ ਸਵਾਲਾਂ ਦੀ ਭਾਸ਼ਾ ਨਹੀਂ ਬਦਲੀ ਜਾ ਸਕਦੀ। ਇਸ ਤਕਨੀਕ ਰਾਹੀਂ ਇਕੱਠੀ ਕੀਤੀ ਸਮੱਗਰੀ ਜ਼ਿਆਦਾ ਕਾਰਗਰ ਸਿੱਧ ਹੁੰਦੀ ਹੈ। ਇਸ ਵਿਚ ਬੱਝਵੇਂ ਅਤੇ ਬਦਲਵੇਂ ਦੋਵੇਂ ਤਰ੍ਹਾਂ ਦੇ ਸਵਾਲ ਹੁੰਦੇ ਹਨ। ਇਸ ਵਿਚ ਖੁਲ੍ਹੇ ਸਵਾਲਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਸਵਾਲਾਂ ਦੀ ਕ੍ਰਮਬੱਧਤਾ ਅਤੇ ਲੜੀਵਾਰਤਾ ਪਹਿਲਾਂ ਤੋਂ ਨਿਰਧਾਰਿਤ ਕੀਤੀ ਹੁੰਦੀ ਹੈ। ਇੰਟਰਵੀਊ ਲੈਣ ਵਾਲਾ ਉਤਰਦਾਤਿਆਂ ਤੇ ਆਪਣਾ ਸੁਝਾਓ ਨਹੀਂ ਠੋਸ ਸਕਦਾ। ਉਹ ਸਿਰਫ ਸਮੱਸਿਆ ਜਾਂ ਸਵਾਲਾਂ ਦੀ ਵਿਆਖਿਆ ਕਰ ਸਕਦਾ ਹੈ।

ਅਜਿਹੀ ਇੰਟਰਵੀਊ ਕਰਨ ਲਗਿਆਂ ਹੇਠ ਲਿਖੀਆਂ ਗੱਲਾ ਨੂੰ ਪ੍ਰੈਕਟੀਕਲ ਰੂਪ ਦਿੱਤਾ ਜਾਂਦਾ ਹੈ :

5.4.1.1 **ਉਤਰਦਾਤਿਆਂ ਦੀ ਚੋਣ** : ਇੰਟਰਵੀਊ ਸਾਰਨੀ ਦੀ ਬਣਤਰ ਤੋਂ ਬਾਅਦ ਅਗਲਾ ਕੰਮ ਹੁੰਦਾ ਹੈ, ਉਹਨਾਂ ਲੋਕਾਂ ਦੀ ਚੋਣ ਕਰਨੀ ਜਿਨ੍ਹਾਂ ਕੋਲੋਂ ਸਮੱਗਰੀ ਇਕੱਠੀ ਕਰਨੀ ਹੈ। ਉਹਨਾਂ ਦੀ ਚੋਣ ਸਰਵੇ ਜਾਂ ਸੈਂਪਲਿੰਗ ਵਿਧੀ ਰਾਹੀਂ ਕੀਤੀ ਜਾ ਸਕਦੀ ਹੈ। ਜੇ ਸੈਂਪਲਿੰਗ ਵਿਧੀ ਅਪਣਾਉਣੀ ਹੈ ਤਾਂ ਇਹ ਫੈਸਲਾ ਕਰਨਾ ਪਵੇਗਾ ਕਿ ਸੈਂਪਲਿੰਗ ਵਿਧੀ ਦੀ ਕਿਹੜੀ ਕਿਸਮ ਦੁਆਰਾ ਸੈਂਪਲ ਦੀ ਚੋਣ ਕਰਨੀ ਹੈ। ਸੈਂਪਲ ਦੀ ਚੋਣ ਤੋਂ ਬਾਅਦ ਉਹਨਾਂ ਦੀ ਲਿਸਟ ਤਿਆਰ ਕਰ ਲਈ ਜਾਂਦੀ ਹੈ ਤਾਂ ਕਿ ਉਹਨਾਂ ਨੂੰ ਮਿਲਣ ਵਿਚ ਆਸਾਨੀ ਹੋਵੇ।

5.4.1.2 **ਫੀਲਡ ਵਰਕਰਾਂ ਦੀ ਚੋਣ ਅਤੇ ਸਿਖਲਾਈ** : ਇਹ ਨਿਰਭਰ ਕਰਦਾ ਹੈ ਕਿ ਬ੍ਰਹਿਮੰਡ ਦਾ ਆਕਾਰ ਕੀ ਹੈ ਤੇ ਉਸ ਵਿਚੋਂ ਲਿਆ ਗਿਆ ਸੈਂਪਲ ਕਿੰਨਾ ਹੈ? ਜੇ ਸੈਂਪਲ ਘੱਟ ਹੈ ਤਾਂ ਖੋਜ ਕਰਨ ਵਾਲਾ ਆਪ ਹੀ ਉਨ੍ਹਾਂ ਤੋਂ ਸਮੱਗਰੀ ਇਕੱਠੀ ਕਰ ਸਕਦਾ ਹੈ। ਜੇ ਸੈਂਪਲ ਜ਼ਿਆਦਾ ਹੈ ਤਾਂ ਉਸ ਨੂੰ ਫੀਲਡ ਵਿਚ ਕੰਮ ਕਰਨ ਵਾਲੇ ਹੋਰ ਬੰਦਿਆ ਦੀ ਜ਼ਰੂਰਤ ਪੈਂਦੀ ਹੈ। ਉਹਨਾਂ ਫੀਲਡ ਵਰਕਰਾਂ ਦੀ ਚੋਣ ਵੇਲੇ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਕਿ ਉਹ ਈਮਾਨਦਾਰ ਹੋਣ। ਜੇ ਵਰਕਰ ਈਮਾਨਦਾਰ ਨਹੀਂ ਹੋਣਗੇ ਤਾਂ ਉਹ ਸੂਚੀ ਘਰ ਬੈਠੇ ਹੀ ਭਰ ਦੇਣਗੇ। ਉਹਨਾਂ ਦੀ ਬੇਈਮਾਨੀ ਨੂੰ ਫਿਰ ਸਿਰਫ ਸੂਚੀ ਟੈਸਟਿੰਗ ਕਰਕੇ ਹੀ ਫੜਿਆ ਜਾ ਸਕਦਾ ਹੈ ਜੋ ਵੱਡੇ ਸੈਂਪਲ ਵਿਚ ਸੰਭਵ ਨਹੀਂ ਹੁੰਦਾ। ਨਾ ਹੀ ਖੋਜ ਕਰਤਾ ਫੀਲਡ ਵਿਚ ਬਹੁਤਾ ਨਿਯੰਤਰਣ ਰਖ ਸਕਦਾ ਹੈ। ਸੋ ਤੁਹਾਨੂੰ ਉਹਨਾਂ ਦੀ ਈਮਾਨਦਾਰੀ ਉਪਰ ਹੀ ਨਿਰਭਰ ਕਰਨਾ ਪੈਂਦਾ ਹੈ।

ਫੀਲਡ ਵਰਕਰ ਦਾ ਚੁਸਤ-ਚਲਾਕ ਹੋਣਾ ਹੀ ਬਹੁਤ ਜ਼ਰੂਰੀ ਹੁੰਦਾ ਹੈ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਲੋਕਾਂ ਕੋਲੋਂ ਉਨ੍ਹਾਂ ਦੇ ਮਨ ਦੀ ਗੱਲ ਕੱਢਵਾਉਣੀ ਹੈ। ਲੋਕ ਆਸਾਨੀ ਨਾਲ ਗੱਲ ਨਹੀਂ ਦੱਸਣਾ ਚਾਹੁੰਦੇ, ਉਹ ਆਪਣਾ ਸਮਾਂ ਖ਼ਰਾਬ ਨਹੀਂ ਕਰਨਾ ਚਾਹੁੰਦੇ। ਫਿਰ ਉਹ ਕਈ ਬਹਾਨੇ

ਲਾਉਂਦੇ ਹਨ। ਅੱਜ ਮੈਂ ਠੀਕ ਨਹੀਂ ਤੁਸੀਂ ਫਿਰ ਕਿਸੇ ਦਿਨ ਆਉਣਾ, ਅੱਜ ਮੇਰੇ ਮਹਿਮਾਨ ਆਏ ਹੋਏ ਹਨ ਜਾਂ ਆਉਣ ਵਾਲੇ ਹਨ ਆਦਿ। ਇਹ ਫੀਲਡ ਵਰਕਰ ਤੇ ਨਿਰਭਰ ਕਰਦਾ ਹੈ ਕਿ ਉਹ ਉਹਨਾਂ ਨੂੰ ਕਿਵੇਂ ਇੰਟਰਵੀਊ ਦੇਣ ਲਈ ਰਾਜੀ ਕਰਦਾ ਹੈ। ਉਹ ਸਹਿਨਸ਼ੀਲਤਾ ਨਾਲ ਉਹਨਾਂ ਨੂੰ ਆਪਣੇ ਉਦੇਸ਼ ਬਾਰੇ ਦੱਸੇ। ਉਨ੍ਹਾਂ ਦੇ ਡਰ ਭੈ ਨੂੰ ਦੂਰ ਕਰੇ। ਜੇ ਉਹ ਜਵਾਬ ਦੇਣ ਤੋਂ ਇੰਨਕਾਰੀ ਹੋਣ ਤਾਂ, ਉਸ ਨੂੰ ਕਾਹਲੇ ਨਹੀਂ ਪੈਣਾ ਚਾਹੀਦਾ। ਜੇ ਉੱਤਰਦਾਤੇ ਉਸ ਨਾਲ ਗੱਲ ਕਰਨ ਤੋਂ ਕੰਨੀ ਕਤਰਾਉਂਦੇ ਹਨ ਜਾਂ ਬੁਰਾ ਭਲਾ ਵੀ ਕਹਿੰਦੇ ਹਨ ਤਾਂ ਵੀ ਉਸ ਨੂੰ ਗੁੱਸੇ ਵਿਚ ਨਹੀਂ ਆਉਣਾ ਚਾਹੀਦਾ। ਉਸ ਨੂੰ ਇਹ ਪੱਕਾ ਯਕੀਨ ਹੋਣਾ ਚਾਹੀਦਾ ਹੈ ਕਿ ਪਿਆਰ ਨਾਲ ਸਾਰੇ ਲੋਕ ਉਸ ਨਾਲ ਸਹਿਯੋਗ ਕਰਨਗੇ। ਇਹ ਗੱਲ ਉਸ ਦੀ ਚੁਸਤੀ ਅਤੇ ਬਾਹਰੀ ਦਿੱਖ ਤੇ ਨਿਰਭਰ ਕਰਦੀ ਹੈ। ਉਸ ਨੂੰ ਆਪ ਸਮੱਸਿਆ ਨਾਲ ਸਬੰਧਤ ਸਾਰੀਆਂ ਧਾਰਨਾਵਾਂ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ। ਸੁਸਤ ਜਾਂ ਨਲਾਇਕ ਫੀਲਡ ਵਰਕਰ ਇਹ ਕੰਮ ਨਹੀਂ ਕਰ ਸਕਦੇ। ਲੋਕ ਅਜਿਹੇ ਵਰਕਰਾਂ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਹ ਦਿੱਖ ਤੋਂ ਹੀ ਇਸ ਕੰਮ ਦੇ ਕਾਬਲ ਨਹੀਂ ਲੱਗਦੇ। ਪਹਿਲੀ ਮੁਲਾਕਾਤ ਤੋਂ ਹੀ ਲੋਕਾਂ ਨੇ ਫੈਸਲਾ ਕਰਨਾ ਹੁੰਦਾ ਹੈ ਕਿ ਇੰਟਰਵੀਊ ਦੇਣੀ ਹੈ ਜਾਂ ਨਹੀਂ। ਇਹ ਫੈਸਲਾ ਉਹ ਫੀਲਡ ਵਰਕਰ ਨੂੰ ਦੇਖਦੇ ਸਾਰ ਹੀ ਕਰ ਲੈਂਦੇ ਹਨ।

ਫੀਲਡਵਰਕਰ ਨੂੰ ਸਮੱਸਿਆ ਵਿਚ ਰੁਚਿਤ ਹੋਣਾ ਚਾਹੀਦਾ ਹੈ ਭਾਵੇਂ ਕਿ ਫੀਲਡ ਵਰਕਰ ਤਨਖ਼ਾਹ ਤੇ ਹੀ ਕੰਮ ਕਰਦੇ ਹਨ, ਪਰ ਫਿਰ ਵੀ ਕੁਸ਼ਲ ਫੀਲਡ ਵਰਕਰ ਉਹ ਹੀ ਹੋਵੇਗਾ ਜੋ ਅਧਿਐਨ ਅਧੀਨ ਸਮੱਸਿਆ ਵਿਚ ਪੂਰੀ ਰੁਚੀ ਲਵੇਗਾ। ਉੱਤਰਦਾਤੇ ਉਸ ਕੋਲੋਂ ਸਮੱਸਿਆ ਬਾਰੇ ਪੁੱਛ ਸਕਦੇ ਹਨ ਜਾਂ ਜੇ ਉਹ ਗਲਤ ਜਵਾਬ ਦਿੰਦੇ ਹਨ ਤਾਂ ਉਹਨਾਂ ਨੂੰ ਸਹੀ ਗਾਇਡ ਤਾਂ ਹੀ ਕਰ ਸਕੇਗਾ ਜੇ ਉਸ ਨੂੰ ਆਪ ਸਮੱਸਿਆ ਦੀ ਤਹਿ ਤਕ ਪਤਾ ਹੋਏਗਾ। ਉਸ ਦਾ ਦ੍ਰਿਸ਼ਟੀਕੋਣ ਵੀ ਵਿਗਿਆਨਕ ਹੋਣਾ ਚਾਹੀਦਾ ਹੈ। ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਬਣ ਕੇ ਫੀਲਡ ਵਿਚ ਨਾ ਜਾਵੇ। ਜੇ ਅਜਿਹਾ ਕਰੇਗਾ ਤਾਂ ਉਸ ਦੁਆਰਾ ਇਕੱਠੀ ਕੀਤੀ ਸਮੱਗਰੀ ਤਰਫ਼ਦਾਰੀ ਤੋਂ ਖਾਲੀ ਨਹੀਂ ਹੋਵੇਗੀ। ਇਸ ਕਰਕੇ ਵਿਗਿਆਨੀ ਦੀ ਤਰ੍ਹਾਂ (ਜੋ ਨਾ ਹਿੰਦੂ ਹੈ ਨਾਂ ਸਿੱਖ) ਫੀਲਡ ਵਿਚ ਕੰਮ ਕਰਨਾ ਚਾਹੀਦਾ ਹੈ। ਉਸ ਨੂੰ ਕਾਫੀ ਹੁਸ਼ਿਆਰ ਵੀ ਹੋਣਾ ਚਾਹੀਦਾ ਹੈ। ਜੇ ਉੱਤਰਦਾਤੇ ਆਪਣੀ ਗੱਲ ਤੋਂ ਥਿੜਕ ਜਾਣ ਤੇ ਸਵਾਲ ਦੇ ਜਵਾਬ ਤੋਂ ਲਾਂਭੇ ਜਾਣ ਲੱਗਣ ਤਾਂ ਉਨ੍ਹਾਂ ਨੂੰ ਸਹੀ ਰਾਹ ਤੇ ਲਿਆਵੇ। ਇਸ ਗੱਲ ਦਾ ਉਹ ਖਿਆਲ ਰੱਖੇ ਕਿ ਉੱਤਰਦਾਤੇ ਉਸ ਦੇ ਸਵਾਲ ਦਾ ਸਹੀ ਜਵਾਬ ਦੇ ਰਹੇ ਹਨ, ਕਿਤੇ ਉਸਨੂੰ ਬੁੱਧੂ ਤਾਂ ਨਹੀਂ ਬਣਾ ਰਹੇ, ਜੇਕਰ ਉਹ ਅਜਿਹਾ ਕਰ ਰਹੇ ਹੋਣ ਤਾਂ ਉਸ ਨੂੰ ਠੀਕ ਢੰਗ ਨਾਲ ਪੁੱਛ ਪੜਤਾਲ ਕਰਨੀ ਚਾਹੀਦੀ ਹੈ।

ਫੀਲਡ ਵਰਕਰ ਦੀ ਬ੍ਰਹਿਮੰਡ ਦੀ ਪ੍ਰਕ੍ਰਿਤੀ ਬਾਰੇ ਵੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਬ੍ਰਹਿਮੰਡ ਵਿਚ ਕਿਸ ਜਾਤੀ, ਜਮਾਤ ਅਤੇ ਧਰਮ ਦੇ ਲੋਕ ਰਹਿ ਰਹੇ ਹਨ ਤੇ ਉਨ੍ਹਾਂ ਨਾਲ ਗੱਲਬਾਤ ਕਿਸ ਢੰਗ ਨਾਲ ਕੀਤੀ ਜਾਣੀ ਹੈ। ਮੰਨ ਲਓ ਜੇ ਫੀਲਡ ਵਰਕਰ ਕਿਸੇ ਹਿੰਦੂ ਔਰਤ ਦੀ ਇੰਟਰਵੀਊ ਲੈ ਰਿਹਾ ਹੈ ਤਾਂ ਉਹ ਆਪਣੇ ਪਤੀ ਦਾ ਨਾਮ ਨਹੀ ਲਵੇਗੀ ਜਾਂ ਮੁਸਲਮਾਨ ਔਰਤ ਬੁਰਕੇ ਵਿਚ ਰਹਿ ਕੇ ਹੀ ਜਵਾਬ ਦੇਵੇਗੀ ਆਦਿ।

ਇਸ ਸਭ ਕਾਸੇ ਲਈ ਫੀਲਡ ਵਰਕਰ ਨੂੰ ਸਿਖਲਾਈ ਦਿੱਤੀ ਜਾ ਸਕਦੀ ਹੈ। ਇਹ ਗੱਲ ਠੀਕ ਹੈ ਕਿ ਉਹ ਸਿਖਦਾ ਤਾਂ ਅਸਲ ਵਿਚ ਫੀਲਡ ਵਿਚ ਜਾ ਕੇ ਹੀ ਹੈ। ਇਕ ਨਵਾਂ ਸਿਖਲਾਈ ਲਿਆ ਹੋਇਆ ਫੀਲਡ ਵਰਕਰ ਤਜ਼ਰਬੇ ਵਾਲੇ ਫੀਲਡ ਵਰਕਰ ਦਾ ਮੁਕਾਬਲਾ ਤਾਂ ਨਹੀਂ ਕਰ ਸਕਦਾ ਪਰ ਫਿਰ ਵੀ ਕਾਫੀ ਹੱਦ ਤਕ ਸਫਲਤਾ ਹਾਸਿਲ ਕੀਤੀ ਜਾ ਸਕਦੀ ਹੈ। ਉਸ ਨੂੰ ਸਮਸਿਆ ਬਾਰੇ ਵਿਸਥਾਰ ਵਿਚ ਦੱਸਿਆ ਜਾਵੇ ਅਤੇ ਸਮੱਸਿਆ ਨੂੰ ਘੋਖਣ ਲਈ ਸੰਸਥਾ ਵਲੋਂ ਪੱਤਰ ਦਿੱਤਾ ਜਾਵੇ ਜੋ ਉਹ ਉੱਤਰਦਾਤਿਆਂ ਨੂੰ ਵਿਖਾ ਸਕੇ। ਫਿਰ ਪ੍ਰਸ਼ਨ ਸੂਚੀ ਵਿਚ ਪ੍ਰਸ਼ਨਾਂ ਦੀ ਬਣਤਰ ਪ੍ਰਕ੍ਰਿਤੀ ਬਾਰੇ ਉਸ ਨੂੰ ਵਿਸਥਾਰ ਵਿਚ ਦੱਸਿਆ ਜਾਵੇ। ਉਸ ਨੂੰ ਇਹ ਵੀ ਸਿਖਲਾਈ ਦਿੱਤੀ ਜਾਵੇ ਕਿ ਉੱਤਰਦਾਤਿਆਂ ਨੂੰ ਸੰਪਰਕ ਕਿਵੇਂ ਕਰਨਾ ਹੈ, ਇੰਟਰਵੀਊ ਕਿਵੇਂ ਸ਼ੁਰੂ ਕਰਨੀ ਹੈ, ਪ੍ਰਸ਼ਨ ਕਿਵੇਂ ਪੁੱਛਣੇ ਹਨ ਅਤੇ ਇੰਟਰਵੀਊ ਦਾ ਅੰਤ ਕਿਵੇਂ ਕਰਨਾ ਹੈ ਆਦਿ। ਇਸ ਸਾਰੇ ਕੰਮ ਲਈ ਕਿਸੇ ਕੁਸ਼ਲ ਫੀਲਡ ਵਰਕਰ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ।

**5.4.1.3 ਇੰਟਰਵੀਊ ਲੈਣ ਦੇ ਢੰਗ** : ਸਭ ਤੋਂ ਪਹਿਲਾਂ ਤਾਂ ਫੀਲਡ ਵਰਕਰ ਨੇ ਇਹ ਵੇਖਣਾ ਹੁੰਦਾ ਹੈ ਕਿ ਉਸ ਨੇ ਉੱਤਰਦਾਤੇ ਨੂੰ ਸੰਪਰਕ ਕਿਵੇਂ ਕਰਨਾ ਹੈ। ਉਸ ਕੋਲ ਉੱਤਰਦਾਤੇ ਦਾ ਪੂਰਾ ਪਤਾ ਹੋਣਾ ਚਾਹੀਦਾ ਹੈ। ਫਿਰ ਉਸ ਦੇ ਸੁਭਾਅ ਬਾਰੇ ਜਾਣਕਾਰੀ ਹੋਵੇ। ਉਹ ਉਸ ਕੋਲ ਇੰਟਰਵੀਊ ਲੈਣ ਲਈ ਅਗਾਊਂ ਤਰੀਕ ਲੈ ਕੇ ਆਵੇ। ਫਿਰ ਸਹੀ ਸਮੇਂ ਤੇ ਪਹੁੰਚ ਕੇ ਉਸ ਨੂੰ ਮਿਲ ਕੇ, ਇੰਟਰਵੀਊ ਸ਼ੁਰੂ ਕਰਨ ਬਾਰੇ ਗੱਲਬਾਤ ਕਰੇ। ਆਪਣੇ ਆਪ ਨੂੰ ਉਸ ਨਾਲ ਮਿਲਾਵੇ। ਉਸ ਨਾਲ ਗੈਰ-ਰਸਮੀ ਗੱਲਬਾਤ ਕਰੇ। ਉਸ ਦੀ ਰੁਚੀ ਨੂੰ ਉਜਾਗਰ ਕਰੇ ਤਾਂ ਕਿ ਉਸ ਨਾਲ ਉਹ ਸਹਿਯੋਗ ਕਰ ਸਕੇ। ਫੀਲਡ ਵਰਕਰ ਨੂੰ ਇੰਟਰਵੀਊ ਦਾ ਉਦੇਸ਼ ਸੰਸਥਾ ਦਾ ਉਦੇਸ਼ ਦੱਸ ਕੇ ਉੱਤਰਦਾਤੇ ਦੇ ਸਭ ਕਿਸਮ ਦੇ ਸ਼ੱਕ ਦੂਰ ਕਰ ਦੇਣੇ ਚਾਹੀਦੇ ਹਨ ਉੱਤਰਦਾਤਿਆਂ ਵਿਚ ਇੰਟਰਵੀਊ ਲਈ ਰੁਚੀ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਉਹ ਸਹੀ ਸਹੀ ਜਾਣਕਾਰੀ ਦੇ ਸਕਣ। ਉਹਨਾਂ ਦੀ ਜ਼ਿੰਦਗੀ ਨਾਲ ਸੰਬੰਧਤ ਤੇ ਵਿਅਕਤੀਗਤ ਸਵਾਲ, ਅਕਾਉਣ ਵਾਲੇ ਅਤੇ ਸਮਝ ਨਾ ਪੈਣ ਵਾਲੇ ਸਵਾਲ ਨਹੀਂ ਪੁੱਛਣੇ ਚਾਹੀਦੇ।

**5.4.1.4 ਸਹੀ ਜਵਾਬ ਹਾਸਿਲ ਕਰਨੇ** : ਇੰਟਰਵੀਊ ਕਰਤਾ ਨੂੰ ਸਹੀ ਜਵਾਬ ਹਾਸਿਲ ਕਰਨ ਲਈ ਚੇਕੰਨੇ ਰਹਿਣ ਦੀ ਜ਼ਰੂਰਤ ਹੁੰਦੀ ਹੈ।

**5.4.1.5 ਪ੍ਰਸ਼ਨ ਸੂਚੀ ਨੂੰ ਚੈਕ ਕਰਨ** : ਜਦੋਂ ਫੀਲਡ ਵਰਕਰ ਸੂਚੀ ਭਰ ਕੇ ਦੇ ਜਾਂਦੇ ਹਨ ਤਾਂ ਇਹ ਵੇਖਣਾ ਚਾਹੀਦਾ ਹੈ ਕਿ ਕੋਈ ਅਜਿਹਾ ਸਵਾਲ ਜੋ ਪੁੱਛਣ ਤੋਂ ਰਹਿ ਗਿਆ ਹੋਵੇ । ਪੁੱਛੇ ਗਏ ਸਵਾਲਾਂ ਦੇ ਜਵਾਬ ਠੀਕ ਭਰੇ ਹਨ। ਕੋਈ ਆਪਣੇ ਆਪ ਤਾਂ ਨਹੀਂ ਭਰਿਆ ਹੋਇਆ। ਭਰੇ ਹੋਏ ਜਵਾਬ ਸਮਝ ਆਉਂਦੇ ਹਨ ਕਿ ਨਹੀਂ। ਜੇ ਕਿਧਰੇ ਭਰੀ ਹੋਈ ਪ੍ਰਸ਼ਨ ਸੂਚੀ ਬਾਰੇ ਸ਼ੱਕ ਹੋਵੇ ਜਾਂ ਸਪੱਸ਼ਟ ਨਾ ਹੋਏ ਤਾਂ ਪ੍ਰਸ਼ਨ ਸੂਚੀ ਨੂੰ ਦੁਬਾਰਾ ਭਰਨ ਲਈ ਕਿਹਾ ਜਾਵੇ ਜਾਂ ਆਪ ਫੀਲਡ ਵਿਚ ਜਾ ਕੇ ਚੈਕ ਕੀਤਾ ਜਾਵੇ। ਫਿਰ ਸੂਚੀ ਦੀ ਕੋਡਿੰਗ ਕੀਤੀ ਜਾਵੇ। ਹਰ ਸਵਾਲ ਦੇ ਜਵਾਬ ਨੂੰ ਕੋਡ ਨੰਬਰ ਦਿੱਤੇ ਜਾਣ ਤਾਂ ਕਿ ਸਾਰਣੀਕਰਣ ਅਤੇ ਵਰਗੀਕਰਣ ਵਿਚ ਸਹੂਲਤ ਹੋ ਸਕੇ। ਮੰਨ ਲਓ ਜੇ ਪੁੱਛਿਆ ਜਾਵੇ ਤੁਹਾਡਾ ਵਿਆਹੁਤਾ ਰੁੱਤਬਾ ਕੀ ਹੈ? ਜਵਾਬ ਹੋਵੇਗਾ :

(ੳ) ਵਿਆਹਿਆ ਹੋਇਆ
(ਅ) ਅਣ-ਵਿਆਹਿਆ
(ੲ) ਰੰਡੇਪਾ
(ਸ) ਤਲਾਕਸ਼ੁਦਾ

ਇਹਨਾਂ ਨੂੰ ਕੋਡ ਨੰ:1,2,3 ਅਤੇ 4 ਦਿੱਤੇ ਜਾ ਸਕਦੇ ਹਨ।

## 5.4.2 ਅਨਸਟਰਕਚਰਡ ਇੰਟਰਵਿਊ (Unstructured Interview)

ਇਸ ਨੂੰ ਬਿਨਾਂ ਨਿਯੰਤਰਣ ਜਾਂ ਬਿਨਾਂ ਨਿਰਦੇਸ਼ਿਤ ਇੰਟਰਵੀਊ ਵੀ ਕਿਹਾ ਜਾਂਦਾ ਹੈ। ਇਸ ਵਿਚ ਪਹਿਲਾਂ ਤੋਂ ਨਿਰਧਾਰਿਤ ਸਵਾਲਾਂ ਦੀ ਲੜੀ ਜਾਂ ਕ੍ਰਮਬੱਧਤਾ ਨਹੀਂ ਹੁੰਦੀ। ਇਹ ਇਕ ਕਿਸਮ ਦਾ ਅਸਾਧਾਰਨ ਵਿਚਾਰ-ਵਟਾਂਦਰਾ ਹੁੰਦਾ ਹੈ। ਸਰਵੇਖਣ ਕਰਤਾ ਆਪਣੇ ਮਨ ਵਿਚ ਇਕ ਖ਼ਾਸ ਸਮੱਸਿਆ ਲੈ ਕੇ ਫੀਲਡ ਵਿਚ ਉਸ ਦਾ ਹੱਲ ਲੱਭਣ ਲਈ ਜਾਂਦਾ ਹੈ। **ਪੀ.ਵੀ. ਯੰਗ** ਅਨੁਸਾਰ ਉੱਤਰਦਾਤਿਆਂ ਦੀ ਹੌਸਲਾ ਅਫਸਾਈ ਕੀਤੀ ਜਾਂਦੀ ਹੈ ਤਾਂ ਕਿ ਉਹ ਇੰਟਰਵੀਊ ਲੈਣ ਵਾਲੇ ਵਲੋਂ ਨਿਰਦੇਸ਼ਾ ਅਨੁਸਾਰ ਆਪਣੇ ਠੋਸ ਤਜ਼ਰਬੇ ਦੱਸ ਸਕਣ, ਜੋ ਘਟਨਾਵਾਂ ਉਹਨਾਂ ਨੂੰ ਮਹੱਤਵਪੂਰਨ ਲੱਗਦੀਆਂ ਹਨ ਉਹਨਾਂ ਬਾਰੇ ਦੱਸ ਸਕਣ, ਸਮਾਜਿਕ ਹਾਲਤਾਂ ਬਾਰੇ ਆਪਣੀਆਂ ਪਰਿਭਾਸ਼ਾਵਾਂ ਦੇ ਸਕਣ, ਆਪਣੇ ਧਿਆਨ ਦੀ ਇਕਸਾਰਤਾ ਦੇ ਸਕਣ, ਜਿਵੇਂ ਉਹ ਠੀਕ ਸਮਝਦੇ ਹਨ ਉਸੇ ਅਨੁਸਾਰ ਆਪਣੇ ਵਤੀਰੇ ਅਤੇ ਰਾਇ ਦੇ ਸਕਣ।

ਜਦੋਂ ਅਧਿਐਨ ਅਧੀਨ ਸਮੱਸਿਆ ਬਾਰੇ ਵਰਤਾਰੇ ਦੀ ਰਾਇ ਜਾਣਨ ਲਈ ਪਾਇਲਟ ਸਟੱਡੀ ਕੀਤੀ ਜਾਂਦੀ ਹੈ ਤਾਂ ਇਸ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਉੱਤਰਦਾਤਿਆਂ ਨਾਲ ਸੰਪਰਕ ਕੀਤਾ ਜਾਂਦਾ ਹੈ। ਸਮੱਸਿਆ ਤੇ ਸਾਰੇ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕੀਤਾ ਜਾਂਦਾ ਹੈ। ਉੱਤਰਦਾਤਿਆਂ ਦੀ ਰਾਏ ਅਤੇ ਸੁਝਾਅ ਨੋਟ ਕੀਤੇ ਜਾਂਦੇ

ਹਨ। ਇੰਟਰਵਿਊ ਲੈਣ ਵਾਲੇ ਨੂੰ ਉੱਤਰਦਾਤੇ ਦੀ ਪਸੰਦ ਨਾ ਪਸੰਦ, ਵਤੀਰੇ ਅਤੇ ਆਦਤਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

ਜਦੋਂ ਕੁਝ ਭਾਵਾਤਮਿਕ ਹਾਦਸਿਆਂ ਬਾਰੇ ਉੱਤਰਦਾਤਿਆਂ ਦੀਆਂ ਪ੍ਰਤੀਕ੍ਰਿਆਵਾਂ ਅਤੇ ਭਾਵਨਾਵਾਂ ਨੂੰ ਜਾਣਨਾ ਹੋਵੇ ਤਾਂ ਇਸ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਬਾਰੇ ਸਟਰਕਚਰਡ ਇੰਟਰਵੀਊ ਕਾਫੀ ਨਹੀਂ ਹੁੰਦੀ ਕਿਉਂਕਿ ਅਜਿਹੇ ਮਾਮਲਿਆਂ ਤੇ ਜਵਾਬ ਇਕ ਵਾਰ ਵਿਚ ਦੇਣਾ ਸੰਭਵ ਨਹੀਂ ਹੁੰਦਾ। ਅਜਿਹੀ ਇੰਟਰਵੀਊ ਲਈ ਉਹੋ ਜਿਹਾ ਮਾਹੌਲ ਪੈਦਾ ਕੀਤਾ ਜਾਂਦਾ ਹੈ ਤਾਂ ਕਿ ਉੱਤਰਦਾਤਾ ਭਾਵਆਤਮਿਕ ਤੌਰ ਤੇ ਉਸ ਸਮੇਂ ਨਾਲ ਜੁੜ ਸਕੇ ਜਦੋਂ ਘਟਨਾ ਵਾਪਰੀ ਸੀ ਅਤੇ ਦਿਲ ਦੀ ਡੂੰਘਾਈ ਤੋਂ ਉਸਦਾ ਬਿਆਨ ਕਰ ਸਕੇ।

ਜਦੋਂ ਆਦਮੀ ਦੇ ਵਤੀਰੇ, ਮੂਡ ਬਾਰੇ ਅਧਿਐਨ ਕਰਨਾ ਹੋਵੇ। ਜਦੋਂ ਇਹ ਵੇਖਣਾ ਹੋਵੇ ਕਿ ਕੁਝ ਹਾਲਤਾਂ ਉਪਰ ਆਦਮੀ ਸਰੀਰਕ ਤੌਰ ਤੇ ਕਿਵੇਂ ਕ੍ਰਿਆ ਜਾਂ ਪ੍ਰਤੀਕ੍ਰਿਆ ਕਰਦਾ ਹੈ ? ਉਸ ਦੇ ਵਤੀਰੇ ਵਿਚ ਕਿਵੇਂ ਤਬਦੀਲੀ ਆਉਂਦੀ ਹੈ ?

ਉਦਾਹਰਣ ਦੇ ਤੌਰ ਤੇ ਜੇ ਅਸੀ ਇਹ ਜਾਣਨਾ ਹੋਵੇ ਕਿ ਤਲਾਕ ਕਿਉਂ ਹੋਇਆ ਇਹ ਇਕ ਲਾਈਨ ਵਿਚ ਨਹੀਂ ਦੱਸਿਆ ਜਾ ਸਕਦਾ। ਖੋਜੀ ਨੂੰ ਇਹ ਜਾਣਨ ਦੀ ਲੋੜ ਹੈ ਕਿ ਵਿਆਹ ਤੋਂ ਬਾਅਦ ਕੀ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਉਹਨਾਂ ਨੂੰ ਅਲੱਗ ਹੋਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਘਟਨਾਵਾਂ ਦੇ ਕਾਰਣ ਕੀ ਸਨ ? ਇਹ ਕਿਉਂ ਵਾਪਰੀਆਂ ? ਇਨ੍ਹਾਂ ਨੂੰ ਹੱਲ ਕਰਨ ਦੇ ਕੀ ਉਪਰਾਲੇ ਕੀਤੇ ਗਏ ? ਜੋ ਸਫਲ ਕਿਉਂ ਨਾ ਹੋ ਸਕੇ। ਇਸ ਵਿਚ ਪਤੀ-ਪਤਨੀ ਦਾ ਕਿੰਨਾ ਕਿੰਨਾ ਕਸੂਰ ਸੀ ? ਜੇ ਬੱਚੇ ਹਨ ਤਾਂ ਉਹਨਾਂ ਦਾ ਭਵਿੱਖ ਕੀ ਹੋਵੇਗਾ ? ਹੁਣ ਅਜਿਹੀ ਸਮੱਸਿਆ ਨੂੰ ਇਕ ਜਾਂ ਦੋ ਲਾਈਨਾਂ ਵਿਚ ਨਹੀਂ ਦੱਸਿਆ ਜਾ ਸਕਦਾ। ਫਿਰ ਉੱਤਰਦਾਤਾ ਆਪਣੀ ਕਹਾਣੀ ਦੱਸਦੇ ਦੱਸਦੇ ਭਾਵਨਾਵਾਂ ਦੇ ਸਮੁੰਦਰ ਵਿਚ ਵੀ ਬਹਿ ਸਕਦਾ ਹੈ। ਉਹ ਰੋ ਵੀ ਸਕਦਾ ਹੈ। ਅਜਿਹੀਆਂ ਸਮੱਸਿਆਵਾਂ ਦੇ ਅਧਿਐਨ ਲਈ ਇਹ ਵਿਧੀ ਬਹੁਤ ਹੀ ਮਹੱਤਵਪੂਰਣ ਹੈ।

ਇਸ ਤਕਨੀਕ ਰਾਹੀਂ ਇਕੱਤਰ ਕੀਤੀ ਜਾਣਕਾਰੀ ਸਟਰਕਚਰਡ ਇੰਟਰਵੀਊ ਦੁਆਰਾ ਇਕੱਠੀ ਕੀਤੀ ਜਾਣਕਾਰੀ ਨਾਲੋਂ ਘੱਟ ਉਚਿੱਤ ਹੁੰਦੀ ਹੈ ਕਿਉਂਕਿ ਖੋਜੀ ਇਸ ਗੱਲ ਬਾਰੇ ਨਿਸ਼ਚਿਤ ਹੁੰਦਾ ਹੈ ਕਿ ਉਤਰਦਾਤੇ ਕੀ ਜਾਣਕਾਰੀ ਦੇਣਗੇ। ਇਹ ਵਿਧੀ ਦੂਸਰੀ ਨਾਲੋਂ ਵਧੇਰੇ ਲਚਕੀਲੀ ਹੋਣ ਕਰਕੇ, ਇਸ ਵਿਧੀ ਦੁਆਰਾ ਇਕੱਤਰ ਕੀਤੀ ਜਾਣਕਾਰੀ ਜ਼ਿਆਦਾ ਯੋਗ ਵੀ ਹੋ ਸਕਦੀ ਹੈ। ਇਸ ਵਿਧੀ ਰਾਹੀਂ ਖੋਜੀ ਉੱਤਰਦਾਤੇ ਦੀ ਜ਼ਿੰਦਗੀ ਦੀ ਜੜ੍ਹ ਤਕ ਜਾ ਕੇ ਜਾਣਕਾਰੀ ਇਕੱਤਰ ਕਰਕੇ ਲਿਆਉਂਦਾ ਹੈ। ਇਸ ਰਾਹੀਂ ਉਹ ਸਹਾਇਕ ਸਵਾਲ ਵੀ ਪੁੱਛ ਸਕਦਾ ਹੈ ਜੇ ਜ਼ਰੂਰਤ ਹੋਵੇ ਤਾਂ ਕੁਝ ਸਵਾਲ ਛੱਡ ਵੀ ਸਕਦਾ ਹੈ ਤਾਂ ਕਿ ਸਵਾਲਾਂ ਦੀ ਕ੍ਰਮਬੱਧਤਾ ਬਣੀ ਰਹੇ। ਇਹ ਪ੍ਰਕ੍ਰਿਆ ਬਹੁਤ ਧੀਮੀ, ਵਾਧੂ ਸਮਾਂ ਲੈਣ ਵਾਲੀ, ਲੰਬੀ ਅਤੇ ਖਰਚੀਲੀ ਹੈ। ਇਸ ਵਿਧੀ ਰਾਹੀਂ ਸਮੱਗਰੀ ਦੀ ਟੇਬੂਲੇਸ਼ਨ ਅਤੇ ਵੰਡ ਕਰਨੀ ਬਹੁਤ ਔਖੀ ਹੈ। ਸਿਰਫ ਯੋਗ ਤਜ਼ਰਬੇਕਾਰ ਖੋਜੀ ਜੋ ਉੱਤਰਦਾਤਿਆਂ ਦੀ ਅਭਿਲਾਸ਼ਾ, ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਨੂੰ ਸਮਝਦਾ ਹੋਵੇ ਉਹ ਹੀ ਇਸ ਦੀ ਵਰਤੋਂ ਕਰ ਸਕਦਾ ਹੈ। ਉੱਤਰਦਾਤੇ ਬਿਨਾਂ ਕਿਸੇ ਰੋਕ ਟੋਕ ਦੇ ਸਮੱਸਿਆ ਨੂੰ ਵਿਸਥਾਰ ਵਿਚ ਦੱਸ ਸਕਦੇ ਹਨ। ਇਸ ਦੀ ਵਰਤੋਂ ਨਾਲ ਪਰਿ-ਕਲਪਨਾਵਾਂ ਉਲੀਕੀਆਂ ਜਾ ਸਕਦੀਆਂ ਹਨ। **ਜੋਹਨ ਕਾਲਟਿੰਗ (Johan Calting)** ਅਨੁਸਾਰ ਅਨੁਰੁਚਿਤ ਹੁੰਗਾਰੇ ਦਾ ਲਾਭ ਅਸੰਖੇਪ ਹੋ ਸਕਦਾ ਹੈ ਤੇ ਉਹ ਬਿਨਾਂ ਇੱਛਤ ਹੁੰਗਾਰੇ ਦੀ ਇਜ਼ਾਜਤ ਦਿੰਦੇ ਹਨ। ਲੋਕਾਂ ਦੀਆਂ ਪ੍ਰਤਿਕ੍ਰਿਆਵਾਂ ਭਾਵਨਾਵਾਂ ਅਤੇ ਵੱਲਵਲਿਆਂ ਦਾ ਅਧਿਐਨ ਇਸ ਵਿਧੀ ਰਾਹੀਂ ਵੀ ਹੋ ਸਕਦਾ ਹੈ ਕਿਉਂਕਿ ਅਜਿਹੇ ਸਵਾਲਾਂ ਦਾ ਜਵਾਬ ਝਟਪਟ ਸਿਰਫ ਇਕ ਵਾਕ ਵਿਚ ਨਹੀਂ ਦਿੱਤਾ ਜਾ ਸਕਦਾ। ਇਹ ਤਕਨੀਕ, ਸੰਕੇਤਾਂ ਅਤੇ ਮਿਜਾਜਾਂ ਵਿਚ ਤਬਦੀਲੀ ਦਾ ਅਧਿਐਨ ਕਰਨ ਵਿਚ ਸਹਾਈ ਹੁੰਦੀ ਹੈ।

### 5.4.3 ਫੋਕਸਡ ਇੰਟਰਵੀਊ (Focused Interview)

ਇਸ ਤਕਨੀਕ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਖੋਜੀ ਉੱਤਰਦਾਤੇ ਦੇ ਤਜ਼ਰਬੇ ਅਤੇ ਉਸ ਦੇ ਪ੍ਰਭਾਵ ਨੂੰ ਜਾਣਨਾ ਚਾਹੁੰਦਾ ਹੋਵੇ। ਇਸ ਵਿਧੀ ਦੀ ਵਰਤੋਂ ਰਾਹੀਂ ਖੋਜੀ ਆਪਣਾ ਧਿਆਨ, ਪ੍ਰਚਾਰ ਦੇ ਸਾਧਨ ਤੇ ਸਮਾਜਿਕ ਅਤੇ ਮਾਨਸਿਕ ਪ੍ਰਭਾਵਾਂ ਉਪਰ ਕੇਂਦਰਤ ਕਰਦਾ ਹੈ। ਜਿਵੇਂ ਕਿਸੇ ਖਾਸ ਫਿਲਮ ਦੀ ਪ੍ਰਤੀਕ੍ਰਿਆ ਜਾਂ ਕਿ ਖਾਸ

ਰੇਡੀਓ ਜਾਂ ਟੀ.ਵੀ. ਦੇ ਪ੍ਰੋਗਰਾਮ ਦੀ ਪ੍ਰਤੀਕ੍ਰਿਆ। **ਆਰ.ਕੇ. ਮਾਰਟਨ** ਨੇ ਇਸ ਤਕਨੀਕ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਿੱਤੀਆਂ ਹਨ :

(i) ਇਸ ਵਿਧੀ ਦੀ ਵਰਤੋਂ ਆਦਮੀਆਂ ਦੇ ਅਧਿਐਨ ਲਈ ਕੀਤੀ ਜਾਂਦੀ ਹੈ ਜੋ ਕਿਸੇ ਖਾਸ ਠੋਸ ਹਾਲਤ ਵਿਚੋਂ ਗੁਜਰ ਰਹੇ ਹੋਣ। ਉਦਾਹਰਣ ਦੇ ਤੌਰ ਤੇ ਕਿਸੇ ਖਾਸ ਇਕ ਫਿਲਮ ਨੂੰ ਦੇਖਣ ਸਮੇਂ ਟੀ.ਵੀ. ਵੇਖਣ ਸਮੇਂ ਜਾਂ ਰੇਡੀਓ ਦਾ ਪ੍ਰੋਗਰਾਮ ਸੁਣਨ ਸਮੇਂ।

(ii) ਜਿਨ੍ਹਾਂ ਹਾਲਤਾਂ ਨੂੰ ਇੰਟਰਵੀਊ ਤੋਂ ਪਹਿਲਾਂ ਅਧਿਐਨ ਕਰ ਲਿਆ ਗਿਆ ਹੋਵੇ।

(iii) ਖੋਜੀ, ਸਮੱਸਿਆ ਦੇ ਇਕੋ ਖਾਸ ਪਹਿਲੂ ਤੇ ਆਪਣਾ ਧਿਆਨ ਕੇਂਦਰਤ ਕਰਦਾ ਹੈ ਉਹ ਇੰਟਰਵੀਊ ਗਾਈਡ ਦੀ ਸਹਾਇਤਾ ਲੈਂਦਾ ਹੈ ਜੋ ਸਮੱਸਿਆ ਦੇ ਖੇਤਰ ਅਤੇ ਪਰਿਕਲਨਾਵਾਂ ਦੀ ਜਾਣਕਾਰੀ ਦਿੰਦੀ ਹੈ ਤਾਂ ਕਿ ਇੰਟਰਵੀਊ ਸਮੇਂ ਉਚਿਤ ਸਵਾਲਾਂ ਨੂੰ ਲੱਭਿਆ ਜਾ ਸਕੇ। ਇਹ ਖੋਜੀ ਦੀ ਸਹਾਇਤਾ ਕਰਦਾ ਹੈ ਕਿ ਉਹ ਆਪਣਾ ਧਿਆਨ ਆਪਣੇ ਅਧਿਐਨ ਅਧੀਨ ਖਾਸ ਠੋਸ ਸਮੱਸਿਆਵਾਂ ਨਾਲ ਸਬੰਧਤ ਤਜ਼ਰਬਿਆਂ, ਵਤੀਰਿਆਂ ਅਤੇ ਭਾਵਾਤਮਿਕ ਹੁੰਗਾਰਿਆਂ, ਉਪਰ ਕੇਂਦਰਿਤ ਕਰ ਸਕੇ।

ਉਤਰਦਾਤਾ ਅਧਿਐਨ ਅਧੀਨ ਸਮੱਸਿਆ ਬਾਰੇ ਆਪਣੀ ਰਾਏ ਅਤੇ ਤਜ਼ਰਬੇ ਦੱਸਣ ਲਈ ਆਜ਼ਾਦ ਹੁੰਦਾ ਹੈ। ਉਹ ਜਵਾਬ ਦਿੰਦੇ ਸਮੇਂ ਆਪਣੀ ਵਿਚਾਰਧਾਰਾ ਦੀ ਲਾਈਨ ਵੀ ਦੱਸ ਸਕਦਾ ਹੈ ਪਰ ਯੋਗ ਖ਼ੋਜੀ ਉਸ ਨੂੰ ਅਧਿਐਨ ਸਮੱਸਿਆ ਵੱਲ ਮੋੜ ਲਿਆਉਂਦਾ ਹੈ। ਉਸ ਸਮੱਸਿਆ ਬਾਰੇ ਉੱਤਰਦਾਤੇ ਨੂੰ ਪੂਰੀ ਜਾਣਕਾਰੀ ਹੁੰਦੀ ਹੈ ਤਾਂ ਕਿ ਉਸ ਤੋਂ ਵਾਜਿਬ ਉੱਤਰ ਪ੍ਰਾਪਤ ਕੀਤਾ ਜਾ ਸਕੇ। ਸਵਾਲ ਪੁੱਛਣ ਤੋਂ ਪਹਿਲਾਂ ਖੋਜੀ ਹਾਲਤ ਅਤੇ ਵਾਤਾਵਰਣ ਦੀ ਪੂਰੀ ਜਾਣਕਾਰੀ ਲੈਂਦਾ ਹੈ। ਸਿਰਫ ਯੋਗ ਖੋਜੀ ਹੀ ਇਸ ਦੀ ਵਰਤੋਂ ਕਰ ਸਕਦਾ ਹੈ।

### 5.4.4 ਰਪੀਟਿਡ ਇੰਟਰਵੀਊ (Repeated Interview)

ਜਦੋਂ ਖੋਜੀ ਕੁਝ ਸਮਾਜਿਕ ਅਤੇ ਮਾਨਸਿਕ ਪ੍ਰਕ੍ਰਿਆਵਾਂ ਕਾਰਨ ਹੌਲੀ ਹੌਲੀ ਵਾਲਾ ਅਸਰ ਵੇਖਣਾ ਚਾਹੁੰਦਾ ਹੋਵੇ ਤਾਂ ਉਹ ਇਸ ਵਿਧੀ ਦੀ ਵਰਤੋਂ ਕਰਦਾ ਹੈ। Paul Lagarsfield ਅਤੇ ਉਸ ਦੇ ਸਹਿਯੋਗੀਆਂ ਨੇ ਇਸ ਖੋਜ ਦੌਰਾਨ ਇਸ ਵਿਧੀ ਦੀ ਵਰਤੋਂ ਕੀਤੀ ਕਿ ਪ੍ਰਧਾਨਗੀ ਪੱਖ ਵਾਸਤੇ ਪ੍ਰਚਾਰ ਦੌਰਾਨ ਵੋਟ ਪਾਉਣ ਵਾਲੇ ਆਪਣਾ ਮਨ ਕਿਵੇਂ ਬਣਾਉਂਦੇ ਹਨ। ਇਸ ਵਿਧੀ ਦੀ ਵਰਤੋਂ ਰਾਹੀਂ ਉਹਨਾਂ ਨੇ ਵੋਟਰਾਂ ਦੀਆਂ ਅਗਾਂਹ ਵਧੂ ਕ੍ਰਿਆਵਾਂ ਨੂੰ ਸੁਰੱਖਿਅਤ ਕੀਤਾ, ਜਿਹੜੀਆਂ ਪ੍ਰਧਾਨਗੀ ਪੱਦ ਦੀ ਚੋਣ ਲਈ ਸੰਸਦ ਨੂੰ ਪ੍ਰਭਾਵਿਤ ਕਰਨ ਵਾਲੇ ਅਸਰਦਾਇਕ ਤੱਤਾਂ ਦੇ ਖਾਸ ਵਿਕਾਸ ਦਾ ਖਾਕਾ ਤਿਆਰ ਕਰਦੀਆਂ ਹਨ। ਕੁਝ ਤਬਦੀਲੀਆਂ ਅਜਿਹੀਆਂ ਹੁੰਦੀਆਂ ਹਨ ਜੋ ਕੁਝ ਖਾਸ ਸਮੇਂ ਬਾਅਦ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਮੰਨ ਲਓ ਕਿਸੇ ਪਿੰਡ ਵਿਚ ਸਕੂਲ ਖੋਲ੍ਹਿਆ ਜਾਂਦਾ ਹੈ। ਉਸ ਦਾ ਉਸੇ ਵਕਤ ਤਾਂ ਲੋਕਾਂ ਤੇ ਕੋਈ ਅਸਰ ਨਹੀਂ ਹੋਵੇਗਾ ਪਰ ਜਦੋਂ ਉਹਨਾਂ ਦੇ ਬੱਚੇ ਪੜ੍ਹ ਲਿਖ ਕੇ ਨੌਕਰੀਆਂ ਤੇ ਲੱਗਣਗੇ ਤੇ ਉਹ ਆਪਣੇ ਮਾਪਿਆਂ ਦੀ ਮਾਇਕ ਸਹਾਇਤਾ ਕਰਨਗੇ। ਉਹਨਾਂ ਦਾ ਸਮਾਜਿਕ ਅਤੇ ਆਰਥਿਕ ਰੁਤਬਾ ਉੱਚਾ ਹੋਵੇਗਾ ਜਿਸ ਨਾਲ ਉਹਨਾਂ ਦੇ ਪਿੰਡ ਦਾ ਪੂਰਾ ਵਾਤਾਵਰਨ ਤਬਦੀਲ ਹੋ ਜਾਵੇਗਾ।

ਇਸ ਕਿਸਮ ਦੀ ਤਕਨੀਕ ਦੀ ਵਰਤੋਂ ਲਈ ਕਾਫੀ ਸਮੇਂ ਦੀ ਲੋੜ ਹੁੰਦੀ ਹੈ ਕਿਉਂਕਿ ਕੁਝ ਖਾਸ ਸਮੇ ਪਿਛੋਂ ਲੋਕਾਂ ਕੋਲ ਤਬਦੀਲੀ ਵੇਖਣ ਲਈ ਬਾਰ ਬਾਰ ਜਾਣਾ ਪੈਂਦਾ ਹੈ। ਇਸ ਲਈ ਇਹ ਵਿਧੀ ਖਰਚੀਲੀ ਵੀ ਹੈ, ਉੱਤਰਦਾਤੇ ਵੀ ਸਥਾਈ ਤੌਰ ਤੇ ਉਥੋਂ ਦੇ ਵਾਸੀ ਹੋਣੇ ਚਾਹੀਦੇ ਹਨ ਕਿਉਂਕਿ ਤਬਦੀਲੀ ਦੇ ਅਸਰ ਦਾ ਤਾਂ ਉਹਨਾਂ ਤੋਂ ਹੀ ਪਤਾ ਲਾਉਣਾ ਹੁੰਦਾ ਹੈ ਜੇ ਉੱਤਰਦਾਤੇ ਹੀ ਬਦਲਦੇ ਰਹਿਣ ਤਾਂ ਤਬਦੀਲੀ ਨਹੀਂ ਵੇਖੀ ਜਾ ਸਕਦੀ। ਇਸ ਦਾ ਰਿਕਾਰਡ ਕਾਫੀ ਲੰਮਾ ਸਮਾਂ ਸੰਭਾਲ ਕੇ ਰੱਖਣਾ ਪੈਂਦਾ ਹੈ।

## 5.5 ਇੰਟਰਵੀਊ ਦਾ ਢੰਗ (Interview Procedures)

ਇੰਟਰਵੀਊ ਸਾਰਣੀ ਜਾਂ ਪ੍ਰਸ਼ਨਾਵਲੀ ਸਮੱਸਿਆਵਾਂ ਦੇ ਉਦੇਸ਼ਾਂ ਮੁਤਾਬਿਕ ਬਣੀ ਹੋਣੀ ਚਾਹੀਦੀ ਹੈ। ਸਾਰਣੀ ਜਾਂ ਪ੍ਰਸ਼ਨਾਵਲੀ ਤਿਆਰ ਕਰਨ ਤੋਂ ਬਾਅਦ ਇੰਟਰਵੀਊ ਲੈਣ ਵਾਲੇ ਖੋਜੀਆਂ ਜਾਂ ਫੀਲਡ ਵਰਕਰਾਂ ਦੀ ਟੀਮ ਤਿਆਰ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਸਮੱਸਿਆਵਾਂ ਦੇ ਅਲੱਗ ਅਲੱਗ ਪਹਿਲੂਆਂ ਬਾਰੇ ਪੂਰੀ ਜਾਣਕਾਰੀ ਹੋਵੇ।

ਉਹ ਫੀਲਡ ਵਿਚ ਜਾ ਕੇ ਉੱਤਰਦਾਤਿਆਂ ਨੂੰ ਸਮੱਸਿਆ ਬਾਰੇ ਸਮਝਾ ਕੇ ਉਚਿਤ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋਣ। ਉਹ ਸਮੱਸਿਆ ਦੀ ਪੂਰੀ ਜਾਣਕਾਰੀ ਰੱਖਦੇ ਹੋਣ ਅਤੇ ਇਸ ਗੱਲ ਲਈ ਵੀ ਤਿਆਰ ਹੋਣ ਕਿ ਉੱਤਰਦਾਤੇ ਉਹਨਾਂ ਨੂੰ ਮੁੜ ਸਵਾਲ ਪੁੱਛ ਸਕਦੇ ਹਨ, ਉਹਨ੍ਹਾਂ ਸਵਾਲਾਂ ਦਾ ਜਵਾਬ ਉਹਨਾਂ ਨੇ ਕਿਵੇਂ ਦੇਣਾ ਹੈ। ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਅਨੁਸਾਰ ਜਦੋਂ ਉਸ ਨੇ ਇਕ ਆਦਮੀ ਦੀ ਇੰਟਰਵੀਊ ਕਰਨੀ ਸੀ ਤਾਂ ਉਸਨੇ 1/3 ਹਿੱਸਾ ਸਮਾਂ ਇਸ ਗੱਲ ਤੇ ਖਰਚ ਕੀਤਾ ਕਿ ਉਹ ਉੱਤਰਦਾਤੇ ਨੂੰ ਕੀ ਪੁੱਛੇ ਅਤੇ 2/3 ਹਿੱਸਾ ਸਮਾਂ ਇਸ ਗੱਲ ਤੇ ਕਿ ਉਸ ਦਾ ਉੱਤਰਦਾਤਾ ਕੀ ਕਹੇਗਾ। ਉਸ ਆਦਮੀ ਕੋਲ ਜਾਣਾ ਸੌਖਾ ਹੁੰਦਾ ਹੈ ਜਿਸ ਨੂੰ ਤੁਸੀਂ ਅਨੁਭਵੀ ਤੋਰ ਤੇ ਪਹਿਲਾਂ ਹੀ ਜਾਣਦੇ ਹੋਵੋ।

ਖੋਜੀ ਨੂੰ ਪਹਿਲਾਂ ਉਤਰਦਾਤੇ ਦੇ ਸੁਭਾਅ, ਸਥਾਨ ਅਤੇ ਹਾਲਤ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਉਸ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਉੱਤਰਦਾਤੇ ਨਾਲ ਜਾਣਕਾਰੀ ਕਰਾਉਣੀ ਚਾਹੀਦੀ ਹੈ। ਜੇ ਉੱਤਰਦਾਤਾ ਪੜ੍ਹਿਆ-ਲਿਖਿਆ ਹੈ ਤਾਂ ਉਸਨੂੰ ਆਪਣੇ ਅਤੇ ਆਪਣੀ ਸੰਸਥਾ ਬਾਰੇ ਅਤੇ ਆਪਣੀ ਖੋਜ ਦੇ ਨਕਸ਼ੇ ਬਾਰੇ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ। ਖੋਜਾਰਥੀ ਦਾ ਵਤੀਰਾ ਬਹੁਤ ਹੀ ਸਲੀਕੇ ਠਰੰਮੇ ਅਤੇ ਨਰਮਾਈ ਵਾਲਾ ਹੋਣਾ ਚਾਹੀਦਾ ਹੈ। ਉੱਤਰਦਾਤਾ ਸਮੱਸਿਆ ਬਾਰੇ ਪੂਰੀ ਤਰ੍ਹਾਂ ਵਾਕਿਫ ਹੋਣਾ ਚਾਹੀਦਾ ਹੈ। ਉੱਤਰਦਾਤੇ ਦੀ ਸਹਿਮਤੀ ਅਨੁਸਾਰ ਉਹਨਾਂ ਨੂੰ ਇੰਟਰਵੀਊ ਬਾਰੇ ਸਮਾਂ ਅਤੇ ਸਥਾਨ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ। ਇੰਟਰਵੀਊ ਦੀ ਸ਼ੁਰੂਆਤ ਸਮੱਸਿਆ ਬਾਰੇ ਆਮ ਬਹਿਸ ਤੋਂ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ, ਖੋਜੀ ਅਵਿਅਕਤੀਗਤ ਸਵਾਲ ਪੁੱਛ ਸਕਦਾ ਹੈ ਤੇ ਫਿਰ ਹੌਲੀ ਹੌਲੀ ਜਿਉਂ ਜਿਉਂ ਉੱਤਰਦਾਤੇ ਦੀ ਰੁੱਚੀ ਵੱਧਦੀ ਜਾਵੇ ਤਾਂ ਵਿਅਕਤੀਗਤ ਸਵਾਲ ਜਾਂ ਤਜ਼ਰਬਿਆਂ ਤੇ ਆਇਆ ਜਾ ਸਕਦਾ ਹੈ। ਖੋਜੀ ਉਸ ਨੂੰ ਆਪਣੀਆਂ ਉਦਾਹਰਣਾਂ ਦੇ ਕੇ ਸਵਾਲਾਂ ਦੇ ਜਵਾਬ ਵਾਜਿਬ ਢੰਗ ਨਾਲ ਦੇਣ ਲਈ ਰੁਚਿਤ ਕਰ ਸਕਦਾ ਹੈ। ਪਰ ਖੋਜੀ ਨੂੰ ਆਪ ਬਹਿਸ ਵਿਚ ਨਹੀਂ ਪੈਣਾ ਚਾਹੀਦਾ।

**ਗੁੱਡ ਅਤੇ ਹੈਟ** ਅਨੁਸਾਰ ਉੱਤਰਦਾਤੇ ਅਤੇ ਇੰਰਵੀਊ ਕਰਨ ਵਾਲੇ ਵਿਚ ਗੂੜ੍ਹਾ ਸਬੰਧ ਹੁੰਦਾ ਹੈ। ਜਦੋਂ ਉੱਤਰਦਾਤਾ, ਇੰਟਰਵੀਊ ਲੈਣ ਵਾਲੇ ਦੇ ਖੋਜ ਦੇ ਉਦੇਸ਼ਾਂ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਹ ਜ਼ਰੂਰੀ ਜਾਣਕਾਰੀ ਦੇਣ ਵਿਚ ਖੋਜੀ ਦੀ ਜ਼ੋਰ ਸ਼ੋਰ ਨਾਲ ਸਹਾਇਤਾ ਕਰਦਾ ਹੈ। ਸਿਰਫ ਕੁਸ਼ਲ ਖੋਜੀ ਹੀ ਗੂੜ੍ਹਾ ਸਬੰਧ ਕਾਇਮ ਕਰ ਸਕਦਾ ਹੈ। ਗੂੜ੍ਹੇ ਸਬੰਧ ਸਥਾਪਿਤ ਕਰਕੇ ਇੰਟਰਵੀਊ ਕਰਤਾ ਸਧਾਰਨ ਤੇ ਅਸਧਾਰਨ ਦੋਵੇਂ ਕਿਸਮ ਦੀ ਜਾਣਕਾਰੀ ਹਾਸਿਲ ਕਰ ਸਕਦਾ ਹੈ ਕਿਉਂਕਿ ਉੱਤਰਦਾਤਾ ਖੋਜੀ ਨੂੰ ਆਪਣਾ ਹੀ ਵਿਅਕਤੀ ਸਮਝਦਾ ਹੈ ਅਤੇ ਉਸ ਨੂੰ ਆਪਣੀਆਂ ਗੁੰਝਲਾ ਦੱਸ ਦਿੰਦਾ ਹੈ। ਬਹਿਸ ਦੇ ਦੌਰਾਨ ਕਈ ਵਾਰ ਉੱਤਰਦਾਤਾ ਵਿਸ਼ੇ ਤੋਂ ਪਾਸੇ ਚਲਾ ਜਾਂਦਾ ਹੈ। ਇਹ ਭਾਵਨਾਵਾਂ ਅਤੇ ਵਲਵਲਿਆਂ ਦੇ ਜੋਸ਼ ਕਰਕੇ ਹੁੰਦਾ ਹੈ। ਇਸ ਉਪਰ ਖੋਜੀ ਦਾ ਫਰਜ਼ ਬਣਦਾ ਹੈ ਕਿ ਉਸ ਨੂੰ ਬਹੁਤ ਹੀ ਸੁੱਚਜੇ ਢੰਗ ਨਾਲ ਫਿਰ ਸਮੱਸਿਆ ਦੇ ਵਿਸ਼ੇ ਉਪਰ ਮੋੜ ਲਿਆਵੇ। ਕਈ ਵਾਰ ਉੱਤਰਦਾਤਾ ਜਾਣ-ਬੁਝ ਦੇ ਗਲਤ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਦਾ ਹੋਇਆ ਸਵਾਲ ਦੇ ਜਵਾਬ ਨੂੰ ਕਿਸੇ ਹੋਰ ਪਾਸੇ ਵੱਲ ਲੈ ਜਾਂਦਾ ਹੈ ਪਰ ਖੋਜ-ਕਰਤਾ ਉਸ ਦਾ ਧਿਆਨ ਢੁਕਵੇਂ ਉੱਤਰ ਵੱਲ ਲਿਆਉਂਦਾ ਹੈ ਕਿ "ਤੁਸੀਂ ਮੈਨੂੰ ਦੱਸ ਰਹੇ ਸੀ ਕਿ ......." ਕੀ ਤੁਸੀਂ ਮੈਨੂੰ ਇਸ ਬਾਰੇ ਹੋਰ ਦੱਸਣਾ ਠੀਕ ਸਮਝੋਗੇ, "ਇਹ ਸੱਚਮੁੱਚ ਬਹੁਤ ਰੋਚਿਕ ਹੈ," "ਅਜਿਹੇ ਬਹੁਤ ਘੱਟ ਵਿਅਕਤੀ ਹਨ ਜਿਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਹੈ," "ਜੋ ਤੁਸੀਂ ਮੈਨੂੰ ਦੱਸ ਰਹੇ ਹੋ ਇਸ ਦੀ ਕੋਈ ਕੀਮਤ ਹੀ ਨਹੀਂ," "ਤੁਸੀਂ ਮੈਨੂੰ ਨਵਾਂ ਰਸਤਾ ਵਿਖਾ ਦਿੱਤਾ ਹੈ" ਆਦਿ। ਇਸ ਨਾਲ ਉੱਤਰਦਾਤਾ ਖੁਸ਼ ਵੀ ਹੋ ਜਾਂਦਾ ਹੈ ਤੇ ਹੋਰ ਵਿਸਥਾਰ ਵਿਚ ਦੱਸਣਾ ਸ਼ੁਰੂ ਕਰਦਾ ਹੈ ਜਾਂ ਕੁਝ ਸਮੱਸਿਆਵਾਂ ਤੇ ਉੱਤਰਦਾਤੇ ਦੀ ਸਲਾਹ ਲੈ ਕੇ ਵੀ ਉਸ ਨੂੰ ਖੁਸ਼ ਕੀਤਾ ਜਾ ਸਕਦਾ ਹੈ। ਪਰ ਉੱਤਰਦਾਤੇ ਵਲੋਂ ਸਾਰੀ ਇੰਟਰਵੀਊ ਖੋਜੀ ਨੂੰ ਬਹੁਤ ਹੀ ਇਕਾਗਰ ਚਿੱਤ ਹੋ ਕੇ ਸੁਣਨੀ ਚਾਹੀਦੀ ਹੈ, ਨਹੀਂ ਤਾਂ ਉੱਤਰਦਾਤਾ ਬੁਰਾ ਮਹਿਸੂਸ ਕਰਦਾ ਹੈ ਕਿ ਉਹ ਐਂਵੇ ਫਜ਼ੂਲ ਹੀ ਬੋਲਦਾ ਜਾ ਰਿਹਾ ਹੈ। ਭਾਵੇਂ ਕਿ ਇੰਨਾ ਲੰਮਾ ਸਮਾਂ ਸੁਣਨਾ ਬਹੁਤ ਮੁਸ਼ਕਿਲ ਹੁੰਦਾ ਹੈ ਪਰ ਕੁਸ਼ਲ ਖੋਜੀ ਇਸ ਬਾਰੇ ਪੂਰਾ ਜਾਣੂ ਹੁੰਦਾ ਹੈ। **ਪੀ.ਵੀ. ਯੰਗ** ਨੇ ਵੀ ਧਿਆਨ ਨਾਲ ਸੁਣਨ ਉਪਰ ਜ਼ੋਰ ਦਿੱਤਾ ਹੈ।

ਹੋ ਸਕੇ ਤਾਂ ਇੰਟਰਵੀਊ ਦੀ ਰੀਕਾਡਿੰਗ ਨਹੀਂ ਕਰਨੀ ਚਾਹੀਦੀ ਕਿਉਂਕਿ ਅਜਿਹਾ ਕਰਨ ਨਾਲ ਉੱਤਰਦਾਤਾ

ਸ਼ੱਕੀ ਹੋ ਜਾਂਦਾ ਹੈ ਕਿ ਉਸ ਦੀਆਂ ਸਾਰੀਆਂ ਗੁਪਤ ਗੱਲਾਂ ਰਿਕਾਰਡ ਕੀਤੀਆਂ ਜਾ ਰਹੀਆਂ ਹਨ। ਕਿਧਰੇ ਇਹ ਰਿਕਾਡਿੰਗ ਉਸ ਦੇ ਖਿਲਾਫ ਹੀ ਨਾ ਵਰਤੀ ਜਾਵੇ। ਇਸ ਲਈ ਉਹ ਸਵਾਲਾਂ ਦੇ ਸਿਰਫ ਸਾਧਾਰਨ ਉੱਤਰ ਹੀ ਦੇਣੇ ਸ਼ੁਰੂ ਕਰ ਦਿੰਦਾ ਹੈ। ਬਹੁਤ ਮਹੱਤਵਪੂਰਣ ਗੱਲਾਂ ਨੂੰ ਉਹ ਛੁਪਾਉਣਾ ਸ਼ੁਰੂ ਕਰ ਦਿੰਦਾ ਹੈ। ਰਿਕਾਰਡਿੰਗ ਨਾਲ ਦੋਹਾਂ ਦੀ ਬਿਰਤੀ ਵਿਚ ਵਿਘਨ ਪੈਂਦਾ ਹੈ।

ਜਦੋਂ ਇੰਟਰਵੀਊ ਪੂਰੀ ਹੋ ਜਾਂਦੀ ਹੈ ਤਾਂ ਉੱਤਰਦਾਤੇ ਦੇ ਉਚਾਰਣ ਦਾ ਵੇਗ ਘੱਟ ਜਾਂਦਾ ਹੈ। ਉਸ ਦਾ ਜੋਸ਼ ਮੱਠਾ ਪੈ ਜਾਂਦਾ ਹੈ। ਉਹ ਥੱਕਿਆ ਮਹਿਸੂਸ ਕਰਦਾ ਹੈ। ਪਰ ਇਥੇ ਖੋਜ ਕਰਤਾ ਦਾ ਕੰਮ ਹੈ ਕਿ ਉਹ ਇੰਟਰਵਿਊ ਦਾ ਖਾਤਮਾ ਬਹੁਤ ਹੀ ਸੁਚੱਜੇ ਢੰਗ ਨਾਲ ਕਰੇ। ਉਹ ਸਾਰੀ ਹੋਈ ਇੰਟਰਵੀਊ ਤੇ ਨਿਗਾਹ ਮਾਰ ਲਵੇ ਕਿਧਰੇ ਕੋਈ ਸਵਾਲ ਜਵਾਬ ਦਿੱਤੇ ਤੋਂ ਬਿਨਾਂ ਨਾ ਰਹਿ ਗਿਆ ਹੋਵੇ। ਜੇ ਰਹਿ ਗਿਆ ਹੋਵੇ ਤਾਂ ਹੀ ਸਲੀਕੇ ਨਾਲ ਉੱਤਰਦਾਤੇ ਤੋਂ ਦੁਬਾਰਾ ਪੱਛੇ। ਪ੍ਰਸ਼ਨਾਵਲੀ ਦੇ ਕੇਸ ਵਿਚ ਪ੍ਰਸ਼ਨਾਵਲੀ ਠੀਕ ਸਮੇਂ ਸਿਰ ਨਾ ਪਹੁੰਚੇ ਤਾਂ ਉਸਨੂੰ ਦੁਬਾਰਾ ਯਾਦ ਕਰਵਾਇਆ ਜਾਂਦਾ ਹੈ। ਜੇ ਕਈ ਵਾਰ ਯਾਦ ਕਰਾਉਣ ਤੇ ਵੀ ਨਾ ਭੇਜੇ ਤਾਂ ਕਿਸੇ ਹੋਰ ਉੱਤਰਦਾਤੇ ਕੋਲ ਨਵੀਂ ਪ੍ਰਸ਼ਨਾਵਲੀ ਭੇਜੀ ਜਾ ਸਕਦੀ ਹੈ। ਖੋਜ ਕਰਤਾ ਨੂੰ ਉੱਤਰਦਾਤੇ ਨੂੰ ਯਕੀਨ ਦਿਵਾਉਣਾ ਚਾਹੀਦਾ ਹੈ ਕਿ ਉਸ ਨੇ ਗੁਪਤਚਰਾਂ ਨੂੰ ਕਿਸੇ ਕੋਲ ਵੀ ਬਿਆਨ ਨਹੀਂ ਕੀਤਾ ਜਾਵੇਗਾ।

ਇੰਟਰਵੀਊ ਦੇ ਖਤਮ ਹੋਣ ਤੋਂ ਬਾਅਦ, ਰਿਪੋਰਟ ਲਿਖ ਲੈਣੀ ਬਣਦੀ ਹੈ ਕਿਉਂਕਿ ਉਸ ਸਮੇਂ ਕਈ ਪਹਿਲੂ, ਤਜ਼ਰਬੇ ਅਤੇ ਗੱਲਾਂ ਜੋ ਖੋਜੀ ਦੇ ਦਿਮਾਗ ਵਿਚ ਤਾਜਾ ਹੁੰਦੀਆਂ ਹਨ। ਉਹ ਸਮਾਂ ਪੈਣ ਤੇ ਭੁੱਲ ਸਕਦੀਆਂ ਹਨ। ਰਿਪੋਰਟਾਂ ਲਿਖਣ ਲਈ ਰਿਪੋਰਟ ਵਾਲੇ ਦੀ ਭਾਸ਼ਾ ਤੇ ਪੂਰੀ ਕਮਾਂਡ ਹੋਣੀ ਚਾਹੀਦੀ ਹੈ।

**ਆਪਣਾ ਗਿਆਨ ਪਰਖੋ**

(ੳ) ਕੀ ਇੰਟਰਵਿਊ ਲਈ ਸਿਖਲਾਈ ਦੀ ਜ਼ਰੂਰਤ ਹੈ?

..........................................................................................................

..........................................................................................................

..........................................................................................................

(ਅ) ਇੰਟਰਵਿਊ ਲਈ ਉਤੱਰਦਾਤਿਆਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?

..........................................................................................................

..........................................................................................................

..........................................................................................................

(ੲ) ਅਨਸਟਰਕਚਰਡ ਇੰਟਰਵਿਊ ਤੋਂ ਕੀ ਭਾਵ ਹੈ?

..........................................................................................................

..........................................................................................................

..........................................................................................................

## 5.6 ਇੰਟਰਵੀਊ ਸਾਰਨੀ ਅਤੇ ਪ੍ਰਸ਼ਨਾਵਲੀ ਦੀ ਬਣਤਰ (Construction of Interview Schedule and Questionnaire)

ਸਾਰਣੀ/ਪ੍ਰਸ਼ਨਾਵਲੀ ਕਿਸੇ ਸਮੱਸਿਆ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਬਹੁਤ ਹੀ ਮਹੱਤਵਪੂਰਨ ਤਕਨੀਕਾਂ ਹਨ। ਦੋਵੇ ਸੁਭਾਅ ਅਤੇ ਬਣਤਰ ਪੱਖੋਂ ਇਕ ਦੂਜੇ ਦੇ ਬਹੁਤ ਨੇੜੇ ਹਨ। ਦੋਹਾਂ ਵਿਚ ਫਰਕ ਸਿਰਫ ਇੰਨਾ ਹੈ ਕਿ ਪ੍ਰਸ਼ਨਾਵਲੀ ਨੂੰ ਉੱਤਰਦਾਤਿਆਂ ਕੋਲ ਡਾਕ ਰਾਹੀਂ ਭੇਜਿਆ ਜਾਂਦਾ ਹੈ। ਨਾਲ ਇਕ ਪੱਤਰ ਹੁੰਦਾ ਹੈ, ਜਿਸ ਉਪਰ ਪੂਰੀਆਂ ਨਸੀਹਤਾਂ ਤੇ ਜਾਣਕਾਰੀ ਹੁੰਦੀ ਹੈ। ਉੱਤਰਦਾਤੇ ਉਸ ਸਾਰਣੀ ਨੂੰ ਭਰ ਕੇ ਵਾਪਿਸ ਡਾਕ ਰਾਹੀਂ ਖੋਜੀ ਕੋਲ ਭੇਜਦੇ ਹਨ। ਪਰ ਸਾਰਣੀ ਦੀ ਹਾਲਤ ਵਿਚ, ਖੋਜੀ ਉੱਤਰਦਾਤੇ ਦੀ ਇੰਟਰਵੀਊ ਕਰਕੇ, ਸਾਰਣੀ ਆਪ ਭਰਦਾ ਹੈ। ਆਪ ਉਸ ਨੂੰ ਸਵਾਲ ਪੁੱਛਦਾ ਹੈ। ਪ੍ਰਸ਼ਨਾਵਲੀ ਦੀ ਵਰਤੋਂ ਖਾਸ ਕਰਕੇ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਸੈਂਪਲ ਬਹੁਤ ਵੱਡਾ ਹੋਵੇ ਅਤੇ ਭੂਗੋਲਿਕ ਤੌਰ ਤੇ ਦੂਰ ਬਿਖਰਿਆ ਹੋਵੇ।

ਇਹ ਤਕਨੀਕਾਂ ਖਾਸ ਕਰਕੇ ਵਿਅਕਤੀਗਤ ਵਿਸ਼ਵਾਸਾਂ ਭਾਵਨਾਵਾਂ ਅਤੇ ਭਵਿੱਖ ਬਾਰੇ ਇੱਛਾਵਾਂ ਦੀ

ਜਾਣਕਾਰੀ ਪ੍ਰਾਪਤ ਕਰਨ ਲਈ ਵਰਤੀਆਂ ਜਾਂਦੀਆਂ ਹਨ, ਇਹਨਾਂ ਦੀ ਜਾਣਕਾਰੀ ਨਿਰੀਖਣ ਵਿਧੀ ਦੁਆਰਾ ਅਸੰਭਵ ਹੈ। ਸਾਰਣੀ ਜਾਂ ਪ੍ਰਸ਼ਨਾਵਲੀ ਤਿਆਰ ਕਰਨ ਤੋਂ ਪਹਿਲਾਂ ਖੋਜੀ ਸਮੱਸਿਆ ਨੂੰ ਅਲੱਗ ਅਲੱਗ ਪਹਿਲੂਆਂ ਵਿਚ ਵੰਡਦਾ ਹੈ ਤਾਂ ਕਿ ਸਮੱਸਿਆ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰ ਵਿਚ ਜਾਣਕਾਰੀ ਲਈ ਜਾ ਸਕੇ।

ਉਚਿੱਤ ਸਾਰਣੀਕਰਣ ਲਈ, ਉਚਿੱਤ ਜਾਣਕਾਰੀ ਇਕੱਠੀ ਕਰਨ ਲਈ ਉਹ ਹਰ ਪਹਿਲੂ ਨੂੰ ਫਿਰ ਕਈ ਛੋਟੇ ਹਿੱਸਿਆਂ ਵਿਚ ਵੰਡਦਾ ਹੈ। ਉਸ ਤੋਂ ਬਾਅਦ ਉਹ ਸਵਾਲਾਂ ਨੂੰ ਬਣਾਉਂਦਾ ਹੈ। ਉਹ ਇਕ ਸਮੱਸਿਆ ਬਾਰੇ ਪੂਰੀ ਜਾਣਕਾਰੀ ਲੈਣ ਲਈ, ਇਕ ਤੋਂ ਵੱਧ ਸਵਾਲ ਪੁੱਛ ਸਕਦਾ ਹੈ। ਉਹ ਸਿੱਧੇ ਅਤੇ ਅਸਿੱਧੇ ਦੋਵੇਂ ਤਰ੍ਹਾਂ ਦੇ ਸਵਾਲ ਪੁੱਛ ਸਕਦਾ ਹੈ। ਉਹ ਇਸ ਗੱਲ ਦਾ ਖਿਆਲ ਰੱਖਦਾ ਹੈ ਕਿ ਸਵਾਲ ਬਹੁਤ ਗੁੰਝਲਦਾਰ, ਟੇਢੇ, ਅਸਿੱਧੇ ਤੇ ਵਿਅਕਤੀਗਤ ਨਾ ਹੋਣ। ਸਗੋ ਸਿੱਧੇ ਤੇ ਸੌਖੇ ਹੋਣ ਤਾਂ ਕਿ ਉੱਤਰਦਾਤਾ ਸਵਾਲਾਂ ਦੇ ਜਵਾਬ ਦੇਣ ਲੱਗੇ ਉਲਝ ਨਾ ਜਾਵੇ। ਸਵਾਲ ਅਜਿਹੇ ਹੋਣ ਜਿਨ੍ਹਾਂ ਵਿਚੋਂ ਸਮੱਸਿਆ ਦਾ ਸਮਾਧਾਨ ਨਿਕਲਦਾ ਹੋਵੇ ਅਤੇ ਉਹਨਾਂ ਦਾ ਜਵਾਬ, ਉੱਤਰਦਾਤਾ ਬਿਨਾਂ ਹਿਚਕਚਾਹਟ ਤੇ ਦੇਣ ਲਈ ਤਿਆਰ ਹੋਵੇ।

ਅਗਲਾ ਪੜਾਅ ਸਾਰਣੀ ਜਾਂ ਪ੍ਰਸ਼ਨਾਵਲੀ ਦੇ ਸਰੀਰਕ ਡੀਜਾਇਨ ਦਾ ਹੁੰਦਾ ਹੈ। ਬਿਨਾਂ ਕ੍ਰਮਬੱਧਤਾ ਤੋਂ ਭੈੜੀ ਅਤੇ ਅਸੰਤੁਲਤ ਸਾਰਣੀ/ਪ੍ਰਸ਼ਨਾਵਲੀ ਨੂੰ ਭਰਨਾ ਬਹੁਤ ਔਖਾ ਹੁੰਦਾ ਹੈ। ਕੁਸ਼ਲ ਖੋਜੀ ਸਾਰਣੀ/ਪ੍ਰਸ਼ਨਾਵਲੀ ਦਾ ਨਿਰਮਾਣ ਸਮੱਸਿਆ ਦੇ ਅਲੱਗ ਅਲੱਗ ਪਹਿਲੂਆਂ ਅਨੁਸਾਰ ਕਰਦਾ ਹੈ। ਸਵਾਲਾਂ ਨੂੰ ਨਿਯਮਬੱਧ, ਕਰਮਬੱਧ ਅਤੇ ਸਾਰਣੀਬੱਧ ਢੰਗ ਨਾਲ ਅੰਕਿਤ ਕਰਨਾ ਹੁੰਦਾ ਹੈ ਤਾਂ ਕਿ ਸਵਾਲਾਂ ਨੂੰ ਪੁੱਛਣ ਵੇਲੇ ਆਸਾਨੀ ਹੋਵੇ।

ਸਾਰਣੀ ਜਾਂ ਪ੍ਰਸ਼ਨਾਵਲੀ ਦੀ ਦਿੱਖ ਦਿਲ-ਖਿਚਵੀਂ ਹੋਣੀ ਚਾਹੀਦੀ ਹੈ। ਸਵਾਲਾਂ ਨੂੰ ਠੀਕ ਅਲਫਾਜ਼ਾਂ ਦੀ ਜ਼ਰੂਰਤ ਹੁੰਦੀ ਹੈ, ਸਵਾਲ ਸਪੱਸ਼ਟ ਹੋਣੇ ਚਾਹੀਦੇ ਹਨ। ਇਹਨਾਂ ਦੁਆਰਾ ਇਕੱਤਰ ਕੀਤੀ ਜਾਣਕਾਰੀ ਯੋਗ ਹੀ ਨਾ ਹੋਵੇ, ਸਗੋਂ ਟੇਬੂਲੇਸ਼ਨ ਵੰਡ ਅਤੇ ਅੰਕੜੇ ਤਰੀਕਿਆਂ ਵਿਚ ਫਿੱਟ ਹੁੰਦੀ ਹੋਵੇ। ਸਾਰਣੀ/ਪ੍ਰਸ਼ਨਾਵਲੀ ਛੋਟੀ ਹੋਣੀ ਚਾਹੀਦੀ ਹੈ ਤਾਂ ਕਿ ਉਸ ਨੂੰ ਚੁੱਕ ਕੇ ਇਧਰ ਉੱਧਰ ਲੈ ਜਾਣਾ ਸੌਖਾ ਹੋਵੇ। ਦੂਜਾ ਲੰਬੀ ਸਾਰਣੀ ਵਿਚ ਉੱਤਰਦਾਤੇ ਵੀ ਉਕਤਾ ਜਾਂਦੇ ਹਨ। ਫਿਰ ਉਹ ਠੀਕ ਜਵਾਬ ਨਹੀਂ ਦਿੰਦੇ ਅਤੇ ਖੋਜੀ ਵੀ ਥੱਕ ਜਾਂਦਾ ਹੈ। ਫਾਰਮ ਦਾ ਇੱਕ ਪਾਸਾ ਹੀ ਭਰਨਾ ਚਾਹੀਦਾ ਹੈ ਤਾਂ ਕਿ ਦੂਜੇ ਪਾਸੇ ਇੰਟਰਵੀਊ ਲੈਣ ਵਾਲਾ ਆਪਣੇ ਸੁਝਾਅ ਵਗੈਰਾ ਦੇ ਸਕੇ। ਕਾਗਜ਼ ਵੀ ਕਾਫੀ ਵਧੀਆ ਵਰਤਣਾ ਚਾਹੀਦਾ ਹੈ, ਕਿਉਂਕਿ ਇਕ ਤਾਂ ਇੰਟਰਵੀਊ ਲੈਂਦੇ ਸਮੇਂ ਸਾਫ ਸਾਫ ਲਿਖਿਆ ਜਾਵੇ ਂ, ਦੂਸਰਾ ਕਾਫੀ ਲੰਮੇ ਸਮੇਂ ਲਈ ਸੰਭਾਲ ਸਕਣ ਦੇ ਯੋਗ ਹੋਵੇ।

ਸਵਾਲਾਂ ਦੀ ਬਣਤਰ ਸਮੇਂ ਔਖੇ ਸ਼ਬਦ ਨਹੀਂ ਵਰਤਣੇ ਚਾਹੀਦੇ। ਪਰ ਫਿਰ ਵੀ ਸਾਰਣੀ ਜਾਂ ਪ੍ਰਸ਼ਨਾਵਲੀ ਵਿਚ ਰਹਿ ਗਈਆਂ ਕਮੀਆਂ ਨੂੰ ਟੈਸਟ ਕਰਕੇ ਦੂਰ ਕੀਤਾ ਜਾ ਸਕਦਾ ਹੈ।

## 5.7 ਸਾਰ

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਰਿਸਰਚ ਡਿਜ਼ਾਇਨ ਵਿਚ ਇੰਟਰਵੀਊ ਦੁਆਰਾ ਵੀ ਡੇਟਾ ਇਕੱਠਾ ਕੀਤਾ ਜਾਂਦਾ ਹੈ। ਅਜਕਲ੍ਹ ਦੇ ਸਮੇਂ ਵਿਚ ਇਸ ਵਿਧੀ ਦੀ ਸਭ ਤੋਂ ਵਧੇਰੇ ਵਰਤੋਂ ਕੀਤੀ ਜਾ ਰਹੀ ਹੈ। ਕਈ ਵਾਰ ਬਣੇ, ਬਣਾਏ ਸਵਾਲਾਂ ਦੇ ਜਵਾਬ ਪੁੱਛੇ ਜਾਂਦੇ ਹਨ ਜਿਸਨੂੰ ਰਸਮੀ ਇੰਟਰਵੀਊ ਆਖਿਆ ਜਾਂਦਾ ਹੈ ਅਤੇ ਕਈ ਵਾਰ ਸਵਾਲਾਂ ਦੀ ਕ੍ਰਮਬੱਧਤਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ ਇਹ ਬਦਲੇ ਜਾਂਦੇ ਹਨ ਜਿਸ ਨੂੰ ਗ਼ੈਰ ਰਸਮੀ ਇੰਟਰਵੀਊ ਦਾ ਨਾਂ ਦਿੱਤਾ ਜਾਂਦਾ ਹੈ। ਇੰਟਰਵੀਊ ਕਰਤਾ ਜੋ ਵੀ ਸਵਾਲ ਪੁੱਛਣਾ ਚਾਹੁੰਦਾ ਹੈ, ਉਤਰਦਾਤੇ ਨੂੰ ਉਸਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇੰਟਰਵੀਊ ਕਰਤਾ ਉਤਰਦਾਤੇ ਨੂੰ ਸਵਾਲਾਂ ਦੇ ਸਹੀ ਉੱਤਰ ਦੇਣ ਲਈ ਪ੍ਰੇਰਦਾ ਹੈ। ਇਨ੍ਹਾਂ ਦੋਵਾਂ ਵਿਚ ਪਰਸਪਰ ਸਹਿਯੋਗ ਨਾਲ ਹੀ ਸਹੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਇਹ ਇੰਟਰਵੀਊ ਸਟਰਕਚਰਡ ਵੀ ਹੋ ਸਕਦੀ ਹੈ ਅਤੇ ਅਨਸਟਰਕਚਰਡ ਵੀ। ਇਹ ਫੋਕਸਡ ਵੀ ਹੋ ਸਕਦੀ ਹੈ ਅਤੇ ਰਪੀਟਿਡ ਵੀ। ਖੋਜੀ ਨੂੰ ਉੱਤਰਦਾਤੇ ਦੇ ਸੁਭਾਅ, ਸਥਾਨ ਅਤੇ ਹਾਲਾਤ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇੰਟਰਵੀਊ ਤੋਂ ਪਹਿਲਾਂ ਇੰਟਰਵੀਊ ਸਾਰਣੀ ਜਾਂ ਪ੍ਰਸ਼ਨਾਵਲੀ ਤਿਆਰ ਕਰਨੀ ਜ਼ਰੂਰੀ ਹੈ। ਇੰਟਰਵੀਊ ਦੀ ਸ਼ੁਰੂਆਤ ਸਮਸਿਆ ਬਾਰੇ ਆਮ ਬਹਿਸ ਤੋਂ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਖੋਜੀ ਅਵਿਅਕਤੀਗਤ ਸਵਾਲ ਅਤੇ ਫਿਰ ਹੌਲੀ ਹੌਲੀ ਵਿਅਕਤੀਗਤ ਸਵਾਲ ਪੁੱਛ ਸਕਦਾ ਹੈ। ਖੋਜੀ ਨੂੰ ਆਪ ਬਹਿਸ

ਵਿਚ ਨਹੀਂ ਪੈਣਾ ਚਾਹੀਦਾ।

## 5.8 ਅਭਿਆਸ ਲਈ ਪ੍ਰਸ਼ਨ

(ੳ) ਇੰਟਰਵੀਊ ਤੋ ਕੀ ਭਾਵ ਹੈ ? ਇਕ ਸਫ਼ਲਤਾ ਪੂਰਵਕ ਇੰਟਰਵੀਊ ਦੀਆਂ ਕੀ ਸ਼ਰਤਾਂ ਹਨ ਖੋਲ੍ਹ ਕੇ ਬਿਆਨ ਕਰੋ।

(ਅ) ਇੰਟਰਵੀਊ ਵਿਧੀ ਨੂੰ ਬਿਆਨ ਕਰਦੇ ਹੋਏ ਇਸ ਦੀਆਂ ਵੱਖੋ-ਵੱਖ ਕਿਸਮਾਂ ਦਾ ਵਰਨਣ ਕਰੋ।

(ੲ) ਇੰਟਰਵੀਊ ਵਿਧੀ ਦੀ ਵਿਆਖਿਆ ਕਰੋ ਅਤੇ ਇਸ ਦੀਆਂ ਵੱਖ-ਵੱਖ ਪ੍ਰੀਕ੍ਰਿਆਵਾਂ ਤੇ ਰੋਸ਼ਨੀ ਪਾਓ।

## ਸੰਖੇਪ ਸਵਾਲ

(ੳ) ਰਸਮੀ ਅਤੇ ਗੈਰ-ਰਸਮੀ ਇੰਟਰਵਿਊ ਵਿਚ ਕੀ ਅੰਤਰ ਹੈ।

(ਅ) ਸਟਰਕਚਰਡ ਅਤੇ ਅਸਟਰਕਚਰਡ ਇੰਟਰਵੀਊ ਵਿਚ ਕੀ ਅੰਤਰ ਹੈ ?

(ੲ) ਇੰਟਰਵੀਊ ਸਾਰਣੀ ਅਤੇ ਪ੍ਰਸ਼ਨਾਵਲੀ ਵਿਚ ਕੀ ਅੰਤਰ ਹੈ ?

## 5.9 ਉਪਯੋਗੀ ਪੁਸਤਕਾਂ

Goode and Hatt : Methods in Social Research.

Seltiz Claire et al. : Research Methods is Social Relations.

T.R. Sharma : Vidyak Khoj Vidhi.

Bajpai : Methods of Social Surveys.

Devinder Thakur : Research Methodology in Social Sciences.

ਪਾਠ ਨੰ: 1.6 ਲੇਖਕ : ਡਾ. ਪਲਵਿੰਦਰ ਸਿੰਘ

# ਪ੍ਰਸ਼ਨਾਵਲੀ ਅਤੇ ਇੰਟਰਵਿਊ ਸਾਰਣੀ
# (Questionnaire and Interview Schedule)

## ਰੂਪ ਰੇਖਾ


6.0 ਉਦੇਸ਼
6.1 ਜਾਣ-ਪਛਾਣ
6.2 ਪ੍ਰਸ਼ਨਾਵਲੀ ਦੀ ਬਣਤਰ
6.2.1 ਪ੍ਰਸ਼ਨਾਵਲੀ ਦਾ ਆਕਾਰ
6.2.2 ਦਿੱਖ
6.2.3 ਸਪਸ਼ਟਤਾ
6.2.4 ਸਵਾਲਾਂ ਦੀ ਤਰਤੀਬ
6.2.5 ਰੋਚਕ
6.2.6 ਕੁਝ ਹੋਰ ਸਾਵਧਾਨੀਆਂ
6.3 ਇੰਟਰਵਿਊ ਸਾਰਣੀ ਦੀ ਬਣਤਰ
6.4 ਸਾਰ
6.5 ਅਭਿਆਸ ਲਈ ਪ੍ਰਸ਼ਨ
6.6 ਉਪਯੋਗੀ ਪੁਸਤਕਾਂ


## 6.0 ਉਦੇਸ਼

ਇਸ ਪਾਠ ਨੂੰ ਪੜਨ ਤੋਂ ਬਾਅਦ ਤੁਹਾਨੂੰ ਹੇਠ ਲਿਖੀਆਂ ਗੱਲਾਂ ਦੀ ਜਾਣਕਾਰੀ ਹਾਸਿਲ ਹੋਵੇਗੀ :

* ਪ੍ਰਸ਼ਨਾਵਲੀ ਅਤੇ ਇਸਦੀ ਬਣਤਰ ਜਿਸ ਵਿਚ ਤੁਸੀਂ ਪ੍ਰਸ਼ਨਾਵਲੀ ਦੇ ਆਕਾਰ, ਦਿੱਖ, ਸਪੱਸ਼ਟਤਾ, ਸਵਾਲਾਂ ਦੀ ਤਰਤੀਬ ਅਤੇ ਉਸਦੇ ਰੋਚਕ ਹੋਣ ਬਾਰੇ ਗਿਆਨ ਹਾਸਿਲ ਕਰੋਗੇ।
* ਤੁਸੀਂ ਇਹ ਪਾਠ ਪੜ੍ਹਨ ਉਪਰੰਤ ਇੰਟਰਵਿਊ ਸਾਰਣੀ ਨੂੰ ਬਣਾਉਣ ਦੀ ਵਿਧੀ ਵਰਨਣ ਕਰ ਸਕੋਂਗੇ।
* ਤੁਸੀਂ ਪ੍ਰਸ਼ਨਾਵਲੀ ਅਤੇ ਇੰਟਰਵਿਊ ਸਾਰਣੀ ਵਿਚ ਭੇਦ ਕਰਨ ਦੇ ਯੋਗ ਹੋਵੋਗੇ।

## 6.1 ਜਾਣ-ਪਛਾਣ

ਖੋਜ ਦਾ ਕੰਮ ਇਕ ਪੂਰੀ ਲੰਮੀ ਪ੍ਰਕਿਰਿਆ ਹੈ, ਜਿਸ ਵਿਚ ਵਿਗਿਆਨੀ ਨੂੰ ਕਈ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਸਭ ਤੋਂ ਪਹਿਲਾਂ ਤਾਂ ਉਸ ਦੀ ਰੁੱਚੀ ਤੇ ਨਿਰਭਰ ਕਰਦਾ ਹੈ ਕਿ ਵਿਗਿਆਨੀ ਆਪਣੇ ਵਿਸ਼ੇ ਦੇ ਕਿਸ ਪੱਖ ਵੱਲ ਰੁੱਚਿਤ ਹੈ। ਫਿਰ ਉਹ ਜਿਸ ਸਮੱਸਿਆ ਨੂੰ ਹੱਥ ਵਿਚ ਲੈਣਾ ਚਾਹੁੰਦਾ ਹੈ ਜਾਂ ਜਿਸ ਪੱਖ ਤੇ ਕੰਮ ਕਰਕੇ ਉਹ ਆਪਣੇ ਵਿਸ਼ੇ ਨੂੰ ਕੋਈ ਦੇਣ ਦੇਣੀ ਚਾਹੁੰਦਾ ਹੈ, ਉਹ ਉਸ ਸਮੱਸਿਆ ਦੀ ਚੋਣ ਕਰੇਗਾ। ਜਿਸ ਵਾਸਤੇ ਉਸ ਦੇ ਮਨ ਵਿਚ ਪਹਿਲਾਂ ਹੀ ਕੋਈ ਤਸਵੀਰ ਬਣੀ ਹੋਵੇਗੀ ਭਾਵੇਂ ਉਹ ਬਹੁਤੀ ਸਾਫ ਨਾ ਹੋਵੇ। ਉਸ ਵਾਸਤੇ ਉਹ ਉਸ ਵਿਸ਼ੇ ਨਾਲ ਸਬੰਧਤ ਹੋਰ ਹੋਈਆਂ ਖੋਜਾਂ ਜਾਂ ਕੰਮਾਂ ਨੂੰ ਬਹੁਤ ਧਿਆਨ ਨਾਲ ਦੇਖੇਗਾ ਅਤੇ ਵਿਚਾਰੇਗਾ। ਉਸ ਵਿਸ਼ੇ ਦੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰੇਗਾ। ਜਦੋਂ ਉਸਨੂੰ ਆਪਣੀ ਗੱਲ ਸ਼ਪਸਟ ਹੋ ਜਾਂਦੀ ਹੈ ਤਾਂ ਉਹ ਸਮੱਸਿਆ ਨੂੰ ਨਾਮ ਦੇ ਦਿੰਦਾ ਹੈ। ਉਹ ਸਬੰਧਤ ਪੁਸਤਕਾਂ ਜਾਂ ਹੋਰ ਲਿਟਰੇਚਰ ਪੜ੍ਹ ਕੇ ਪਰਿਕਲਪਨਾਵਾਂ ਬਣਾਉਂਦਾ ਹੈ। ਅਜਿਹੀਆਂ ਪਰਿਕਲਪਨਾਵਾਂ ਦੀ ਉਸਾਰੀ ਕਰਦਾ ਹੈ ਜੋ ਉਸ ਨੂੰ ਗਾਇਡ ਕਰ ਸਕਣ ਅਤੇ ਜੋ ਟੈਸਟ ਕੀਤੀਆਂ ਜਾ ਸਕਣ। ਉਹ ਸੰਕਲਪਾਂ ਅਤੇ ਧਾਰਨਾਵਾਂ ਦੀ ਸਪੱਸ਼ਟ ਤੇ ਸਰਲ ਪਰਿਭਾਸ਼ਾ ਕਰਦਾ ਹੈ ਉਸ ਤੋਂ ਬਾਅਦ ਖੋਜੀ ਖੋਜ ਵਿਧੀ ਦਾ

ਨਿਰਮਾਣ ਕਰਦਾ ਹੈ। ਉਹ ਅਜਿਹੀ ਖੋਜ ਵਿਧੀ ਦਾ ਨਿਰਮਾਣ ਕਰਦਾ ਹੈ ਜੋ ਉਸਦੀ ਸਮੱਸਿਆ ਲਈ ਢੁੱਕਵੀਂ ਹੋਵੇ ਤਾਂ ਕਿ ਉਹ ਵਾਜਿਬ ਸਮੱਗਰੀ ਇੱਕਠੀ ਕਰ ਸਕੇ। ਜਿਸ ਵਿਚ ਉਹ ਸਭ ਤੋਂ ਪਹਿਲਾਂ ਬ੍ਰਹਿਮੰਡ ਨੂੰ ਨਿਰਧਾਰਿਤ ਕਰਦਾ ਹੈ ਭਾਵ ਉਹ ਖੇਤਰ ਜਿੱਥੋਂ ਉਸਨੇ ਸਮੱਗਰੀ ਇੱਕਤਰ ਕਰਨੀ ਹੈ। ਫਿਰ ਜੇ ਬ੍ਰਹਿਮੰਡ ਵੱਡਾ ਹੋਵੇ ਤਾਂ ਸਾਰੀ ਜਨਸੰਖਿਆ ਨੂੰ ਮਿਲਣਾ ਅਸੰਭਵ ਹੁੰਦਾ ਹੈ ਜਿਸ ਲਈ ਬਹੁਤ ਸਮਾਂ, ਪੈਸਾ ਚਾਹੀਦਾ ਹੈ ਇਸ ਦੇ ਬਾਵਜੂਦ ਵੀ ਸਿੱਟੇ ਨਹੀਂ ਨਿਕਲਦੇ। ਇਸ ਲਈ ਉਹ ਸੈਂਪਲ ਦੀ ਕੋਈ ਵਾਜਿਬ ਵਿਧੀ ਅਪਣਾ ਕੇ ਸੈਂਪਲ ਦੀ ਚੋਣ ਕਰਦਾ ਹੈ ਭਾਵ ਉਨ੍ਹਾਂ ਲੋਕਾਂ ਦੀ ਚੋਣ ਜਿਨ੍ਹਾਂ ਤੋਂ ਉਸ ਨੇ ਸਮੱਗਰੀ ਇੱਕਠੀ ਕਰਨੀ ਹੈ ਜਿਸ ਨੂੰ ਉੱਤਰਦਾਤੇ ਕਿਹਾ ਜਾਂਦਾ ਹੈ।

ਸੈਂਪਲ ਦੀ ਖੋਜ ਤੋਂ ਬਾਅਦ ਹੁਣ ਫੈਸਲਾ ਕਰਨਾ ਹੁੰਦਾ ਹੈ ਕਿ ਸਮੱਗਰੀ ਇੱਕਠੀ ਕਰਨ ਲਈ ਕਿਸ ਵਿਧੀ ਦੀ ਚੋਣ ਕੀਤੀ ਜਾਵੇ ਕਿਉਂਕਿ ਸਮੱਗਰੀ ਇੱਕਠੀ ਕਰਨ ਦੀਆਂ ਬਹੁਤ ਸਾਰੀਆਂ ਵਿਧੀਆਂ ਹਨ, ਜਿਵੇਂ ਨਿਰੀਖਣ, ਇੰਟਰਵਿਊ, ਪ੍ਰਸ਼ਨਾਵਲੀ, ਸਟੱਡੀ ਅਤੇ ਇਤਿਹਾਸਕ ਦਸਤਾਵੇਜ਼ ਆਦਿ। ਇਹਨਾਂ ਵਿਧੀਆਂ ਦੀ ਹਰ ਇਕ ਦੀ ਆਪਣੀ ਮਹੱਤਤਾ ਹੈ। ਇਸ ਦੀ ਚੋਣ ਤਿੰਨਾਂ ਗੱਲਾਂ ਤੇ ਨਿਰਭਰ ਕਰਦੀ ਹੈ। ਪਹਿਲੀ ਗੱਲ ਸਮੱਸਿਆ ਦੀ ਪ੍ਰਕ੍ਰਿਤੀ, ਦੂਜੀ ਗੱਲ ਬ੍ਰਹਿਮੰਡ ਦੀ ਬਣਤਰ ਅਤੇ ਪ੍ਰਕ੍ਰਿਤੀ ਅਤੇ ਤੀਜੀ ਗੱਲ ਸੈਂਪਲ ਦਾ ਆਕਾਰ।

ਇੱਥੇ ਅਸੀਂ ਪ੍ਰਸ਼ਨਾਵਲੀ ਬਾਰੇ ਸੰਖੇਪ ਰੂਪ ਵਿਚ ਵੇਖਾਂਗੇ ਕਿ ਇਹ ਵਿਧੀ ਕੀ ਹੈ ਅਤੇ ਇਸ ਦੀ ਬਣਤਰ ਬਾਰੇ ਵਿਸਥਾਰ ਰੂਪ ਵਿਚ ਚਰਚਾ ਕਰਾਂਗੇ। ਇਸ ਤੋਂ ਇਲਾਵਾ ਇੰਟਰਵਿਊ ਸਾਰਣੀ ਦੀ ਬਣਤਰ ਬਾਰੇ ਵੀ ਵਿਚਾਰਿਆ ਜਾਵੇਗਾ। ਇੰਟਰਵਿਊ ਨੂੰ ਇਸ ਨੋਟ ਵਿਚ ਪਰਿਭਾਸ਼ਤ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਬਾਰੇ ਅਸੀਂ ਬਹਿਸ ਪਿਛਲੇ ਪਾਠ ਵਿਚ ਕਰ ਚੁੱਕੇ ਹਾਂ, ਇਥੇ ਤਾਂ ਸਿਰਫ ਇਸ ਦੀ ਬਣਤਰ ਦੀ ਹੀ ਗੱਲ ਕਰਾਂਗੇ। ਤਕਰੀਬਨ ਇਹ ਦੋਵੇਂ ਵਿਧੀਆਂ ਵਿਚ ਕਾਫੀ ਸਮਾਨਤਾ ਹੈ ਕਿਉਂਕਿ ਦੋਹਾਂ ਵਿਚ ਪ੍ਰਸ਼ਨ ਲਿਖਤੀ ਰੂਪ ਵਿਚ ਹੁੰਦੇ ਹਨ। ਫਰਕ ਸਿਰਫ ਇਹ ਹੈ ਕਿ ਇੰਟਰਵਿਊ ਸੂਚੀ ਖੋਜ ਵਰਕਰ ਆਪ ਉੱਤਰਦਾਤੇ ਨਾਲ ਸਵਾਲ ਜਵਾਬ ਕਰਕੇ ਭਰਦਾ ਹੈ। ਜਦੋਂ ਕਿ ਪ੍ਰਸ਼ਨਾਵਲੀ ਉੱਤਰਦਾਤੇ ਕੋਲ ਡਾਕ ਰਾਹੀ ਭੇਜ ਦਿੱਤੀ ਜਾਂਦੀ ਹੈ। ਨਾਲ ਇਕ ਪੱਤਰ ਤੇ ਹਦਾਇਤਾਂ ਦੀ ਸੂਚੀ ਵੀ ਭੇਜੀ ਜਾਦੀ ਹੈ, ਜਿਸ ਵਿਚ ਖੋਜ ਦਾ ਉਦੇਸ਼, ਇਹ ਖੋਜ ਕੌਣ (ਸੰਸਥਾ ਜਾਂ ਵਿਅਕਤੀ) ਕਰ ਰਿਹਾ ਹੈ ਆਦਿ ਬਾਰੇ ਦੱਸਿਆ ਜਾਂਦਾ ਹੈ। ਉੱਤਰਦਾਤੇ ਨੂੰ ਉਹ ਪ੍ਰਸ਼ਨਾਵਲੀ ਭਰ ਕੇ ਉਸ ਸੰਸਥਾ ਜਾਂ ਵਿਅਕਤੀ ਨੂੰ ਭੇਜਣੀ ਹੁੰਦੀ ਹੈ। ਇਸ ਕੰਮ ਲਈ ਸਮਾਂ ਨਿਰਧਾਰਤ ਕੀਤਾ ਹੁੰਦਾ ਹੈ। ਜੇ ਉਹ ਦਿੱਤੇ ਹੋਏ ਸਮੇਂ ਵਿਚ ਨਹੀਂ ਭੇਜਦਾ ਤਾਂ ਉਸ ਨੂੰ ਇਕ ਜਾਂ ਦੋ ਯਾਦ ਦਿਵਾਊ ਪੱਤਰ ਲਿਖੇ ਜਾਂਦੇ ਹਨ। ਜੇ ਉਹ ਫਿਰ ਵੀ ਵਾਪਿਸ ਨਾ ਭੇਜੇ ਤਾਂ ਫਿਰ ਸੈਂਪਲ ਸੂਚੀ ਵਿਚੋਂ ਕਿਸੇ ਉਸ ਤੋਂ ਅਗਲੇ ਉੱਤਰਦਾਤਾ ਨੂੰ ਪ੍ਰਸ਼ਨਾਵਲੀ ਭੇਜ ਦਿੱਤੀ ਜਾਂਦੀ ਹੈ। ਭਰ ਕੇ ਆਉਣ ਤੋਂ ਬਾਅਦ ਖੋਜੀ ਉਸਨੂੰ ਚੈਕ ਕਰਦਾ ਹੈ ਕੋਈ ਅੰਦਰਾਜ ਭਰਨ ਤੋਂ ਰਹਿ ਨਾ ਗਿਆ ਹੋਵੇ ਜਾਂ ਗਲਤ ਨਾ ਭਰਿਆ ਗਿਆ ਹੋਵੇ ਜਾਂ ਭਰਿਆ ਸਪਸ਼ਟ ਨਾ ਗਿਆ ਹੋਵੇ। ਆਉ ਹੁਣ ਪਹਿਲਾਂ ਪ੍ਰਸ਼ਨਾਵਲੀ ਦੀ ਗੱਲ ਕਰੀਏ।

ਪ੍ਰਸ਼ਨਾਵਲੀ ਤਕਰੀਬਨ ਇਕੋ ਜਿਹੀ ਹੁੰਦੀ ਹੈ ਜਿਸ ਵਿਚ ਕਈ ਭਾਗ ਬਣਾ ਲਏ ਜਾਂਦੇ ਹਨ ਅਤੇ ਤਾਂ ਜੋ ਇਕੋ ਤਰ੍ਹਾਂ ਦੇ ਸਵਾਲ ਇਕ ਭਾਗ ਵਿਚ ਆ ਸਕਣ। ਵੈਸੇ **ਪੀ.ਵੀ. ਯੰਗ** ਨੇ ਇਸਨੂੰ ਦੋ ਭਾਗਾਂ ਵਿਚ ਵੰਡਿਆ ਹੈ ਜਿਵੇਂ ਸਟਰਕਚਰਡ ਪ੍ਰਸ਼ਨਾਵਲੀ ਅਤੇ ਅਨਸਟਰਕਚਰਡ ਪ੍ਰਸ਼ਨਾਵਲੀ, ਪਰ ਇਹ ਵੰਡ ਕੋਈ ਬਹੁਤੀ ਪ੍ਰੈਕਟੀਕਲ ਨਹੀਂ। ਇਹ ਵੰਡ ਜਿਆਦਾ ਸਾਰਨੀ ਭਾਵ ਇੰਟਰਵਿਊ ਸਾਰਨੀ ਦੀ ਲੱਗਦੀ ਹੈ। ਨਾ ਕਿ ਪ੍ਰਸ਼ਨਾਵਲੀ ਦੀ। ਇਸੇ ਤਰ੍ਹਾਂ **ਜਾਰਜ ਏ. ਲੰਡਬਰਗ** ਨੇ ਵੀ ਇਸਨੂੰ ਦੋ ਤਰ੍ਹਾਂ ਦੀ ਦੱਸਿਆ ਹੈ ਜਿਵੇਂ ਤੱਥਾਂ ਦੀ ਪ੍ਰਸ਼ਨਾਵਲੀ (Questionnaire of fact) ਜਿਸ ਵਿਚ ਉੱਤਰਦਾਤੇ ਨੂੰ ਤੱਥਾਂ ਬਾਰੇ ਹੀ ਦੱਸਣ ਲਈ ਕਿਹਾ ਜਾਂਦਾ ਹੈ ਨਾ ਕਿ ਉਸਨੂੰ ਆਪਣੀ ਰਾਏ ਜਾਂ ਵਤੀਰਾ ਦੱਸਣ ਲਈ ਕਿਹਾ ਜਾਂਦਾ ਹੈ। ਦੂਸਰੀ ਕਿਸਮ ਦੀ ਹੈ ਰਾਏ ਦੀ ਪ੍ਰਸ਼ਨਾਵਲੀ (Questionnaire of opinion and attitude) ਇਸ ਵਿਚ ਉੱਤਰਦਾਤੇ ਦੀ ਰਾਏ ਪੁੱਛੀ ਜਾਂਦੀ ਹੈ ਪਰ ਇਹ ਦੋਵੇਂ ਤਰ੍ਹਾਂ ਦੇ ਸਵਾਲਾਂ ਲਈ ਅਲੱਗ ਅਲੱਗ ਪ੍ਰਸ਼ਨਾਵਲੀਆਂ

ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਦੋਵੇਂ ਤਰ੍ਹਾਂ ਦੇ ਸਵਾਲ ਇਕ ਹੀ ਪ੍ਰਸ਼ਨਾਵਲੀ ਵਿਚ ਅਲੱਗ ਅਲੱਗ ਭਾਗਾਂ ਵਿਚ ਪੁੱਛੇ ਜਾ ਸਕਦੇ ਹਨ।

## 6.2 ਪ੍ਰਸ਼ਨਾਵਲੀ ਦੀ ਬਣਤਰ

ਇੰਟਰਵਿਊ ਸਾਰਨੀ ਤੇ ਪ੍ਰਸ਼ਨਾਵਲੀ ਦੀ ਬਣਤਰ ਤਕਰੀਬਨ ਇਕੋ ਜਿਹੀ ਹੁੰਦੀ ਹੈ ਸਿਰਫ ਕੁਝ ਨੁਕਤੇ ਇਸ ਵਿਚ ਉਸ ਨਾਲੋਂ ਅੱਡ ਹੁੰਦੇ ਹਨ ਉਹ ਨੁਕਤੇ ਅਸੀਂ ਇਥੇ ਵਿਚਾਰਾਂਗੇ। ਬਾਕੀ ਨੁਕਤੇ ਉਹ ਹੀ ਰਹਿਣਗੇ ਜੋ ਅਸੀਂ ਅੱਗੇ ਜਾ ਕੇ ਇੰਟਰਵਿਊ ਸਾਰਣੀ ਦੀ ਬਣਤਰ ਵਿਚ ਦੱਸਾਂਗੇ। ਇਹ ਨੁਕਤੇ ਇਸ ਤਰ੍ਹਾਂ ਹਨ :

### 6.2.1 ਪ੍ਰਸ਼ਨਾਵਲੀ ਦਾ ਆਕਾਰ

ਇਸ ਦਾ ਆਕਾਰ ਤਕਰੀਬਨ ਇੰਟਰਵਿਊ ਸਾਰਣੀ ਨਾਲੋਂ ਛੋਟਾ ਹੁੰਦਾ ਹੈ ਕਿਉਂਕਿ ਇੰਟਰਵਿਊ ਸਾਰਣੀ ਖੋਜੀ ਨੇ ਆਪ ਉੱਤਰਦਾਤੇ ਨਾਲ ਗੱਲਬਾਤ ਕਰਕੇ ਭਰਨੀ ਹੁੰਦੀ ਹੈ। ਉਹ ਉੱਤਰਦਾਤੇ ਦੀ ਰੁਚੀ ਬਣਾਏ ਰੱਖਦਾ ਹੈ। ਪਰ ਪ੍ਰਸ਼ਨਾਵਲੀ ਜੇ ਲੰਮੀ ਹੋਵੇ ਤਾਂ ਉੱਤਰਦਾਤਾ ਬੋਰ ਹੋ ਜਾਵੇਗਾ। ਉਹ ਜਵਾਬ ਸਹੀ ਨਹੀਂ ਲਿਖੇਗਾ ਭਾਵੇਂ ਕਿ ਲੰਮੀ ਪ੍ਰਸ਼ਨਾਵਲੀ ਵੀ ਭੇਜੀ ਜਾਂਦੀ ਹੈ। ਉਹ ਉੱਤਰਦਾਤੇ ਭਰਕੇ ਵਾਪਸ ਵੀ ਭੇਜਦੇ ਹਨ ਪਰ ਅਸਲ ਵਿਚ ਛੋਟੀ ਤੋਂ ਛੋਟੀ ਪ੍ਰਸ਼ਨਾਵਲੀ ਪੋਸਟ ਕਾਰਡ ਜਿੰਨੀ ਹੀ ਜ਼ਿਆਦਾ ਲਾਭਦਾਇਕ ਮੰਨੀ ਜਾਂਦੀ ਹੈ। ਪਰ ਅਸੀਂ ਇੱਥੇ ਵੱਡੀ ਪ੍ਰਸ਼ਨਾਵਲੀ ਦੀ ਗੱਲ ਕਰ ਰਹੇ ਹਾਂ।

### 6.2.2 ਦਿੱਖ

ਸਭ ਤੋਂ ਵੱਡੀ ਤੇ ਮੱਹਤਵਪੂਰਨ ਗੱਲ ਇਹ ਹੈ ਕਿ ਇਹ ਬਹੁਤ ਵਧੀਆਂ ਵਿਖਾਈ ਦੇਵੇ। ਜਿਸ ਵਿਚ ਹਰ ਸਵਾਲ ਸਰਲ ਤੇ ਸਪੱਸ਼ਟ ਹੋਣਾ ਚਾਹੀਦਾ ਹੈ ਤਾਂ ਕਿ ਉੱਤਰਦਾਤਾ ਪੜ੍ਹਦੇ ਸਾਰ ਹੀ ਸਮਝ ਜਾਵੇ ਕਿ ਉਸ ਕੋਲੋਂ ਕੀ ਪੁੱਛਿਆ ਜਾ ਰਿਹਾ ਹੈ, ਤਾਂ ਕਿ ਉਹ ਗਲਤ ਜਵਾਬ ਨਾ ਲਿਖ ਸਕੇ। ਇਸ ਵਿਚ ਵਰਤਿਆ ਜਾਣ ਵਾਲਾ ਪੇਪਰ, ਸਿਆਹੀ, ਪ੍ਰਿਟਿੰਗ ਬਹੁਤ ਹੀ ਵਧੀਆ ਹੋਣੀ ਚਾਹੀਦੀ ਹੈ। ਪ੍ਰਸ਼ਨਾਵਲੀ ਨੂੰ ਪ੍ਰਸ਼ਨਾਂ ਦੀ ਪ੍ਰਕ੍ਰਿਤੀ ਅਨੁਸਾਰ ਤਰਤੀਬ ਕੀਤਾ ਹੋਵੇ। ਮੇਨ ਸਿਰਲੇਖ ਵੱਡੇ ਅੱਖਰਾਂ ਵਿਚ ਲਿਖੇ ਜਾਣ ਤਾਂ ਕਿ ਚੰਗਾ ਪ੍ਰਭਾਵ ਛੱਡ ਸਕਣ। ਪ੍ਰਸ਼ਨਾਵਲੀ ਦੇ ਨਾਲ ਹੀ ਜਾਂ ਅਲੱਗ ਇਕ ਉੱਤਰਦਾਤੇ ਨੂੰ ਪੱਤਰ ਤੇ ਹਦਾਇਤਾਂ ਦੀ ਸੂਚੀ ਵੀ ਭੇਜੀ ਜਾਵੇ ਤਾਂ ਕਿ ਉਹ ਸਾਰੀ ਸਮੱਸਿਆ ਨੂੰ ਸਮਝਦਾ ਹੋਇਆ ਸਾਰੀ ਕਿਸਮ ਦੇ ਡਰ ਤੇ ਭੈਅ ਤੋਂ ਮੁਕਤ ਹੋ ਜਾਵੇ।

### 6.2.3 ਸਪਸ਼ਟਤਾ

ਇਸ ਵਿਚ ਇੰਟਰਵਿਊ ਸਾਰਣੀ ਦੇ ਮੁਕਾਬਲੇ ਵਧੇਰੇ ਸਪਸ਼ਟਤਾ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਇੰਟਰਵਿਊ ਸਾਰਣੀ ਵਿਚ ਤਾਂ ਇੰਟਰਵਿਊ ਲੈਣ ਵਾਲਾ ਹਰ ਸਵਾਲ ਉੱਤਰਦਾਤੇ ਨੂੰ ਸਮਝਾ ਸਕਦਾ ਹੈ। ਉਸ ਨੂੰ ਗਾਇਡ ਕਰ ਸਕਦਾ ਹੈ, ਉਸ ਦੇ ਗਲਤ ਜਵਾਬ ਦੇਣ ਤੇ ਉਸਨੂੰ ਠੀਕ ਰਾਹ ਤੇ ਲਿਆਂਦਾ ਜਾ ਸਕਦਾ ਹੈ, ਉਸ ਕੋਲੋਂ ਉਸ ਦੇ ਦਿਲ ਦੀ ਗੱਲ ਕੱਢਵਾ ਸਕਦਾ ਹੈ। ਪਰ ਪ੍ਰਸ਼ਨਾਵਲੀ ਵਿਚ ਅਜਿਹਾ ਸੰਭਵ ਨਹੀਂ ਹੁੰਦਾ ਇਸ ਵਿਚ ਤਾਂ ਸਵਾਲਾਂ ਦੀ ਸਪਸ਼ਟਤਾ ਅਤੇ ਬਣਤਰ ਤੇ ਹੀ ਨਿਰਭਰ ਕਰਦਾ ਹੈ ਕਿ ਉੱਤਰਦਾਤੇ ਨੂੰ ਸਵਾਲ ਕਿੰਨੇ ਤੇ ਕਿਵੇਂ ਸਮਝ ਪੈਂਦੇ ਹਨ। ਖੋਜਾਰਥੀ ਨੂੰ ਪ੍ਰਸ਼ਨਾਵਲੀ ਤਿਆਰ ਕਰਨ ਲੱਗੇ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਇਹ ਪ੍ਰਸ਼ਨਾਵਲੀ ਅਣਜਾਣ ਲੋਕਾਂ ਵਾਸਤੇ ਹੈ। ਇਹ ਇੰਨੀ ਸਰਲ ਹੋਣੀ ਚਾਹੀਦੀ ਹੈ। ਇਸ ਨੂੰ ਡਾਕ ਰਾਹੀ ਭੇਜਣ ਤੋਂ ਪਹਿਲਾਂ ਵਿਗਿਆਨੀ ਨੂੰ ਆਪ ਫੀਲਡ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ ਤਾਂ ਕਿ ਇਸ ਵਿਚ ਦਰਪੇਸ਼ ਮੁਸ਼ਕਲਾਂ ਅਤੇ ਕਮੀਆਂ ਦਾ ਪਤਾ ਲੱਗ ਸਕੇ।

### 6.2.4 ਸਵਾਲਾਂ ਦੀ ਤਰਤੀਬ

ਪ੍ਰਸ਼ਨਾਵਲੀ ਵਿਚ ਸਵਾਲ ਉਘੜ ਦੁਗੜ ਢੰਗ ਨਾਲ ਨਹੀਂ ਲਿਖੇ ਜਾਣੇ ਚਾਹੀਦੇ ਸਗੋਂ ਤਰਤੀਬਵਾਰ ਹੋਣੇ ਚਾਹੀਦੇ ਹਨ। ਇਹ ਨਹੀਂ ਹੋਣਾ ਚਾਹੀਦਾ ਕਿ ਪਹਿਲਾਂ ਕਿਸੇ ਹੋਰ ਤਰ੍ਹਾਂ ਦਾ ਸਵਾਲ ਪੁੱਛਿਆ ਜਾਵੇ ਅਤੇ ਪਿੱਛੋਂ ਕਿਸੇ ਹੋਰ ਤਰ੍ਹਾਂ ਦਾ। ਗਲਤ ਢੰਗ ਨਾਲ ਤਰਤੀਬ ਕੀਤੇ ਸਵਾਲ ਉੱਤਰਦਾਤੇ ਨੂੰ ਜਵਾਬ ਦੇਣ ਲਈ ਉਤਸ਼ਾਹਤ ਨਹੀਂ ਕਰਦੇ ਸਗੋਂ ਉਸਨੂੰ ਬੋਰ ਕਰਦੇ ਹਨ ਅਤੇ ਭੰਬਲਭੂਸੇ ਵਿਚ ਪਾ ਦਿੰਦੇ ਹਨ

ਅਤੇ ਉਸ ਦਾ ਜਵਾਬ ਬਹੁਤਾ ਉਤਸ਼ਾਹਜਨਕ ਤੇ ਠੀਕ ਨਹੀਂ ਹੁੰਦਾ। ਅਜਿਹੀ ਸੂਰਤ ਵਿਚ ਪ੍ਰਸ਼ਨਾਵਲੀ ਨੂੰ ਉੱਤਰਦਾਤਾ ਕੂੜਾਦਾਨ ਵਿਚ ਸੁੱਟ ਦੇਵੇਗਾ ਜਾਂ ਬਿਨਾਂ ਭਰੇ ਹੀ ਵਾਪਸ ਕਰ ਦੇਵੇਗਾ। ਇਸ ਲਈ ਸਵਾਲਾਂ ਦੀ ਤਰਤੀਬ ਬਹੁਤ ਹੀ ਵਧੀਆ ਸਰਲ ਤੇ ਸਪਸ਼ਟ ਹੋਣੀ ਚਾਹੀਦੀ ਹੈ।

| **ਪ੍ਰਸ਼ਨ ਲੜੀ** | **ਉਗੜ-ਦੁਗੜ ਸੁਆਲਾਂ ਦੀ ਤਰਤੀਬ** | **ਉੱਤਰਾਂ ਦੀ ਚੋਣ** |
|---|---|---|
| | ਪ੍ਰਸ਼ਨ | |
| 1. | ਵਾਤਾਵਰਣ ਤੋਂ ਤੁਸੀਂ ਕੀ ਸਮਝਦੇ ਹੋ ? | ਆਲਾ ਦੁਆਲਾ, ਸਾਰੀ ਪ੍ਰਕ੍ਰਿਤੀ, ਹਵਾ ਪਾਣੀ |
| 2. | ਤੁਹਾਡੀ ਸਲਾਨਾਂ ਆਮਦਨ ਕਿੰਨੀ ਹੈ ? | 4000, 5000, ਜਾਂ 1000 |
| 3. | ਤੁਸੀ ਘਰ ਦਾ ਕੂੜਾ ਕਰਕਟ ਕਿੱਥੇ ਸੁੱਟਦੇ ਹੋ ? | ਕੂੜਾ ਦਾਨ ਵਿਚ/ਰੂੜੀ ਤੇ/ਘਰ ਦੇ ਅੱਗੇ/ ਗਵਾਂਢੀਆਂ ਦੇ ਘਰ |
| 4. | ਤੁਹਾਡਾ ਨਾਂ ਕੀ ਹੈ ? | |

| **ਪ੍ਰਸ਼ਨ ਲੜੀ** | **ਵਧੀਆਂ ਸਵਾਲਾਂ ਦੀ ਤਰਤੀਬ** | **ਜਵਾਬ** |
|---|---|---|
| **ਭਾਗ ਪਹਿਲਾ** | **ਸਵਾਲ (ਮੁੱਢਲੀ ਜਾਣਕਾਰੀ)** | |
| 1. | ਤੁਹਾਡਾ ਨਾਂ ਕੀ ਹੈ ? | |
| 2. | ਤੁਹਾਡੀ ਜਾਤ ਕੀ ਹੈ ? | |
| 3. | ਤੁਹਾਡਾ ਕਿੱਤਾ ਕੀ ਹੈ ? | |
| 4. | ਤੁਹਾਡਾ ਧਰਮ ਕੀ ਹੈ ? | |

**ਭਾਗ ਦੂਜਾ**

| | |
|---|---|
| 1. ਵਾਤਾਵਰਣ ਤੋਂ ਤੁਹਾਡਾ ਕੀ ਭਾਵ ਹੈ ? | ਆਲਾ ਦੁਆਰਾ ਸਾਰੀ ਪ੍ਰਕ੍ਰਿਤੀ ਹਵਾ, ਪਾਣੀ ਜਾਂ ਹੋਰ |
| 2. ਵਾਤਾਵਰਣ ਦੀ ਸੰਭਾਲ ਤੋਂ ਕੀ ਭਾਵ ਹੈ ? | ਆਲੇ ਦੁਆਲੇ ਨੂੰ ਸਾਫ ਰੱਖਣਾ/ਸਾਰੀ ਪ੍ਰਕ੍ਰਿਤੀ ਨੂੰ ਸਾਫ ਰੱਖਣਾ/ਹਵਾ ਜਾਂ ਪਾਣੀ ਨੂੰ ਸਾਫ ਰੱਖਣਾ |
| 3. ਵਾਤਾਵਰਣ ਨੂੰ ਗੰਧਲੇ ਕਰਨ ਵਾਲੇ ਕਿਹੜੇ ਤੱਤ ਹਨ ? | ਐਂਗਰੀਕਲਚਰ ਮਸ਼ੀਨਰੀ/ਫੈਕਟਰੀਆਂ/ਟਰਾਂਸਪੋਰਟ/ ਕੀੜੇ ਮਾਰ ਦਵਾਈਆਂ ਤੇ ਖਾਦਾਂ/ਸਾਰਾ ਕੁਝ |

ਉਪਰ ਦਿੱਤੀਆਂ ਦੋਹਾਂ ਉਦਾਹਰਣਾਂ ਤੋਂ ਸਵਾਲਾਂ ਦੀ ਤਰਤੀਬ ਨੂੰ ਸਮਝਿਆ ਜਾ ਸਕਦਾ ਹੈ।

### 6.2.5 ਰੋਚਕ

ਪ੍ਰਸ਼ਨਾਵਲੀ ਦੀ ਬਣਤਰ ਅਜਿਹੀ ਹੋਵੇ ਕਿ ਦੋਹਾਂ ਖੋਜੀ ਅਤੇ ਉੱਤਰਦਾਤਿਆਂ ਵਿਚ ਰੋਚਕਤਾ ਬਣਾਏ ਰੱਖੇ ਅਤੇ ਇਹਨਾਂ ਵਿਚ ਸੰਤੁਲਨ ਬਣਿਆ ਰਹੇ। ਰੋਚਕ ਬਣਾਉਣਾ, ਸਮੱਸਿਆ ਦੀ ਪ੍ਰਕ੍ਰਿਤੀ, ਪ੍ਰਸ਼ਨਾਵਲੀ ਦੀ ਦਿੱਖ, ਸੰਸਥਾ ਦੀ ਵਿਸ਼ੇਸਤਾ ਅਤੇ ਰੁਤਬਾ (ਜੋ ਖੋਜ ਕਰ ਰਹੀ ਹੈ) ਸਵਾਲਾਂ ਦੀ ਬਣਤਰ ਅਤੇ ਪ੍ਰਸ਼ਨਾਵਲੀ ਦੇ ਆਕਾਰ ਤੇ ਨਿਰਭਰ ਕਰਦਾ ਹੈ।

### 6.2.6 ਕੁਝ ਹੋਰ ਸਾਵਧਾਨੀਆਂ

(i) ਖੋਜੀ ਨੂੰ ਉਹ ਸਵਾਲ ਹੀ ਪ੍ਰਸ਼ਨਾਵਲੀ ਵਿਚ ਰੱਖਣੇ ਚਾਹੀਦੇ ਹਨ। ਜਿਨ੍ਹਾਂ ਦਾ ਸੰਬੰਧ ਸਮੱਸਿਆ ਨਾਲ ਹੋਵੇ ਜਾਂ ਨਿਰਧਾਰਿਤ ਵਿਧੀ ਹੇਠ ਆਉਂਦੇ ਹੋਣ।

(ii) ਜਿਸ ਸਵਾਲ ਦਾ ਜਵਾਬ ਆਸਾਨੀ ਨਾਲ ਦੂਸਰੇ ਲੋਕਾਂ ਕੋਲੋਂ ਵੀ ਮਿਲ ਜਾਵੇ ਅਜਿਹੇ ਸਵਾਲ ਛੱਡ ਦੇਣੇ ਚਾਹੀਦੇ ਹਨ।

(ii) ਸਵਾਲਾਂ ਦੀ ਚੋਣ ਸਾਰਣੀਕਰਣ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੀ ਜਾਣੀ ਚਾਹੀਦੀ ਹੈ।

(iv) ਸਾਰਣੀ ਜਾਂ ਪ੍ਰਸ਼ਨਾਵਲੀ ਬਣਾਉਂਦੇ ਸਮੇਂ ਹੋਰ ਅਧਿਐਨ ਕੰਮ, ਖੋਜ ਕੰਮ ਜਾਂ ਸਰਵੇ ਆਦਿ ਨੂੰ ਮਨ ਵਿਚ ਰੱਖ ਲਿਆ ਜਾਵੇ।

(v) ਵਿਅਕਤੀਗਤ ਸਵਾਲ ਪੁੱਛਦੇ ਸਮੇਂ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ, ਤਾਂ ਜੋ ਉੱਤਰਦਾਤਾ

ਨੂੰ ਬੇਚੈਨ ਨਾ ਕਰਨ।

(vi) ਸਵਾਲਾਂ ਦਾ ਮਿਆਰ ਬ੍ਰਹਿਮੰਡ ਵਿਚ ਵਸੇ ਲੋਕਾਂ ਦੀ ਵਿੱਦਿਆ ਅਤੇ ਆਮਦਨ ਨੂੰ ਦੇਖਦੇ ਹੋਏ ਤਹਿ ਕੀਤਾ ਜਾਵੇ। ਅਜਿਹੇ ਸਵਾਲ ਹੀ ਪੁੱਛੇ ਜਾਣ ਜਿਨ੍ਹਾਂ ਦਾ ਜਵਾਬ ਉੱਤਰਦਾਤੇ ਦੇ ਸਕਣ।

(vii) ਜਿਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਗਿਆਂ ਉੱਤਰਦਾਤਿਆਂ ਨੂੰ ਬਹੁਤ ਦਿਮਾਗੀ ਕਸ਼ਟ ਸਹੇੜਨਾ ਪਵੇ। ਅਜਿਹੇ ਸਵਾਲਾਂ ਨੂੰ ਕੱਢ ਦੇਣਾ ਚਾਹੀਦਾ ਹੈ।

ਪ੍ਰਸ਼ਨਾਵਲੀ ਦੇ ਤਿਆਰ ਹੋ ਜਾਣ ਤੋਂ ਬਾਅਦ ਉੱਤਰਦਾਤਿਆਂ ਨੂੰ ਭੇਜਣ ਤੋਂ ਪਹਿਲਾਂ ਇਸ ਨੂੰ ਫੀਲਡ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ। ਪ੍ਰਸ਼ਨਾਵਲੀ ਵਿਚਲੇ ਹਰ ਸਵਾਲ ਅਤੇ ਹਰ ਗੱਲ ਨੂੰ ਟੈਸਟ ਕਰਨਾ ਚਾਹੀਦਾ ਹੈ। ਜਿਨ੍ਹਾਂ ਉੱਤਰਦਾਤਿਆਂ ਵਿਚ ਪ੍ਰਸ਼ਨਾਵਲੀ ਟੈਸਟ ਕੀਤੀ ਜਾਣੀ ਹੈ ਉਸ ਦਾ ਸੈਂਪਲ ਉਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ ਜਿਵੇਂ ਕਿ ਉਹਨਾਂ ਉੱਤਰਦਾਤਿਆਂ ਦਾ ਜਿਨ੍ਹਾਂ ਨੂੰ ਸੈਂਪਲ ਰਾਹੀ ਆਪਣੀ ਸਮੱਸਿਆ ਲਈ ਚੁਣਿਆ ਗਿਆ ਹੈ। ਜੇ ਟੈਸਟ ਕਰਨ ਵਾਸਤੇ ਭੇਜੀ ਪ੍ਰਸ਼ਨਾਵਲੀ ਖਾਲੀ ਮੋੜ ਦਿੱਤੀ ਜਾਂਦੀ ਹੈ ਜਾਂ ਬਹੁਤੇ ਸਵਾਲਾਂ ਦੇ ਜਵਾਬਾਂ ਵਿਚ ਪਤਾ ਨਹੀਂ ਲਿਖਿਆ ਹੁੰਦਾ ਹੈ ਜਾਂ ਬਹੁਤੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਜਾਂਦੇ ਤਾਂ ਅਜਿਹੀ ਸੂਰਤ ਵਿਚ ਦੁਬਾਰਾ ਪ੍ਰਸ਼ਨਾਵਲੀ ਨੂੰ ਵਿਚਾਰਨਾ ਚਾਹੀਦਾ ਹੈ ਕਿ ਨੁਕਸ ਕਿੱਥੇ ਹੈ ਖਾਸ ਕਰ ਉਹਨ੍ਹਾਂ ਸਵਾਲਾਂ ਨੂੰ ਜਿਨ੍ਹਾਂ ਦਾ ਜਵਾਬ ਸਹੀ ਨਹੀਂ ਦਿੱਤਾ ਗਿਆ। ਉਸ ਵਿਚ ਲੋੜੀਂਦੀ ਸੋਧ ਕਰਕੇ ਦੋਬਾਰਾ ਟੈਸਟ ਕਰਨ ਲਈ ਭੇਜਣਾ ਚਾਹੀਦਾ ਹੈ। ਟੈਸਟਿੰਗ ਦੋ ਜਾਂ ਤਿੰਨ ਵਾਰ ਕਰ ਲੈਣੀ ਚਾਹੀਦੀ ਹੈ। ਉਸ ਤੋਂ ਬਾਅਦ ਆਖਰੀ ਛੂਹ ਦੇ ਕੇ ਪ੍ਰਸ਼ਨਾਵਲੀ ਫੀਲਡ ਵਿਚ ਉੱਤਰਦਾਤਿਆਂ ਨੂੰ ਭੇਜ ਦੇਣੀ ਚਾਹੀਦੀ ਹੈ।

**ਆਪਣਾ ਗਿਆਨ ਪਰਖੋ**

(ੳ) ਪ੍ਰਸ਼ਨਾਵਲੀ ਕੀ ਹੁੰਦੀ ਹੈ?

.........................................................................................................

.........................................................................................................

.........................................................................................................

(ਅ) ਪ੍ਰਸ਼ਨਾਵਲੀ ਦਾ ਆਕਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ?

.........................................................................................................

.........................................................................................................

.........................................................................................................

(ੲ) ਪੀ.ਬੀ. ਯੰਗ ਨੇ ਪ੍ਰਸ਼ਨਾਵਲੀ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਹੈ?

.........................................................................................................

.........................................................................................................

.........................................................................................................

## 6.3 ਇੰਟਰਵਿਊ ਸਾਰਣੀ ਦੀ ਬਣਤਰ

ਬ੍ਰਹਿਮੰਡ ਵਿਚੋਂ ਲਏ ਗਏ ਸੈਂਪਲ ਵਿਚੋਂ ਵਾਜਬ ਤੱਥਾਂ ਨੂੰ ਇੱਕਠਾ ਕਰਨ ਦੀ ਜ਼ਿੰਮੇਵਾਰੀ ਫੀਲਡ ਵਰਕਰ ਦੀ ਵੀ ਹੈ, ਜੋ ਉਸ ਦੀ ਕਾਰਜ ਕੁਸ਼ਲਤਾ ਤੇ ਨਿਰਭਰ ਕਰਦਾ ਹੈ। ਦੂਜੇ ਪਾਸੇ ਇਕ ਚੰਗੀ ਇੰਟਰਵਿਊ ਸੂਚੀ ਤੇ ਵੀ ਨਿਰਭਰ ਕਰਦਾ ਹੈ ਜੇ ਉਸਦੀ ਬਣਤਰ ਹੀ ਸਮੱਸਿਆ ਦੇ ਅਨੁਕੂਲ ਜਾਂ ਯੂਨੀਵਰਸ ਦੇ ਅਨੁਕੂਲ ਨਹੀਂ ਹੋਵੇਗੀ ਤਾਂ ਵਾਜਬ ਸਮੱਗਰੀ ਇੱਕਠੀ ਕਰਨਾ ਅਸੰਭਵ ਹੋਵੇਗਾ। **ਪੀ.ਵੀ. ਯੰਗ** ਅਨੁਸਾਰ ਇਕ ਚੰਗੀ ਇੰਟਰਵਿਊ ਸੂਚੀ ਦੀਆਂ ਦੋ ਮੁੱਖ ਸ਼ਰਤਾ ਹੁੰਦੀਆਂ ਹਨ : 1. ਸਵਾਲਾਂ ਵਿਚ ਪੁੱਛੀ ਜਾਣ ਵਾਲੀ ਗੱਲ ਉੱਤਰਦਾਤੇ ਨੂੰ ਸਹੀ ਤੇ ਸਪਸ਼ਟ ਰੂਪ ਵਿਚ ਸਮਝ ਆ ਜਾਵੇ ਤਾਂ ਕਿ ਉੱਤਰਦਾਤਾ ਉਹਨਾਂ ਦਿੱਤੇ ਹੋਏ ਸਵਾਲਾਂ ਦੇ ਕੋਈ ਹੋਰ ਮਤੱਲਬ ਨਾ ਕੱਢਦਾ ਫਿਰੇ, 2. ਦੂਜੀ ਗੱਲ ਜੋ ਗੱਲ ਖੋਜਾਰਥੀ ਵਲੋਂ ਉੱਤਰਦਾਤਿਆਂ ਤੋਂ ਪੁੱਛੀ ਜਾ ਰਹੀ ਹੈ ਉਸ ਦਾ ਸਹੀ ਜਵਾਬ, ਚੰਗੀ ਸੂਚੀ ਭਾਵ ਚੰਗੇ ਚੁਣੇ ਹੋਏ

ਪ੍ਰਸ਼ਨ ਉੱਤਰਦਾਤੇ ਤੋਂ ਕਢਵਾ ਸਕਣ। ਅਜਿਹਾ ਜਵਾਬ ਲੈਣ ਲਈ ਜਰੂਰੀ ਹੈ ਕਿ ਸੂਚੀ ਦਾ ਆਕਾਰ ਤੇ ਬਣਤਰ ਦਿਲ ਖਿਚਵੀ ਹੋਵੇ। ਸੂਚੀ ਵਿਚ ਦਰਜ ਸਵਾਲ ਸੌਖੇ, ਸਰਲ ਤੇ ਸਪਸ਼ਟ ਹੋਣ ਜਿਨ੍ਹਾਂ ਵਿਚ ਕੋਈ ਵਲ ਛੱਲ ਨਾ ਹੋਵੇ ਜਾਂ ਜਟਿਲ ਜਾਂ ਗੁੰਝਲਦਾਰ ਨਹੀਂ ਹੋਣਾ ਚਾਹੀਦੇ। ਜੇ ਅਜਿਹਾ ਹੋਵੇਗਾ ਤਾਂ ਉੱਤਰਦਾਤੇ ਤੋਂ ਮਿਲਣ ਵਾਲੇ ਜਵਾਬ ਪ੍ਰਸ਼ਨਾ ਦੇ ਮੁਤਾਬਿਕ ਨਹੀਂ ਮਿਲਣਗੇ। ਸਵਾਲਾਂ ਦੀ ਤਰਤੀਬ ਵੀ ਉਹਨਾਂ ਦੀ ਪ੍ਰਕ੍ਰਿਤੀ ਅਤੇ ਕ੍ਰਮ ਅਨੁਸਾਰ ਹੋਣੀ ਚਾਹੀਦੀ ਹੈ। ਚੰਗੀ ਸੂਚੀ ਦੁਆਰਾ ਇੱਕਠੇ ਕੀਤੇ ਤੱਥ ਅੱਗੇ ਜਾ ਕੇ ਸਾਧਾਰਨੀਕਰਨ, ਵਰਗੀਕਰਨ ਅਤੇ ਸਾਰਨੀਕਰਨ ਵਿਚ ਸਹਾਈ ਹੁੰਦੇ ਹਨ ਜੋ ਅੱਗੇ ਜਾ ਕੇ ਸਿਧਾਂਤ ਦਾ ਰੂਪ ਲੈਂਦੇ ਹਨ ਅਤੇ ਅਗਲੇ ਵਿਗਿਆਨੀਆਂ ਲਈ ਪਰਿ-ਕਲਪਨਾਵਾਂ ਦੇ ਨਿਰਮਾਣ ਦਾ ਆਧਾਰ ਬਣਦੇ ਹਨ।

ਇਕ ਚੰਗੀ ਤੇ ਸੁੱਚਜੀ ਸੂਚੀ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਸਮੱਸਿਆ ਨੂੰ ਵੱਖ ਵੱਖ ਖੰਡਾਂ ਵਿਚ ਵੰਡ ਲਿਆ ਜਾਵੇ। ਖੰਡਾਂ ਦੀ ਵੰਡ ਅਜਿਹੀ ਹੋਵੇ ਕਿ ਹਰ ਇਕ ਭਾਗ ਦਾ ਦੂਜੇ ਭਾਗ ਨਾਲ ਕੋਈ ਸਬੰਧ ਸਥਾਪਤ ਹੁੰਦਾ ਹੋਵੇ। ਉਹਨਾਂ ਖੰਡਾਂ ਮੁਤਾਬਕ ਹੀ ਸਵਾਲਾਂ ਦਾ ਨਿਰਮਾਣ ਕੀਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇ ਖੋਜਾਰਥੀ ਊਰਜਾ ਉੱਪਰ ਖੋਜ ਕਰਨਾ ਚਾਹੁੰਦਾ ਹੈ ਤਾਂ ਉਹ ਅਜਿਹੇ ਖੰਡ ਬਣਾਏਗਾ।

**ਪੇਂਡੂ ਊਰਜਾ ਸਾਧਨਾਂ ਵਿਚ ਤਬਦੀਲੀ**

**ਭਾਗ ਪਹਿਲਾ**

1. ਖੇਤੀ ਊਰਜਾ (ਆਧੁਨਿਕ ਊਰਜਾ ਸੋਮੇ)

(ੳ) ਖੇਤੀਬਾੜੀ ਮਸ਼ੀਨਰੀ

(ਅ) ਰਸਾਇਣਿਕ ਖਾਦਾਂ ਤੇ ਕੀੜੇਮਾਰ ਦਵਾਈਆਂ

(ੲ) ਪਾਣੀ ਊਰਜਾ

(ਸ) ਮਨੁੱਖੀ ਸ਼ਕਤੀ

(ਹ) ਹੋਰ ਪੱਖ

2. ਰਵਾਇਤੀ ਊਰਜਾ ਸੋਮੇ

(ੳ) ਖੇਤੀਬਾੜੀ ਦੇ ਰਵਾਇਤੀ ਸੰਦ

(ਅ) ਗੋਹਾ ਖਾਦ

(ੲ) ਪਾਣੀ ਊਰਜਾ

(ਸ) ਮਨੁੱਖ ਸ਼ਕਤੀ

(ਹ) ਹੋਰ ਪੱਖ

**ਭਾਗ ਦੂਜਾ**

2. ਘਰੇਲੂ ਊਰਜਾ ਸੋਮੇ (ਆਧੁਨਿਕ)

(ੳ) ਗੋਬਰ ਗੈਸ, ਹੀਟਰ, ਐਲ. ਪੀ.ਜੀ. ਗੈਸ, ਸਟੋਵ, ਸੋਲਰ ਕੁੱਕਰ ਆਦਿ।

(ਅ) ਪੱਖੇ, ਕੂਲਰ, ਹੀਟਰ

(ੲ) ਨਵੀਂ ਕਿਸਮ ਦੇ ਬਰਤਨ ਜੋ ਘੱਟ ਸਮਾਂ ਲੈਂਦੇ ਹਨ (ਕੁੱਕਰ ਆਦਿ)

(ਸ) ਮਨੁੱਖੀ ਸ਼ਕਤੀ

(ਹ) ਹੋਰ ਪੱਖ

ਘਰੇਲੂ ਊਰਜਾ ਸਰੋਤ (ਰਵਾਇਤੀ)

(ੳ) ਗੋਹਾ ਲਕੜੀ, ਫਸਲਾਂ ਦੀ ਰਹਿੰਦ ਖੂੰਹਦ

(ਅ) ਰਵਾਇਤੀ ਬਰਤਨ

(ੲ) ਮਨੁੱਖੀ ਸ਼ਕਤੀ

(ਸ) ਹੋਰ ਪੱਖ ਆਦਿ

ਉਪਰੋਕਤ ਢੰਗ ਨਾਲ ਅਸੀਂ ਸਮੱਸਿਆ ਦੀ ਵੰਡ ਕਰ ਸਕਦੇ ਹਾਂ।

ਅਸੀਂ ਜਿਵੇਂ ਉੱਪਰ ਤਾਲਿਕਾ ਵਿਚ ਹੀ ਵਿਖਾ ਦਿੱਤਾ ਗਿਆ ਹੈ ਕਿ ਮੁੱਖ ਭਾਗਾਂ ਨੂੰ ਅੱਗੇ ਹੋਰ ਛੋਟੇ ਭਾਗਾਂ ਵਿਚ ਵੰਡ ਦਿੱਤਾ ਜਾਂਦਾ ਹੈ ਤਾਂ ਕਿ ਸਮੱਸਿਆ ਦੀ ਤਹਿ ਤੱਕ ਪਹੁੰਚਿਆ ਜਾ ਸਕੇ। ਜਿਵੇਂ ਉਪਰ ਖੇਤੀ ਊਰਜਾ ਸਰੋਤ ਨੂੰ ਕਈ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ। ਇਸੇ ਤਰ੍ਹਾਂ ਘਰੇਲੂ ਊਰਜਾ ਸਰੋਤਾਂ ਨੂੰ ਕਈ ਭਾਗਾਂ ਵਿਚ ਵੰਡ ਦਿੱਤਾ ਗਿਆ। ਇਸ ਤੋਂ ਬਾਅਦ ਅਸੀਂ ਸਵਾਲ ਤਿਆਰ ਕਰਦੇ ਹਾਂ। ਸਵਾਲਾਂ ਦੀ ਤਿਆਰੀ ਖੰਡਾਂ ਤੇ ਉਪ-ਖੰਡਾਂ ਅਨੁਸਾਰ ਹੀ ਕੀਤੀ ਜਾਂਦੀ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਸਾਰੀ ਸਮੱਗਰੀ ਇਹਨਾਂ ਸਵਾਲਾਂ ਰਾਹੀਂ ਇੱਕਠੀ ਕੀਤੀ ਜਾ ਸਕੇ ਸਵਾਲਾਂ ਦੀ ਬਣਤਰ ਅਜਿਹੀ ਹੋਵੇ ਕਿ ਜੋ ਗੱਲ ਪੁੱਛਣੀ ਚਾਹੀ ਹੈ, ਉਹ ਪੁੱਛੀ ਜਾਵੇ। ਜੇ ਪੂਰੀ ਸਮੱਗਰੀ ਸਿੱਧੇ ਸਵਾਲ ਪੁੱਛ ਕੇ ਨਾ ਮਿਲਦੀ ਹੋਵੇ ਤਾਂ ਅਸਿੱਧੇ ਤਰੀਕੇ ਨਾਲ ਵੀ ਸਵਾਲ ਪੁੱਛੇ ਜਾ ਸਕਦੇ ਹਨ। ਉਦਾਹਰਣ ਦੇ ਤੌਰ ਤੇ ਤੁਸੀਂ ਉੱਤਰਦਾਤੇ ਤੋਂ ਆਮਦਨ ਪੁੱਛਣਾ ਚਾਹੁੰਦੇ ਹੋ ਜੋ ਤੁਹਾਨੂੰ ਲੱਗਿਆ ਹੈ ਕਿ ਉਹ ਠੀਕ ਨਹੀਂ ਦਸ ਰਿਹਾ ਤਾਂ ਉਸਨੂੰ ਪੁੱਛ ਸਕਦੇ ਹੋ। ਸ੍ਰੀਮਾਨ ਜੀ ਤੁਹਾਡੀ ਕਣਕ ਕਿੰਨੀ ਹੋਈ ? ਤੁਹਾਡੀ ਜੀਰੀ ਕਿੰਨੀ ਹੋਈ ? ਤੁਸੀਂ ਹੋਰ ਕਿਹੜੀ ਕਿਹੜੀ ਫਸਲ ਬੀਜੀ ਸੀ ਉਹ ਕਿੰਨੀ ਹੋਈ ? ਝਾੜ ਚੰਗਾ ਸੀ ਜਾਂ ਮਾੜਾ ? ਆਦਿ।

ਇਸ ਤੋਂ ਬਾਅਦ ਅਗਲੀ ਗੱਲ ਆਉਂਦੀ ਹੈ ਕਿ ਸਵਾਲਾਂ ਨੂੰ ਕਿਵੇਂ ਤੇ ਕਿਹੜੀ ਜਗ੍ਹਾਂ ਰਖਿਆ ਜਾਵੇ ਤਾਂ ਕਿ ਹਰ ਸਵਾਲ ਦਾ ਇਕ ਦੂਜੇ ਨਾਲ ਸਬੰਧ ਬਣਦਾ ਰਹੇ ਜਿਵੇਂ ਅਜਿਹਾ ਮਹਿਸੂਸ ਹੋਵੇ ਕਿ ਪਹਿਲੇ ਸਵਾਲ ਵਿਚੋਂ ਹੀ ਦੂਜਾ ਸਵਾਲ ਜਨਮ ਲੈ ਰਿਹਾ ਹੈ।

ਅਖੀਰ ਵਿਚ ਅਸੀਂ ਤਿਆਰ ਹੋਈ ਸੂਚੀ ਨੂੰ ਆਪਣੇ ਲਏ ਗਏ ਅਨੁਪਾਤ ਸੈਂਪਲ ਅਨੁਸਾਰ ਟੈਸਟ ਕਰਦੇ ਹਾਂ। ਜੇ ਕੋਈ ਤਰੁੱਟੀ ਨਜ਼ਰ ਆਵੇ ਤਾਂ ਉਸ ਨੂੰ ਦੂਰ ਕੀਤਾ ਜਾਂਦਾ ਹੈ। ਫਿਰ ਸੂਚੀ ਨੂੰ ਆਖਰੀ ਰੂਪ ਦੇ ਦਿੱਤਾ ਜਾਂਦਾ ਹੈ। ਸਵਾਲਾਂ ਦੀ ਬਣਤਰ, ਤਰਤੀਬ ਦੇ ਨਾਲ ਨਾਲ ਇਹ ਵੀ ਮੱਹਤਵਪੂਰਨ ਹੁੰਦਾ ਹੈ ਕਿ ਸੂਚੀ ਦੀ ਦਿੱਖ ਬਹੁਤ ਅੱਛੀ ਲੱਗੇ। ਸੂਚੀ ਲਈ ਵਰਤਿਆ ਜਾਣ ਵਾਲਾ ਪੇਪਰ ਪਤਲਾ ਅਤੇ ਖੁਰਦਰਾ ਨਾ ਹੋਵੇ। ਜਿਸ ਤੇ ਠੀਕ ਲਿਖਿਆ ਜਾ ਸਕੇ। ਸਿਆਹੀ ਨਾ ਫੈਲੇ ਤੇ ਜਿਸਨੂੰ ਲੰਬੇ ਸਮੇਂ ਵਾਸਤੇ ਸੰਭਾਲ ਕੇ ਰੱਖਿਆ ਜਾ ਸਕੇ। ਪ੍ਰਸ਼ਨਾਵਲੀ ਵਾਸਤੇ ਵੀ ਅਜਿਹੇ ਹੀ ਪੇਪਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਵੈਸੇ ਤਾਂ ਇੰਟਰਵਿਊ ਸੂਚੀ ਅਤੇ ਪ੍ਰਸ਼ਨਾਵਲੀ ਦਾ ਆਕਾਰ ਸਮੱਸਿਆ ਅਤੇ ਸਮੱਸਿਆ ਨਾਲ ਸਬੰਧਤ ਸਵਾਲਾਂ ਉਪਰ ਨਿਰਭਰ ਕਰਦਾ ਹੈ। ਪਰ ਅੱਛਾ ਇਹ ਵੀ ਹੁੰਦਾ ਹੈ ਕਿ ਇਸ ਦਾ ਆਕਾਰ ਛੋਟਾ ਰਖਿਆ ਜਾਵੇ ਤਾਂ ਕਿ ਇਸ ਨੂੰ ਭਰਨ ਅਤੇ ਚੁੱਕਣ ਵਿਚ ਆਸਾਨੀ ਰਹੇ। ਵੱਡੇ ਆਕਾਰ ਦੀ ਸੂਚੀ ਜਾਂ ਪ੍ਰਸ਼ਨਾਵਲੀ ਤੋਂ ਉੱਤਰਦਾਤੇ ਵੀ ਤੇ ਫੀਲਡ ਵਰਕਰ ਵੀ ਉਕਤਾ ਜਾਣਗੇ। ਔਸਤਨ ਆਕਾਰ 8½”x11” ਨੂੰ ਹੀ ਠੀਕ ਮੰਨਿਆ ਜਾਂਦਾ ਹੈ।

ਇੰਟਰਵੀਊ ਸੂਚੀ ਜਾਂ ਪ੍ਰਸ਼ਨਾਵਲੀ ਦੋਵੇਂ ਪਾਸੇ ਠੀਕ ਹਾਸ਼ੀਆ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਸਵਾਲ ਪੁੱਛਦੇ ਹੋਏ ਜੇ ਕੋਈ ਨੋਟ ਜਾਂ ਵੇਰਵੇ ਸਹਿਤ ਜਵਾਬ ਲਿਖਣਾ ਪਵੇ ਤਾਂ ਲਿਖਿਆ ਜਾ ਸਕੇ। ਇਸ ਤੋਂ ਇਲਾਵਾ ਲਾਈਨ ਤੋਂ ਲਾਈਨ ਦਾ ਫਾਸਲਾ ਅਤੇ ਅੱਖਰ ਤੋਂ ਅੱਖਰ ਦਾ ਫਾਸਲਾ ਠੀਕ ਹੋਣਾ ਚਾਹੀਦਾ ਹੈ ਤਾਂ ਕਿ ਅੱਖਰ ਇਕ ਦੂਜੇ ਵਿਚ ਫਸੇ ਨਾ ਹੋਣ ਤਾਂ ਕਿ ਸਮਝ ਹੀ ਕੁਝ ਨਾ ਪਵੇ ਹਰ ਨਵੇਂ ਖੰਡ ਵਿਚ ਵੀ ਕਾਫੀ ਫਾਸਲਾ ਹੋਣਾ ਚਾਹੀਦਾ ਹੈ। ਜਦੋਂ ਸੂਚੀ ਜਾਂ ਪ੍ਰਸ਼ਨਾਵਲੀ ਨੂੰ ਪ੍ਰਿੰਟ ਕੀਤਾ ਜਾਵੇ ਤਾਂ ਸਿਰਲੇਖ ਤੇ ਸਬ-ਸਿਰਲੇਖ ਮੋਟੇ ਅੱਖਰਾਂ ਵਿਚ ਪ੍ਰਿੰਟ ਕੀਤੇ ਜਾਣ ਜੇਕਰ ਉੱਤਰਦਾਤਿਆਂ ਨੂੰ ਚੰਗੀ ਤਰ੍ਹਾਂ ਗੱਲ ਸਮਝਾਉਣ ਦੀ ਜ਼ਰੂਰਤ ਹੋਵੇ ਤਾਂ ਤਸਵੀਰਾਂ ਵੀ ਬਣਾਈਆਂ ਜਾ ਸਕਦੀਆਂ ਹਨ।

ਇੰਟਰਵੀਊ ਸੂਚੀ ਜਾਂ ਪ੍ਰਸ਼ਨਾਵਲੀ ਦੀ ਬਣਤਰ ਅਜਿਹੀ ਹੋਵੇ ਜਿਸ ਦੇ ਪਹਿਲੇ ਭਾਗ ਵਿਚ ਮੁੱਢਲੀ ਜਾਣਕਾਰੀ ਦਿੱਤੀ ਜਾਵੇ ਕਿ ਇਸ ਸੂਚੀ ਭਰਨ ਜਾਂ ਪ੍ਰਸ਼ਨਾਵਲੀ ਭਰਨ ਦਾ ਕੀ ਉਦੇਸ਼ ਹੈ। ਸਮੱਸਿਆ ਅਤੇ ਉਸ ਦਾ ਸਿਰਲੇਖ। ਇਹ ਕਿਸ ਸੰਸਥਾ ਜਾਂ ਵਿਅਕਤੀ ਵਲੋਂ ਭਰੀ ਜਾ ਰਹੀ ਹੈ। ਇਸ ਤੋਂ ਇਲਾਵਾ ਉੱਤਰਦਾਤੇ ਦਾ ਨਾਂ, ਜਾਤ, ਕਿੱਤਾ ਧਰਮ ਆਮਦਨ ਆਦਿ ਪੁੱਛੀ ਜਾ ਸਕਦੀ ਹੈ।

ਸੂਚੀ ਜਾਂ ਪ੍ਰਸ਼ਨਾਵਲੀ ਦੇ ਪਿਛਲੇ ਭਾਗ ਵਿਚ ਸਮੱਸਿਆ ਸਬੰਧਤ ਸਵਾਲ ਪੁੱਛੇ ਜਾਂਦੇ ਹਨ, ਜੋ ਸੂਚੀ ਦਾ ਮੁੱਖ ਭਾਗ ਹੁੰਦਾ ਹੈ। ਇਹ ਬਹੁਤ ਹੀ ਮਹੱਤਵਪੂਰਣ ਭਾਗ ਹੁੰਦਾ ਹੈ ਜੋ ਕਿ ਬਹੁਤ ਹੀ ਧਿਆਨ ਨਾਲ ਭਰਨਾ

ਚਾਹੀਦਾ ਹੈ। ਖੋਜੀ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਗੱਲ ਪੁੱਛਣੋਂ ਰਹਿ ਨਾ ਗਈ ਹੋਵੇ ਜਾਂ ਇਕ ਗੱਲ ਬਾਰ ਬਾਰ ਨਾ ਪੁੱਛੀ ਗਈ ਹੋਵੇ ਜਾਂ ਹਰ ਪੁੱਛਿਆ ਸਵਾਲ ਸਰਲ ਤੇ ਸਪੱਸ਼ਟ ਹੋਵੇ।

ਸੂਚੀ/ਪ੍ਰਸ਼ਨਾਵਲੀ ਦੇ ਅਖੀਰ ਤੇ ਤੀਜੇ ਭਾਗ ਵਿਚ ਇੰਟਰਵੀਊ ਲੈਣ ਵਾਲੇ ਲਈ ਹਦਾਇਤਾਂ ਹੁੰਦੀਆਂ ਹਨ ਕਿ ਉਸ ਨੇ ਇੰਟਰਵੀਊ ਕਿਵੇਂ ਲੈਣੀ ਹੈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਹੈ ਆਦਿ। ਜੋ ਕਿ ਉਸ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਸਮਝ ਲੈਣੀਆਂ ਚਾਹੀਦੀਆਂ ਹਨ।

ਇਹਨਾਂ ਗੱਲਾਂ ਤੋ ਇਲਾਵਾ ਲੰਮੇ ਸਵਾਲ, ਗੁੰਝਲਦਾਰ, ਵਿਅਕਤੀਗਤ ਸਵਾਲ, ਸ਼ੱਕ ਪੈਦਾ ਕਰਨ ਵਾਲੇ ਸਵਾਲ, ਜਿਨ੍ਹਾਂ ਸਵਾਲਾਂ ਦਾ ਜਵਾਬ ਸੰਭਵ ਨਾ ਹੋਵੇ ਆਦਿ ਅਜਿਹੇ ਸਵਾਲ ਨਹੀਂ ਪੁੱਛਣੇ ਚਾਹੀਦੇ।

## 6.4 ਸਾਰ

ਉਪਰੋਕਤ ਵਿਸ਼ਲੇਸ਼ਣ ਦੇ ਪਹਿਲੇ ਭਾਗ ਵਿਚ ਪ੍ਰਸ਼ਨਾਵਲੀ ਕੀ ਹੈ ? ਪ੍ਰਸ਼ਨਾਵਲੀ ਤੇ ਇੰਟਰਵੀਊ ਸੂਚੀ ਵਿਚ ਫਰਕ, ਪ੍ਰਸ਼ਨਾਵਲੀ ਦੀਆਂ ਕਿਸਮਾਂ ਅਤੇ ਚੰਗੀ ਪ੍ਰਸ਼ਨਾਵਲੀ ਦੀ ਬਣਤਰ ਅਤੇ ਗੁਣਾਂ ਨੂੰ ਵਿਚਰਿਆ ਗਿਆ ਹੈ। ਜਦੋਂ ਕਿ ਦੂਜਾ ਭਾਗ, ਵਿਚ ਇੰਟਰਵੀਊ ਸੂਚੀ ਦੀ ਬਣਤਰ ਨੂੰ ਬਹੁਤ ਵਿਸਥਾਰ ਰੂਪ ਵਿਚ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿਚ ਭਾਗਾਂ ਦੀ ਵੰਡ, ਸਵਾਲਾਂ ਦੀ ਬਣਤਰ ਸੂਚੀ ਦੀ ਦਿੱਖ, ਹਦਾਇਤਾਂ ਅਤੇ ਗਲਤੀਆਂ ਤੋਂ ਬਚਾਓ ਆਦਿ ਪੱਖਾਂ ਨੂੰ ਲਿਆ ਗਿਆ ਹੈ। ਜਿਸ ਤੋਂ ਅਸੀਂ ਇਹਨਾਂ ਦੋਹਾਂ ਖੋਜ ਵਿਧੀਆਂ ਬਾਰੇ ਜਾਣਕਾਰੀ ਹਾਸਿਲ ਕਰ ਸਕਦੇ ਹਾਂ।

## 6.5 ਅਭਿਆਸ ਲਈ ਪ੍ਰਸ਼ਨ

1. ਡੇਟਾ ਇਕੱਠਾ ਕਰਨ ਦੀਆਂ ਵਿਧੀਆਂ ਤੇ ਸੰਖੇਪ ਨੋਟ ਲਿਖੋ।
2. ਨਿਰੀਖਣ ਵਿਧੀ ਕੀ ਹੈ ? ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ ? ਇਸ ਦੀਆਂ ਲਾਭ ਤੇ ਹਾਨੀਆਂ ਦੀ ਵਿਆਖਿਆ ਕਰੋ।
3. ਇੰਟਰਵੀਊ ਕਿਸ ਨੂੰ ਆਖਦੇ ਹਨ ? ਇਸ ਦੀਆਂ ਕਿਸਮਾਂ ਨੂੰ ਖੋਲ੍ਹ ਕੇ ਬਿਆਨ ਕਰੋ।
4 ਪ੍ਰਸ਼ਨਾਵਲੀ ਕੀ ਹੈ ? ਇਸ ਦੀ ਬਣਤਰ ਕਿਹੋ ਜਿਹੀ ਹੋਣੀ ਚਾਹੀਦੀ ਹੈ ?
5. ਇੰਟਰਵੀਊ ਸਾਰਣੀ ਕਿਸਨੂੰ ਆਖਦੇ ਹਨ ? ਪ੍ਰਸ਼ਨਾਵਲੀ ਤੇ ਇੰਟਰਵੀਊ ਵਿਚ ਕੀ ਅੰਤਰ ਹੈ ? ਇੰਟਰਵਿਊ ਸਾਰਣੀ ਦੀ ਬਣਤਰ ਬਿਆਨ ਕਰੋ।

### ਸੰਖੇਪ ਸਵਾਲ

(ੳ) ਪ੍ਰਸ਼ਨਾਵਲੀ ਤੋਂ ਕੀ ਭਾਵ ਹੈ ?

(ਅ) ਇੰਟਰਵੀਊ ਸਾਰਣੀ ਕੀ ਹੁੰਦੀ ਹੈ ?

(ੲ) ਪ੍ਰਸ਼ਨਾਵਲੀ ਅਤੇ ਇੰਟਰਵੀਊ ਸਾਰਣੀ ਵਿਚ ਕੀ ਅੰਤਰ ਹੈ ?

(ਸ) ਪ੍ਰਸ਼ਨਾਵਲੀ ਵਿਚ ਸਪਸ਼ਟਤਾ ਤੋਂ ਕੀ ਭਾਵ ਹੈ ?

## 6.6 ਉਪਯੋਗੀ ਪੁਸਤਕਾਂ

1. Young, P.V. "Scientific Social Surveys and Research."
2. Good & Hatt "Method in Social Research."
3. Selltiz, C. (et al.) "Research Methods in Social Relations."
4. Jaspal Singh "Introduction to Research Methods."
5. Wilkinson, T.S. & Bhandarkar. P.L. "Methodoly and Techniques to Social Research."
6. Bajpai "Methods of Social Surveys."
7. Moser, C.A. and Kalton, G. "Survery Method in Social Investigation."